ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 21 | 29 May 2019 to 04 June 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਫਿਲਮ ਦਾਸਤਾਨ-ਏ-ਮੀਰੀ ਪੀਰੀ ਖਿਲਾਫ ਸਿੱਖਾਂ ’ਚ ਰੋਸ ਦੀ ਲਹਿਰ

- **ਗੁਰੂ ਬਿੰਬ ਦੀ ਨਾਟਕੀ ਪੇਸ਼ਕਾਰੀ ’ਤੇ ਛਿੜੀ ਬਹਿਸ**
- **ਅਕਾਲ ਤਖਤ ਦੀ ਪ੍ਰਵਾਨਗੀ ਤੋਂ ਬਿਨਾ ਹੀ ਫਿਲਮ ਦਾ ਪ੍ਰੋਮੋ ਜਾਰੀ**
- **ਫਿਲਮ ਸਿੱਖੀ ਦੇ ਪਰਚਾਰ ਲਈ ਬਣਾਈ ਗਈ ਹੈ : ਗੁਰਜੀਤ ਸਿੰਘ**




ਅੰਮ੍ਰਿਤਸਰ/ਬਿਊਰੋ ਨਿਊਜ਼ : ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਿਤ ਐਨੀਮੇਟਿਡ ਫ਼ਿਲਮ ‘ਦਾਸਤਾਨ-ਏ-ਮੀਰੀ ਪੀਰੀ’ ਵਿਵਾਦਾਂ ਵਿੱਚ ਘਿਰ ਗਈ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਬਾਰੇ ਸ਼ਿਕਾਇਤਾਂ ਦੇ ਆਧਾਰ ’ਤੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉੱਚ ਪੱਧਰੀ ਕਮੇਟੀ ਬਣਾ ਕੇ ਇਸ ਦੀ ਘੋਖ ਕੀਤੀ ਜਾਵੇ। ਉਨ੍ਹਾਂ ਫਿਲਮਸਾਜ਼ਾਂ ਨੂੰ ਕਮੇਟੀ ਦੀ ਰਿਪੋਰਟ ਆਉਣ ਤੱਕ ਫਿਲਮ ਰਿਲੀਜ਼ ਨਾ ਕਰਨ ਲਈ ਆਖਿਆ ਹੈ। ਇਹ ਐਨੀਮੇਟਿਡ ਫਿਲਮ 5 ਜੂਨ ਨੂੰ ਰਿਲੀਜ਼ ਕੀਤੀ ਜਾਣੀ ਹੈ। ਇਸ ਫਿਲਮ ਦਾ ਟਾਈਟਲ ਟ੍ਰੈਕ ਸੋਸ਼ਲ ਮੀਡੀਆ ’ਤੇ ਦਿਖਾਇਆ ਜਾ ਰਿਹਾ ਹੈ। ਸ਼ਿਕਾਇਤਾਂ ਵਿੱਚ ਇਲਜ਼ਾਮ ਲਾਇਆ ਗਿਆ ਹੈ ਕਿ ਫ਼ਿਲਮ ਦੇ ਨਿਰਮਾਤਾ ਵੱਲੋਂ ਐਨੀਮੇਟਿਡ ਫ਼ਿਲਮ ਵਿੱਚ 6ਵੇਂ ਗੁਰੂ ਨੂੰ ਦਿਖਾਇਆ ਹੈ, ਜੋ ਸਿੱਖ ਮਰਿਆਦਾ ਦੀ ਉਲੰਘਣਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਫਿਲਮਸਾਜ਼ਾਂ ਨੂੰ ਆਖਿਆ ਕਿ ਫਿਲਮ ਰਿਲੀਜ਼ ਕਰਨ ਤੋਂ ਪਹਿਲਾਂ ਇਸ ਦੀ ਮਨਜ਼ੂਰੀ ਲੈਣ। ਉਨ੍ਹਾਂ ਕਿਹਾ ਕਿ ਫਿਲਮ ਸਬੰਧੀ ਵੱਡੀ ਪੱਧਰ ’ਤੇ ਸ਼ਿਕਾਇਤਾਂ ਆਈਆਂ ਹਨ, ਜਿਸ ਦੇ ਆਧਾਰ ’ਤੇ ਫਿਲਮ ਦੇ ਨਿਰਮਾਤਾ ਨਿਰਦੇਸ਼ਕ ਨੂੰ ਫਿਲਹਾਲ ਫਿਲਮ ਰਿਲੀਜ਼ ਨਾ

ਬਾਕੀ ਸਫ਼ਾ 32 ’ਤੇ

## ਅਕਾਲ ਤਖ਼ਤ ਸਾਹਿਬ ਵੱਲੋਂ ਫਿਲਮ ਨੂੰ ਪ੍ਰਵਾਨਗੀ ਨਹੀਂ

ਸਿੱਖ ਸੰਗਤਾਂ ਵੱਲੋਂ ਸ਼ੁਰੂ ਹੋਏ ਵਿਰੋਧ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਗੁਰੂ ਸਾਹਿਬ ਨੂੰ ਕਾਰਟੂਨ ਬਣਾ ਕੇ ਪੇਸ਼ ਕਰ ਰਹੀ ਫਿਲਮ “ਦਾਸਤਾਨ-ਏ-ਮੀਰੀ ਪੀਰੀ” ਬਾਰੇ ਚੁੱਪੀ ਤੋੜੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਸੀ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਫਿਲਮ ਨੂੰ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ। ਇਸ ਦੇ ਨਾਲ ਹੀ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਸਬ-ਕਮੇਟੀ ਨੂੰ ਇਸ ਫਿਲਮ ਸਬੰਧੀ ਜਾਂਚ ਰਿਪੋਰਟ ਪੇਸ਼ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ‘ਤੇ ਕਾਰਵਾਈ ਕਰਦਿਆਂ ਸ਼੍ਰੋਮਣੀ

ਬਾਕੀ ਸਫ਼ਾ 32 ’ਤੇ

## ਗੁਰੂ ਬਿੰਬ ਦੀ ਨਾਟਕੀ ਪੇਸ਼ਕਾਰੀ ਬਰਦਾਸ਼ਤ ਨਹੀਂ

ਪਹਿਲਾਂ “ਚਾਰ ਸਾਹਿਬਜ਼ਾਦੇ”, “ਨਾਨਕ ਸ਼ਾਹ ਫ਼ਕੀਰ” ਅਤੇ ਹੁਣ ਆਹ “ਦਾਸਤਾਨ-ਏ-ਮੀਰੀ ਪੀਰੀ” ਪਰ ਕੰਮ ਇੱਥੇ ਨਹੀਂ ਰੁਕਣਾ ਜੇ ਨਾ ਨੱਥ ਪਾਈ। ਹੌਲੀ ਹੌਲੀ ਸਟੇਜਾਂ ਉੱਤੇ ਦਸਮੇਸ਼ ਪਾਤਸ਼ਾਹ ਦੀ ਨਕਲ ਕਰਕੇ ਸੰਨ 1699 ਦੇ ਦੀਵਾਨ ਦੀ ਨਾਟਕੀ ਪੇਸ਼ਕਾਰੀ ਕਰਦੇ ਹੋਏ ਝੂਠੇ ਸੌਦੇ ਵਾਲੇ ਲੁੱਚੇ ਬੰਦੇ ਨਾਇਕ ਹੋਣਗੇ ਜੋ ਕਿ ਸਾਡੇ ਸਾਹਮਣੇ ਵਾਪਰ ਵੀ ਚੁੱਕਾ ਹੈ। ਬੁੱਤ, ਤਸਵੀਰ, ਨਾਟਕ ਤੇ ਫਿਲਮ ਵਿਚ ਕੋਈ ਫਰਕ ਨਹੀਂ, ਫਿਲਮ ਚਲਦਾ ਫਿਰਦਾ ਬੁੱਤ ਹੀ ਹੁੰਦੀ ਹੈ। ਇਸ ਖਿੱਤੇ ਵਿਚ ਬੁੱਤਾਂ ਦਾ ਪ੍ਰਚਲਨ ਪਹਿਲਾਂ ਵੀ ਸੀ ਪਰ ਗੁਰੂ ਜੀ ਨੇ ਹਰੇਕ ਕਿਸਮ ਦੇ ਸਥੂਲ ਤੇ ਸੂਖਮ ਬੁੱਤਾਂ ਦਾ ਵਿਰੋਧ ਕੀਤਾ। ‘ਦਾਸਤਾਨ ਏ ਮੀਰੀ-ਪੀਰੀ’ ਸਮੇਤ ਸਾਰੀਆਂ ਹੀ ਐਨੀਮੇਸ਼ਨ ਫਿਲਮਾਂ ਦੀ ਪੇਸ਼ਕਾਰੀ ਸਿੱਖਾਂ ਲਈ ਰੂਹਾਨੀ ਖੁਦਕੁਸ਼ੀ ਸਾਬਿਤ ਹੋਵੇਗੀ ਤੇ ਬੱਚਿਆਂ ਅਤੇ

ਬਾਕੀ ਸਫ਼ਾ 32 ’ਤੇ

➢ ਅੰਦਰ ਪੜ੍ਹੋ


05

■ ਭਾਈਚਾਰਾ
ਗੁਜਰਾਤ ਵਿਚ ਗੁਰੂ ਨਾਨਕ ਦੇ ਬੁੱਤ ਲੱਗਣੇ ਸ਼ੁਰੂ


11

■ ਖ਼ਾਸ ਖ਼ਬਰ
ਪੰਜਾਬ ’ਚ ਬਾਦਲ ਜਿੱਤੇ ਪਰ ਅਕਾਲੀ ਦਲ ਹਾਰਿਆ

# ਦਲ ਖਾਲਸਾ ਵੱਲੋਂ 5 ਜੂਨ ਨੂੰ ਅੰਮ੍ਰਿਤਸਰ ਵਿਖੇ ਘੱਲੂਘਾਰਾ ਯਾਦਗਾਰੀ ਮਾਰਚ

**ਅੰਮ੍ਰਿਤਸਰ/ਏਟੀ ਨਿਊਜ਼ :** ਦਲ ਖਾਲਸਾ ਨੇ ਦਰਬਾਰ ਸਾਹਿਬ ਹਮਲੇ ਦੀ 35ਵੀਂ ਵਰ੍ਹੇਗੰਢ ਮੌਕੇ 5 ਜੂਨ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ‘ਘੱਲੂਘਾਰਾ ਯਾਦਗਾਰੀ ਮਾਰਚ’ ਕਰਨ ਦਾ ਐਲਾਨ ਕੀਤਾ ਹੈ। ਦਲ ਵੱਲੋਂ ਦਰਬਾਰ ਸਾਹਿਬ (ਅਮ੍ਰਿਤਸਰ) ਅਤੇ ਹੋਰ ਗੁਰਧਾਮਾਂ ਉੱਤੇ ਫੌਜੀ ਹਮਲੇ ਦੌਰਾਨ ਸ਼ਹੀਦ ਕੀਤੇ ਗਏ ਅਨੇਕਾਂ ਸਿੱਖ ਸ਼ਰਧਾਲੂਆਂ, ਅਕਾਲ ਤਖਤ ਸਾਹਿਬ ਦਾ ਢਹਿ-ਢੇਰੀ ਹੋਣਾ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਲੁੱਟੇ ਅਤੇ ਸਾੜੇ ਗਏ ਵਡਮੁੱਲੇ ਖਜ਼ਾਨੇ ਦੇ ਵਿਰੁੱਧ 6 ਜੂਨ ਨੂੰ ਅੰਮ੍ਰਿਤਸਰ ਬੰਦ ਦਾ ਸੱਦਾ ਵੀ ਦਿੱਤਾ ਹੈ। ਇਹ ਫੈਸਲੇ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਹੋਈ ਇਕੱਤਰਤਾ ਤੋਂ ਬਾਅਦ ਲਏ ਗਏ। ਦਲ ਖਾਲਸਾ ਦੇ ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ‘ਘੱਲੂਘਾਰਾ ਯਾਦਗਾਰੀ ਮਾਰਚ’ ਗੁਰਦੁਆਰਾ ਪਾਤਸ਼ਾਹੀ 6ਵੀਂ ਰਣਜੀਤ ਐਵੀਨਿਊ ਤੋਂ ਆਰੰਭ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਵਿੱਚੋਂ ਲੰਘਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਪਤ ਹੋਵੇਗਾ, ਜਿੱਥੇ ਗੁਰਧਾਮਾਂ ਦੀ ਪਵਿੱਤਰਤਾ ਲਈ ਜੂਝਦਿਆਂ ਸ਼ਹੀਦ ਹੋਣ ਵਾਲੇ ਸਿੰਘ-ਸਿੰਘਣੀਆਂ ਨਮਿੱਤ ਅਰਦਾਸ ਕੀਤੀ ਜਾਵੇਗੀ। ਦਲ ਖਾਲਸਾ ਨੇ ਹਮ-ਖਿਆਲੀ ਜਥੇਬੰਦੀਆਂ ਨੂੰ ਮਾਰਚ ਵਿਚ ਸ਼ਾਮਲ ਹੋਣ ਅਤੇ ਮਿਲ ਕੇ ਆਜ਼ਾਦੀ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ ਹੈ।

**6 ਜੂਨ ਨੂੰ ਅੰਮ੍ਰਿਤਸਰ ਬੰਦ ਦਾ ਸੱਦਾ**



ਭਾਈ ਹਰਚਰਨਜੀਤ ਸਿੰਘ ਧਾਮੀ ਅਤੇ ਭਾਈ ਹਰਪਾਲ ਸਿੰਘ ਚੀਮਾ

ਉਨ੍ਹਾਂ ਕਿਹਾ ਕਿ 35 ਵਰ੍ਹੇ ਬੀਤਣ ਤੋਂ ਬਾਅਦ ਵੀ ਭਾਰਤ ਵੱਲੋਂ ਕੀਤੇ ਗਏ ਫੌਜੀ ਹਮਲੇ ਦੀ ਪੀੜ ਸੱਜਰੀ ਅਤੇ ਜ਼ਖਮ ਹਰੇ ਹਨ। ਉਹਨਾਂ ਮੌਕੇ ਦੀ ਹਿੰਦ ਸਰਕਾਰ ਵੱਲੋਂ ਪੰਜਾਬ ਸਮੱਸਿਆ ਦਾ ਰਾਜਨੀਤਕ ਢੰਗ ਨਾਲ ਹੱਲ ਕਰਨ ਦੀ ਬਜਾਏ ਸਿੱਖ ਗੁਰਧਾਮਾਂ ਉਤੇ ਕੀਤੇ ਗਏ ਫ਼ੌਜੀ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਸਮੱਸਿਆ ਅੱਜ ਵੀ ਉਥੇ ਦੀ ਉਥੇ ਹੀ ਖੜ੍ਹੀ ਹੈ। ਉਹਨਾਂ 5 ਜੂਨ ਨੂੰ ਅੰਮ੍ਰਿਤਸਰ ਵਿਖੇ ਕੱਢੇ ਜਾ ਰਹੇ ਮਾਰਚ ਬਾਰੇ ਖੁਲਾਸਾ ਕਰਦਿਆਂ ਦੱਸਿਆ ਕਿ 35 ਵਰ੍ਹੇ ਬਾਅਦ ਵੀ ਸਿੱਖ ਨਾ ਤਾਂ ਫੌਜੀ ਹਮਲੇ ਨੂੰ ਭੁੱਲੇ ਹਨ ਅਤੇ ਨਾ ਹੀ ਦੋਸ਼ੀ ਹਮਲਾਵਰਾਂ ਨੂੰ

ਬਾਕੀ ਸਫ਼ਾ 32 ’ਤੇ

## ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲੇਟ ਸਾਹਮਣੇ 4 ਜੂਨ ਨੂੰ 1984 ਦੇ ਘੱਲੂਘਾਰੇ ਵਿਰੁੱਧ ਹੋਵੇਗਾ ਭਾਰੀ ਰੋਸ ਮੁਜ਼ਾਹਰਾ

**ਸੈਨ ਫਰਾਂਸਿਸਕੋ/ਬਲਵਿੰਦਰਪਾਲ ਸਿੰਘ ਖਾਲਸਾ :** ਸ੍ਰੀ ਦਰਬਾਰ ਸਾਹਿਬ ਵਿਚ ਭਾਰਤੀ ਹਕੂਮਤ ਦੁਆਰਾ ਕੀਤੀ ਗਈ ਕਹਿਰਾਂ ਭਰੀ ਸਿੱਖ ਨਸਲਕੁਸ਼ੀ ਜੂਨ-1984 ਦੇ ਘੱਲੂਘਾਰੇ ਦੀ ਦਿਲ ਚੀਰਵੀਂ ਯਾਦ ਵਿਚ ਭਾਰਤੀ ਹਕੂਮਤ ਦਾ ਸਿਆਪਾ ਕਰਨ ਤੇ ਖਾਲਸਾ ਰਾਜ-ਖਾਲਿਸਤਾਨ ਦੀ ਸਥਾਪਨਾ ਦੇ ਐਲਾਨ ਨੂੰ ਦੁਹਰਾਉਣ ਲਈ ਸੈਨ ਫਰਾਂਸਿਸਕੋ ਦੇ ਭਾਰਤੀ ਦੂਤਾਵਾਸ ਸਾਹਮਣੇ 4 ਜੂਨ, ਦਿਨ ਮੰਗਲਵਾਰ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤਕ ਭਾਰੀ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਹ ਵਿਰੋਧ ਪ੍ਰਦਰਸ਼ਨ ਕੈਲੀਫੋਰਨੀਆ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਹ ਮੁਜ਼ਾਹਰੇ ਪਿਛਲੇ 35 ਸਾਲਾਂ ਤੋਂ ਹੀ ਕੀਤੇ ਜਾ ਰਹੇ ਹਨ ਤਾਂ ਕਿ ਭਾਰਤੀ ਹਕੂਮਤ ਨੂੰ ਇਹ ਯਾਦ ਰਹੇ ਕਿ ਸਿੱਖ ਕੌਮ ਆਪਣੇ ਉਤੇ ਹੋਏ ਜ਼ੁਲਮਾਂ ਨੂੰ ਭੁੱਲਦੀ ਨਹੀਂ ਅਤੇ ਆਪਣੇ ਰਾਜ ਦੀ ਗੱਲ ਨੂੰ ਸਦਾ ਆਪਣੇ ਚੇਤਿਆਂ ਵਿਚ ਰੱਖਦੀ ਹੈ। ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਤੇ ਇਨਸਾਫ-ਪਸੰਦ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸੈਨ ਫਰਾਂਸਿਸਕੋ ਦੇ ਭਾਰਤੀ ਕੌਂਸਲੇਟ ਅੱਗੇ ਪਹੁੰਚ ਕੇ ਇਸ ਮੁਜ਼ਾਹਰੇ ਦੀ ਤਾਕਤ ਵਿਚ ਵਾਧਾ ਕਰਨ।












REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU



FREE ONE YEAR PROPERTY MANAGEMENT & SAVE $3000



FEW AREAS ARE GROWING RAPIDLY,
TRACY, LATHROP, MANTECA,
MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA,
MOUNTAIN HOUSE

Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653

VALLEY PACIFIC REALTY AND INVESTMENTS STOCKTON # 01722418



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



Travel for Less Inc.



SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد ETIHAD AIRWAYS
Lufthansa
QATAR AIRWAYS القطرية

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.




CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਪੰਜਾਬੀ ਕਲਚਰਲ ਸੈਂਟਰ ਯੂਐਸਏ ਵਲੋਂ ਸ਼ਹੀਦੀ ਕਵੀ ਦਰਬਾਰ 1 ਜੂਨ ਨੂੰ

**ਫਰਿਜ਼ਨੋ/ਏਟੀ ਨਿਊਜ਼ :** ਪੰਜਾਬੀ ਕਲਚਰਲ ਸੈਂਟਰ ਯੂਐਸਏ ਵਲੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਸ਼ਹੀਦੀ ਕਵੀ ਦਰਬਾਰ 1 ਜੂਨ 2019, ਸ਼ਨਿਚਰਵਾਰ ਨੂੰ, ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਪੰਜਾਬੀ ਰੇਡੀਓ ਯੂਐਸਏ ਦੇ ਸਟੂਡੀਓ ਕੰਪਲੈਕਸ ਸਥਿਤ ਪੰਜਾਬੀ ਕਲਚਰਲ ਸੈਂਟਰ ((Punjabi Cultural Center USA 2125 N Barton Ave, FRESNO, CA) ਦੇ ਮੁੱਖ ਹਾਲ ਵਿਖੇ ਕਰਵਾਇਆ ਜਾ ਰਿਹਾ ਹੈ। ਸ਼ਹੀਦੀ ਕਵੀ ਦਰਬਾਰ ਵਿੱਚ ਪਹੁੰਚ ਰਹੇ ਕਵੀਆਂ ਵਿੱਚ ਸੁਰਿੰਦਰ ਸੀਰਤ, ਕੁਲਵਿੰਦਰ, ਸੁਖਵਿੰਦਰ ਕੰਬੋਜ, ਜਗਜੀਤ ਨੌਸ਼ਹਰਿਵੀ, ਰੇਸ਼ਮ ਸਿੱਧੂ, ਹਰਭਜਨ ਢਿਲੋਂ, ਚਰਨਜੀਤ ਸਿੰਘ ਪੰਨੂ, ਸਤਨਾਮ ਸਿੰਘ ਖਾਲਸਾ, ਗਗਨਦੀਪ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਇੰਦਰਜੀਤ ਗਰੇਵਾਲ, ਦਿਲ ਨਿੱਜਰ, ਮੇਜਰ ਭੂਪਿੰਦਰ ਦਲੇਰ, ਅਜਮੇਰ ਗੋਗੀ ਸੰਧੂ, ਬੀਬੀ ਸੁਰਜੀਤ ਕੌਰ, ਮਨਰੀਤ ਗਰੇਵਾਲ ਸਿੱਧੂ, ਅਮਰੀਕ ਸਿੰਘ ਅਟਵਾਲ, ਗੁਰੂਮੇਲ ਸਿੱਧੂ, ਹਰਜਿੰਦਰ ਕੰਗ, ਅਸ਼ਰਫ਼ ਗਿੱਲ, ਸੰਤੋਖ ਮਿਨਹਾਸ, ਅਵਤਾਰ ਗੋਂਦਾਰਾ, ਪਿਸ਼ੌਰਾ ਸਿੰਘ ਢਿਲੋਂ, ਸਾਧੂ ਸਿੰਘ ਸੰਘਾ, ਸ਼ਿੰਦਰ ਸਿੰਘ ਮੀਰਪੁਰੀ, ਸੁਰਜੀਤ ਕੌਰ, ਸੁੱਖੀ ਧਾਲੀਵਾਲ, ਪਵਿੱਤਰ ਕੌਰ ਮਾਟੀ ਅਤੇ ਗੁਰਦੀਪ ਸਿੰਘ ਨਿੱਝਰ ਸ਼ਾਮਲ ਹਨ। ਲੋਕ ਗਾਇਕ ਰਾਜ ਬਰਾੜ ਗੁਰੂ ਜੀ ਦੀ ਸ਼ਹੀਦੀ ਨੂੰ ਸਮਰਪਤਿ ਗੀਤ ਪੇਸ਼ ਕਰਨਗੇ। ਸਭਨਾਂ ਨੂੰ ਸਮੇਂ ਸਿਰ ਪਹੁੰਚਣ ਦੀ ਬੇਨਤੀ ਹੈ। ਪੰਜਾਬੀ ਕਲਚਰਲ ਸੈਂਟਰ ਯੂਐੱਸਏ ਵਿਖੇ ਪੁੱਜਣ ਲਈ ਡਾਇਰੈਕਸ਼ਨਾਂ-( Directions : From West- On 168 Exit R-McKinley Ave R-Cedar, R- Clinton R- Barton

From East : On 168 R- Shields Ave L-Cedar, L- Clinton R-Barton) ਹੋਰ ਜਾਣਕਾਰੀ ਲਈ ਦਲਜੀਤ ਸਿੰਘ ਸਰਾਂ ਨੂੰ ਫੋਨ ਨੰ. (559) 403-9290 'ਤੇ ਕਾਲ ਕਰ ਸਕਦੇ ਹੋ।






# ਨਾਰੋਵਾਲ-ਬਾਠਾਂਵਾਲਾ ਵਿਚਲੀ ਪੁਰਾਣੀ ਹਵੇਲੀ ਢਹਿਣ ਬਾਰੇ ਭਾਰਤੀ ਪ੍ਰਾਪੇਗੰਡਾ ਝੂਠ ਦਾ ਪੁਲੰਦਾ : ਏਜੀਪੀਸੀ

**ਲਾਹੌਰ/ਏਟੀ ਨਿਊਜ਼ :** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਆਪਣੇ ਇਕ ਤਾਜ਼ਾ ਬਿਆਨ ਵਿਚ ਸਿੱਖ ਕੌਮ ਨੂੰ ਭਾਰਤੀ ਮੀਡੀਆ ਦੇ ਝੂਠ ਤੋਂ ਸਾਵਧਾਨ ਹੋਣ ਦੀ ਅਪੀਲ ਕੀਤੀ ਹੈ ਤੇ ਕਿਹਾ ਹੈ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸਾਬੋਤਾਜ ਕਰਨ ਲਈ ਭਾਰਤੀ ਮੀਡੀਆ ਕਿਸੇ ਵੀ ਹੱਦ ਤਕ ਝੂਠ ਬੋਲ ਕੇ ਸਿੱਖ ਕੌਮ ਦਾ ਧਿਆਨ ਲਾਂਭੇ ਕਰ ਸਕਦਾ ਹੈ, ਤਾਂ ਕਿ ਭੰਬਲਭੂਸਾ ਪੈਦਾ ਕੀਤਾ ਜਾ ਸਕੇ ਤੇ ਪਾਕਿਸਤਾਨ ਸਰਕਾਰ ਦੇ ਸਿੱਖ ਕੌਮ ਲਈ ਕੀਤੇ ਜਾਣ ਵਾਲੇ ਉਸਾਰੂ ਕਾਰਜਾਂ ਨੂੰ ਲੀਹੋਂ ਲਾਹ ਦਿੱਤਾ ਜਾਵੇ। ਨਾਰੋਵਾਲ ਵਿਚਲੀ ਖਬਰ ਦਾ ਹਵਾਲਾ ਦੇ ਕੇ ਭਾਰਤੀ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਜੋ ਝੂਠਾ ਰੌਲਾ ਪਾਇਆ ਜਾ ਰਿਹਾ ਹੈ, ਉਸ ਬਾਰੇ ਸਚਾਈ ਇਹ ਹੈ ਕਿ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ 'ਚ ਪਿੰਡ ਬਾਠਾਂਵਾਲਾ ਵਿਚ ਸਥਿਤ "ਗੁਰੂ ਨਾਨਕ ਮਹਿਲ" ਨਾਮੀਂ ਢਾਹੀ ਗਈ ਇਮਾਰਤ ਦਾ ਸਬੰਧ ਗੁਰੂ ਨਾਨਕ ਪਾਤਸ਼ਾਹ ਨਾਲ ਨਹੀਂ ਹੈ, ਬਲਕਿ ਇਹ ਹਵੇਲੀ ਸਿੱਖ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੇ ਰਿਸ਼ਤੇਦਾਰ ਲਈ ਬਣਾਈ ਗਈ ਸੀ, ਜਿਸ ਵਿਚ ਰਣਜੀਤ ਸਿੰਘ ਵੀ ਇੱਥੇ ਆ ਕੇ ਠਹਿਰਦੇ ਸਨ। ਇਸ ਗੱਲ ਦਾ ਦਾਅਵਾ ਇਰਫਾਨ ਸ਼ਾਹਿਦ ਨਾਮੀਂ ਲੇਖਕ ਅਤੇ ਕਵੀ ਨੇ ਕੀਤਾ ਹੈ। ਉਹਨਾਂ ਬੀਤੇ ਸਾਲ ਇਸ ਇਮਾਰਤ ਬਾਰੇ ਖੋਜ ਕਰਕੇ ਲਿਖਿਆ ਸੀ। ਉਹਨਾਂ ਇਸ ਗੱਲ ਨੂੰ ਰੱਦ ਕੀਤਾ ਹੈ ਕਿ ਇਹ ਇਮਾਰਤ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਪਾਤਸ਼ਾਹ ਨਾਲ ਸਬੰਧਿਤ ਹੈ।





ਸ਼ਾਹੂਦ ਨੇ ਕਿਹਾ ਕਿ ਜਿੱਥੇ ਵੀ ਸਿੱਖ ਰਹਿੰਦੇ ਹਨ, ਉੱਥੇ ਉਹ ਗੁਰੁਦਆਰਾ ਸਾਹਿਬ ਸਥਾਪਿਤ ਕਰਦੇ ਹਨ ਪਰ ਇਸ ਇਮਾਰਤ ਦਾ ਗੁਰੂ ਨਾਨਕ ਪਾਤਸ਼ਾਹ ਨਾਲ ਇਤਿਹਾਸ ਅਨੁਸਾਰ ਕੋਈ ਸਬੰਧ ਨਹੀਂ ਹੈ। ਉਹਨਾਂ ਕਿਹਾ ਕਿ ਇਹ ਇਮਾਰਤ ਰਣਜੀਤ ਸਿੰਘ ਦੇ ਰਾਜ ਵੇਲੇ ਬਹੁਤਾਤ ਵਿਚ ਵਰਤੀਆਂ ਜਾਂਦੀਆਂ ਨਾਨਕਸ਼ਾਹੀ ਇੱਟਾਂ ਨਾਲ ਬਣੀ ਹੈ।

ਪਾਕਿਸਤਾਨ ਵਿਚਲੀ ਸਿੱਖ ਵਿਰਾਸਤ ਨੂੰ ਦਸਤਾਵੇਜ਼ੀ ਰੂਪ ਵਿਚ ਸਾਂਭਣ ਵਾਲੇ ਸ਼ਾਹਿਦ ਸ਼ਬੀਰ ਨੇ ਕਿਹਾ ਕਿ ਕਿਸੇ ਵੀ ਇਤਿਹਾਸਕ ਸਾਖੀ ਵਿਚ ਇਸ ਗੱਲ ਦਾ ਜ਼ਿਕਰ ਨਹੀਂ ਮਿਲਦਾ ਕਿ ਗੁਰੂ ਸਾਹਿਬ ਇਸ ਅਸਥਾਨ 'ਤੇ ਰਹੇ ਸਨ। ਉਹਨਾਂ ਕਿਹਾ ਕਿ ਇਹ ਇਮਾਰਤ ਖਾਲਸਾ ਰਾਜ ਦੇ ਵੇਲੇ ਨਾਲ ਸਬੰਧਿਤ ਜ਼ਰੂਰ ਹੈ। ਬਾਠਾਂਵਾਲਾ ਪਿੰਡ ਦੇ ਨਾਲ ਲਗਦੇ ਪਿੰਦ ਬੱਦੋਵਾਲੀ ਵਿਚ ਇਕ ਧਾਰਮਿਕ ਸਥਾਨ ਦੀ ਦੇਖਰੇਖ ਕਰਨ ਵਾਲੇ ਅਮਰ ਕਾਜ਼ਮੀ ਨੇ ਕਿਹਾ ਕਿ ਇਸ ਇਲਾਕੇ ਵਿਚ ਅਜਿਹੀਆਂ ਹਵੇਲੀਆਂ ਆਮ ਹਨ ਜੋ ਵੰਡ ਤੋਂ ਪਹਿਲਾਂ ਅਮੀਰ ਹਿੰਦੂਆਂ ਅਤੇ ਸਿੱਖਾਂ ਦੀਆਂ ਰਿਹਾਇਸ਼ਾਂ ਸਨ। ਉਹਨਾਂ ਦੱਸਿਆ ਕਿ ਬਾਠਾਂਵਾਲਾ ਵਿਚ ਜ਼ਿਆਦਾ ਹਿੰਦੂ ਖੱਤਰੀ ਰਹਿੰਦੇ ਸਨ ਤੇ ਹੋ ਸਕਦਾ ਹੈ ਕਿ ਇਹ ਹਵੇਲੀ ਉਹਨਾਂ ਵਿੱਚੋਂ ਕਿਸੇ ਕੋਲ ਹੋਵੇ ਪਰ ਇਹ ਕੋਈ ਧਾਰਮਿਕ ਜਗ੍ਹਾ ਨਹੀਂ ਸੀ। ਉਹਨਾਂ ਦੱਸਿਆ ਕਿ ਵੰਡ ਮਗਰੋਂ ਹਿੰਦੂ-ਸਿੱਖਾਂ ਦੀਆਂ ਇਹ ਰਿਹਾਇਸ਼ਾਂ ਚੜ੍ਹਦੇ ਪੰਜਾਬ ਵਾਲੇ ਪਾਸਿਓਂ ਆਏ ਮੁਸਲਮਾਨਾਂ ਨੂੰ ਅਲਾਟ ਕਰ ਦਿੱਤੀਆਂ ਗਈਆਂ ਸਨ। ਡਾਅਨ ਅਖਬਾਰ ਨੇ ਸਭ ਤੋਂ ਪਹਿਲਾਂ ਇਸ ਇਮਾਰਤ ਦੀ ਤੋੜਭੰਨ ਦੀ ਖ਼ਬਰ ਨੂੰ ਜਨਤਕ ਕੀਤਾ ਸੀ ਤੇ ਸਥਾਨਕ ਲੋਕਾਂ ਵੱਲੋਂ ਇਸ ਇਮਾਰਤ ਵਿਚ ਗੁਰੂ ਨਾਨਕ ਨੂੰ ਦਰਸਾਉਂਦੇ ਚਿੱਤਰਾਂ ਦੇ ਅਧਾਰ 'ਤੇ ਬਣੀ ਧਾਰਨਾ ਤਹਿਤ ਇਸ ਨੂੰ "ਗੁਰੂ ਨਾਨਕ ਹਵੇਲੀ" ਲਿਖਿਆ ਸੀ। ਇਸ ਖਬਰ ਦੇ ਸਾਹਮਣੇ ਆਉਣ ਤੋਂ ਬਾਅਦ ਭਾਰਤੀ ਮੀਡੀਆ ਵੱਲੋਂ ਇਸ ਨੂੰ ਪਾਕਿਸਤਾਨ ਵਿਚ ਸਿੱਖ ਇਤਿਹਾਸਕ ਧਾਰਮਿਕ ਸਥਾਨਾਂ 'ਤੇ ਹਮਲੇ ਵਜੋਂ ਪੇਸ਼ ਕੀਤਾ ਗਿਆ ਸੀ। ਪਰ ਤਾਜ਼ਾ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਡਾਅਨ ਅਖਬਾਰ ਨੇ ਨਵੀਂ ਜਾਣਕਾਰੀ ਵਾਲੀ ਖਬਰ ਨੂੰ ਵੀ ਪ੍ਰਕਾਸ਼ਿਤ ਕੀਤਾ ਹੈ। ਉਂਝ ਨਾਰੋਵਾਲ ਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਇਮਾਰਤ ਵਿਚ ਕਿਸੇ ਵੀ ਤਰ੍ਹਾਂ ਦੀ ਤੋੜ ਭੰਨ 'ਤੇ ਰੋਕ ਲਾ ਕੇ ਇਸ ਨੂੰ ਸੀਲ ਕਰ ਦਿੱਤਾ ਹੈ।




# ਖ਼ਾਲਸਾ ਸਕੂਲ ਸਟਾਕਟਨ ਵਲੋਂ ਕਰਵਾਇਆ ਗਿਆ ਚੌਥਾ ਸਲਾਨਾ ਅੱਖਰ ਲਿਖਣ ਮੁਕਾਬਲਾ ਤਸਵੀਰਾਂ ਦੀ ਜ਼ੁਬਾਨੀ

















ਖ਼ਾਲਸਾ ਸਕੂਲ ਸਟਾਕਟਨ ਵਲੋਂ ਚੌਥਾ ਸਲਾਨਾ ਅੱਖਰ ਲਿਖਣ ਮੁਕਾਬਲਾ 12 ਮਈ ਨੂੰ ਕਰਵਾਇਆ ਗਿਆ, ਜਿਸ ਵਿਚ ਖ਼ਾਲਸਾ ਸਕੂਲ ਦੇ ਸਾਰੇ ਬੱਚਿਆਂ ਨੇ ਹਿੱਸਾ ਲਿਆ। ਜੇਤੂ ਬੱਚੇ ਆਪਣੇ ਅਧਿਆਪਕਾਂ ਕੋਲੋਂ ਟਰਾਫ਼ੀਆਂ ਅਤੇ ਮੈਡਲ ਪ੍ਰਾਪਤ ਕਰਦੇ ਹੋਏ ਤਸਵੀਰਾਂ ਵਿਚ ਖੁਸ਼ ਨਜ਼ਰ ਆ ਰਹੇ ਹਨ।

**ਜਾਰੀ ਕਰਤਾ : ਰਣਜੀਤ ਸਿੰਘ**
**ਫੋਨ : 408-355-5700**



## ਉਘੇ ਸਿੱਖ ਆਗੂ ਸ. ਬਲਵੰਤ ਸਿੰਘ ਚਾਹਲ ਦਾ ਅਕਾਲ ਚਲਾਣਾ

**ਵਾਲਨਟ ਕਰੀਕ/ਏਟੀ ਨਿਊਜ਼ :** ਵਾਲਨਟ ਕਰੀਕ (ਕੈਲੀਫੋਰਨੀਆ) ਵਾਲੇ ਸ. ਬਲਵੰਤ ਸਿੰਘ ਚਾਹਲ (82 ਸਾਲ), ਦਾ ਸੋਮਵਾਰ, 27 ਮਈ-2019 ਨੂੰ ਦਿਹਾਂਤ ਹੋ ਗਿਆ ਹੈ। ਉਨ੍ਹਾਂ ਇਥੇ ਆਪਣੇ ਗ੍ਰਹਿ ਵਿਖੇ ਹੀ ਆਖਰੀ ਸਾਹ ਲਿਆ, ਜਿਥੇ ਕਿ ਉਹ ਆਪਣੇ



ਪਰਿਵਾਰ ਨਾਲ ਰਹਿ ਰਹੇ ਸਨ। ਉਹ ਆਪਣੇ ਪਿਛੇ ਆਪਣੀ ਧਰਮ ਪਤਨੀ ਬਚਨ ਕੌਰ ਚਾਹਲ (65 ਸਾਲ), ਦੋ ਭਰਾ, ਦੋ ਭੈਣਾਂ, ਇੱਕ ਬੇਟੀ, ਤਿੰਨ ਬੇਟੇ ਅਤੇ ਦਸ ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਨਾਲ ਭਰਿਆ ਆਰ-ਪਰਿਵਾਰ ਛੱਡ ਕੇ ਗਏ ਹਨ। ਉਹਨਾਂ ਦਾ ਜਨਮ ਸੰਨ 1937 ਵਿਚ ਫਿਜੀ ਟਾਪੂ ਵਿਚ ਹੋਇਆ ਸੀ। ਇਥੋਂ ਉਹ ਸੰਨ 1964 ਵਿਚ ਅਮਰੀਕਾ ਵਿਚ ਪਰਵਾਸ ਕਰ ਗਏ। ਪੈਪਿਰਡਾਈਨ ਯੂਨੀਵਰਸਿਟੀ ਤੋਂ ਐਮਬੀਏ. ਕਰਨ ਦੌਰਾਨ ਉਹਨਾਂ ਸਨਫਰਾਂਸਿਸਕੋ ਵਿਚ ਇੱਕ ਸਿਸਟਮ ਪ੍ਰੋਗਰਾਮਰ ਦੇ ਰੂਪ ਵਿਚ ਕੰਮ ਕੀਤਾ। ਉਹਨਾਂ ਬਹੁਤ ਸਾਰੇ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਵਿਚ ਸੇਵਾ ਕੀਤੀ। ਸੈਨ ਹੋਜ਼ੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਕਮੇਟੀ ਦੇ ਬਤੌਰ ਪ੍ਰਧਾਨ ਹੁੰਦਿਆਂ ਉਨ੍ਹਾਂ ਬਹੁਤ ਹੀ ਵਧੀਆ ਕੰਮ ਕੀਤਾ। ਆਪਣੇ ਪਰਿਵਾਰ ਦੇ ਮੁਖੀ ਹੋਣ ਦੇ ਨਾਲ-ਨਾਲ ਉਹ ਸਿੱਖ ਭਾਈਚਾਰੇ ਵਿਚ ਵੀ ਸਤਿਕਾਰੇ ਜਾਂਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ CHAPEL OF THE CHIMES HAYWARD, 32992 MISSION Blvd. Hayward, CA 94544 ਵਿਖੇ 4 ਜੂਨ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਤਕ ਕੀਤਾ ਜਾ ਰਿਹਾ ਹੈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਤੇ ਹੋਰ ਜਾਣਕਾਰੀ ਲਈ ਫੋਨ ਨੰ. 510-471-3363 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਜਰਾਤ 'ਚ ਗੁਰੂ ਨਾਨਕ ਦੇ ਬੁੱਤ ਲੱਗਣੇ ਸ਼ੁਰੂ

**ਭਾਵਨਗਰ (ਗੁਜਰਾਤ)/ਏਟੀ ਨਿਊਜ਼ :**
ਗੁਰੂ ਨਾਨਕ ਦੇਵ ਅਤੇ ਹੋਰ ਗੁਰੂਆਂ ਦੀਆਂ ਮੂਰਤੀਆਂ ਬਣਾ ਕੇ ਬਾਜ਼ਾਰ ਵਿਚ ਵੇਚਣ ਤੋਂ ਬਾਅਦ ਹੁਣ ਗੁਜਰਾਤ ਦੇ ਸ਼ਹਿਰ ਭਾਵਨਗਰ ਦੇ ਇਕ ਚੌਕ ਵਿਚ ਸਿੱਖ ਸਿਧਾਂਤਾਂ ਦੇ ਉਲਟ ਗੁਰੂ ਸਾਹਿਬ ਦਾ ਬੁੱਤ ਸਥਾਪਿਤ ਕਰ ਦਿੱਤਾ ਗਿਆ ਹੈ।ਗੁਰੂ ਨਾਨਕ ਦੇਵ ਜੀ ਦੀ ਮੂਰਤੀ ਨੂੰ ਭੌਂਘਰ, ਗੁਜਰਾਤ ਵਿਚ ਇਕ ਚੌਂਕ ਵਿਚ ਲਗਾਇਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ ਸਨਮਾਨ ਵਿਚ ਸਥਾਨਕ ਟਰੱਸਟ ਦੁਆਰਾ ਸਥਾਪਿਤ ਮੂਰਤੀ ਬਾਰੇ ਪੰਥਕ ਜਥੇਬੰਦੀਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਮੂਰਤੀ ਪੂਜਾ ਅਤੇ ਮੂਰਤੀਆਂ ਦੇ ਵਿਰੁੱਧ ਹੈ। ਇਸ ਤਰ੍ਹਾਂ ਕਰਕੇ ਆਰ ਐਸ ਐਸ ਤੇ ਭਾਜਪਾ ਨੇ ਗੁਰੂ ਸਾਹਿਬ ਦਾ ਅਪਮਾਨ ਕੀਤਾ ਹੈ।
ਵੱਖ-ਵੱਖ ਪਲੇਟਫਾਰਮ 'ਤੇ ਮੂਰਤੀ ਦੀਆਂ ਤਸਵੀਰਾਂ ਵੀ ਰਿਲੀਜ਼ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਚਰਚਾ ਛਿੜੀ ਹਈ ਹੈ। ਬਹੁਤ ਸਾਰੇ ਲੋਕਾਂ ਨੇ ਮੂਰਤੀ ਦੀ ਉਸਾਰੀ ਬਾਰੇ ਸਵਾਲ ਕੀਤਾ ਅਤੇ ਇਸ ਨੂੰ ਸਿੱਖ ਧਰਮ ਦੀਆਂ ਸਿੱਖਿਆਵਾਂ ਦੇ ਵਿਰੁੱਧ ਕਿਹਾ ਹੈ। ਸਥਾਨਕ ਸਿੱਖ ਸੰਸਥਾਵਾਂ ਨੇ ਇਸ ਮਾਮਲੇ 'ਤੇ ਮੋਦੀ ਸਰਕਾਰ ਤੋਂ ਡਰਦਿਆਂ ਕੋਈ ਕਾਰਵਾਈ ਨਹੀਂ ਕੀਤੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮਾਮਲੇ ਦੀ ਜਾਂਚ ਲਈ ਸਿੱਖ ਵਫ਼ਦ ਗੁਜਰਾਤ ਭੇਜਣ ਦਾ ਫ਼ੈਸਲਾ ਲਿਆ ਹੈ। ਇਹ ਟੀਮ ਜਾਂਚ ਮਗਰੋਂ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੌਂਪੇਗੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਜਾਂ ਬੁੱਤਪ੍ਰਸਤੀ ਦੀ ਸਖ਼ਤ ਮਨਾਹੀ ਹੈ। ਗੁਰੂ ਸਾਹਿਬ ਦੀਆਂ ਮੂਰਤੀਆਂ ਸਥਾਪਿਤ ਕਰਨਾ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਸਾਜ਼ਿਸ਼ ਦਾ ਹਿੱਸਾ ਹੋ ਸਕਦਾ ਹੈ। ਇਹ ਸਿੱਖ ਇਤਿਹਾਸ, ਮਾਨਤਾਵਾਂ, ਰਵਾਇਤਾਂ, ਪ੍ਰੰਪਰਾਵਾਂ ਤੇ ਸਿਧਾਂਤਾਂ ਨੂੰ ਰਲਗੱਡ ਕਰਨ ਦੀ ਕੋਝੀ ਚਾਲ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿਚ ਸਿਧਾਂਤਾਂ ਅਤੇ ਇਤਿਹਾਸ ਦੀ ਰੌਸ਼ਨੀ ਵਿਚ ਅਗਲੀ ਕਾਰਵਾਈ ਕਰੇਗੀ।





ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਦਾ ਕਹਿਣਾ ਹੈ ਕਿ ਗੁਰੂ ਨਾਨਕ ਸਾਹਿਬ ਪੱਥਰਾਂ ਦੀਆਂ ਮੂਰਤੀਆਂ ਪੂਜਣ ਵਾਲੇ ਨੂੰ 'ਮੁਗਧ ਗਵਾਰ' ਆਦਿ ਕਹਿ ਕੇ ਗੂੰਗੇ ਦੇਵਤਿਆਂ ਤੋਂ ਕਿਨਾਰਾ ਕਰਦੇ ਹਨ, ਪਰ ਦੂਜੇ ਪਾਸੇ ਉਹੀ ਸਾਡਾ ਬਾਬਾ ਗੁਰੂ ਨਾਨਕ ਖੁਦ ਇੱਕ ਬੁਤ ਬਣਾ ਧਰਿਆ ਹੈ। ਇਹ ਗੁਰੂ ਨਾਨਕ ਸਾਹਿਬ ਦਾ ਅਪਮਾਨ ਹੈ।
ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦਾ ਕਹਿਣਾ ਹੈ ਕਿ ਗੁਰੂਆਂ ਦੀ ਫੋਟੋ ਪੂਜਾ ਸਾਨੂੰ ਬੁਤ ਪੂਜਾ ਵੱਲ ਲਿਜਾ ਰਹੀ ਹੈ ਤੇ ਸ਼ਬਦ ਗੁਰੂ ਤੋਂ ਤੋੜ ਰਹੀ ਹੈ। ਜੇ ਅਸੀਂ ਸ਼ਬਦ ਗੁਰੂ ਪ੍ਰਤੀ ਸੁਚੇਤ ਹੁੰਦੇ ਤਾਂ ਸਨਾਤਨਵਾਦੀ ਕਦੇ ਵੀ ਗੁਰੂ ਸਾਹਿਬ ਦਾ ਬੁੱਤ ਨਾ ਘੜ ਸਕਦੇ। ਬੁੱਤ ਪੂਜਾ, ਫੋਟੋ ਪੂਜਾ ਇਹ ਮਾਨਸਿਕ ਗੁਲਾਮੀ ਹੈ ਜੋ ਸਿੱਖ ਨੂੰ ਕੇਸਾਧਾਰੀ ਹਿੰਦੂ ਬਣਾ ਰਹੀ ਹੈ। ਯਾਦ ਰਖੋ ਕਿ ਸਰੀਰਕ ਗੁਲਾਮੀ ਏਨੀ ਘਾਤਕ ਨਹੀਂ ਹੁੰਦੀ ਜਿੰਨੀ ਮਾਨਸਿਕ। ਇਹ ਸਨਾਤਨੀ ਮਾਨਸਿਕ ਗੁਲਾਮੀ ਪੀਹੜੀਆਂ ਤੱਕ ਨਾਲ ਜਾਵੇਗੀ। ਗੁਰਬਾਣੀ ਦਾ ਫ਼ੁਰਮਾਨ ਪੜ੍ਹ ਕੇ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸਿੱਖ ਲਈ ਗੁਰੂ ਦੇ ਸ਼ਬਦ 'ਤੇ ਪਹਿਰੇਦਾਰੀ ਕਰਨੀ ਹੀ ਗੁਰੂ ਦੀ ਮੂਰਤ ਵਲ ਧਿਆਨ ਦੇਣਾ ਹੈ-

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥
ਗੁਰ ਕੇ ਚਰਨ ਰਿਦੈ ਲੈ ਧਾਰਉ ॥

### ਦਰਬਾਰ ਸਾਹਿਬ ਨੇੜੇ ਆਮ ਵਿਕਦੀਆਂ ਨੇ ਸਿੱਖ ਗੁਰੂਆਂ ਦੀਆਂ ਮੂਰਤੀਆਂ-

ਇੱਥੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਮਾਰਕੀਟ ਵਿਚ ਗੁਰੂ ਸਾਹਿਬਾਨ ਦੀਆਂ ਛੋਟੀਆਂ-ਛੋਟੀਆਂ ਮੂਰਤੀਆਂ ਆਮ ਵਿਕ ਰਹੀਆਂ ਹਨ ਅਤੇ ਇਹ ਸਭ ਕੁਝ ਸ਼੍ਰੋਮਣੀ ਕਮੇਟੀ ਦੇ ਨੱਕ ਹੇਠ ਚੱਲ ਰਿਹਾ ਹੈ। ਪਿਛਲੇ ਲੰਮੇ ਸਮੇਂ ਤੋਂ ਮੂਰਤੀਆਂ ਦਾ ਇਹ ਕਾਰੋਬਾਰ ਚੱਲ ਰਿਹਾ ਹੈ। ਅਜਿਹੀਆਂ ਮੂਰਤੀਆਂ ਚੀਨ ਤੋਂ ਬਣ ਕੇ ਵੀ ਆ ਰਹੀਆਂ ਹਨ। ਇਹ ਮਾਮਲਾ ਮੀਡੀਆ ਵੱਲੋਂ ਖ਼ਬਰਾਂ ਰਾਹੀਂ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਸੀ ਪਰ ਇਨ੍ਹਾਂ ਸਿੱਖ ਸੰਸਥਾਵਾਂ ਦੀ ਇਸ ਮਾਮਲੇ ਵਿਚ ਚੁੱਪ ਦਾ ਸਿੱਟਾ ਹੈ ਕਿ ਹੁਣ ਗੁਰੂ ਸਾਹਿਬ ਦਾ ਵੱਡਾ ਬੁੱਤ ਸਥਾਪਿਤ ਕਰ ਦਿਤਾ ਗਿਆ ਹੈ।


CIS CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਸਿਲੀਕਾਨ ਵੈਲੀ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ



**ਸੈਂਟਾ ਕਲਾਰਾ/ਪ੍ਰਮਿੰਦਰ ਸਿੰਘ ਪ੍ਰਵਾਨਾ :** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵਲੋਂ 'ਛੋਟਾ ਘੱਲੂਘਾਰਾ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ Silicon Valley Gurdwara 2356 Walsh Ave. Santa Clara CA 95051 ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਛੋਟਾ ਘੱਲੂਘਾਰਾ ਸਿੱਖਾਂ ਅਤੇ ਮੁਗਲਾਂ ਦਰਮਿਆਨ 17 ਮਈ, 1746 ਨੂੰ ਵਾਪਰਿਆ ਇਕ ਖ਼ੂਨੀ ਦੁਖਾਂਤ ਹੈ।

ਮੁਗਲ ਗਵਰਨਰ ਲਖਪਤ ਰਾਏ ਦਾ ਭਰਾ ਸਿੱਖਾਂ ਨਾਲ ਹੋਈ ਝੜਪ ਵਿਚ ਮਾਰਿਆ ਗਿਆ ਤਾਂ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਕਸਮ ਖਾਧੀ। ਕਾਹਨੂੰਵਾਨ ਛੰਬ ਵਿਚ ਉਸ ਨੇ ਸਿੱਖਾਂ ਨੂੰ ਘੇਰ ਕੇ ਸ਼ਹੀਦ ਕੀਤਾ। 7000 ਸਿੰਘ ਮੌਕੇ 'ਤੇ ਸ਼ਹੀਦ ਹੋਏ ਜਦਕਿ 3000 ਸਿੰਘਾਂ ਨੂੰ ਲਾਹੌਰ ਦੇ ਨਾਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਕਵੀ ਸ਼ਾਮਲ ਹੋਏ, ਜਿਨ੍ਹਾਂ ਨੇ ਸਿੱਖ ਇਤਿਹਾਸ ਦੀਆਂ ਜੋਸ਼ੀਲੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਪ੍ਰੋਗਰਾਮ ਸਫ਼ਲ ਰਿਹਾ।

## ਨਸ਼ੇ ਨੇ ਲਈ ਦੋ ਗੱਭਰੂਆਂ ਦੀ ਜਾਨ

**ਚੋਗਾਵਾਂ/ਏਟੀ ਨਿਊਜ਼ :** ਜ਼ਿਲ੍ਹਾ ਅੰਮ੍ਰਿਤਸਰ ਬਲਾਕ ਚੋਗਾਵਾਂ ਦੇ ਪਿੰਡ ਸੌੜੀਆਂ ਦੇ ਇਕ ਨੌਜਵਾਨ ਦੀ ਨਸ਼ੇ ਦੀ ਵੱਧ ਮਾਤਰਾ ਲੈਣ ਨਾਲ ਮੌਤ ਹੋ ਗਈ। ਜਾਣਕਾਰੀ ਅਨੁਸਾਰ ਮਨਦੀਪ ਸਿੰਘ ਉਰਫ਼ ਮੰਨਾ ਪੁੱਤਰ ਬਖ਼ਤਾਵਰ ਸਿੰਘ (30) ਜੋ ਕਿ ਨਸ਼ੇ ਦਾ ਆਦੀ ਸੀ, ਦੀ ਬੀਤੇ ਦਿਨੀਂ ਪਿੰਡ ਮੁੰਮਦ ਦੇ ਗਿਰਜਾਘਰ ਨੇੜਿਓਂ ਲਾਸ਼ ਮਿਲੀ। ਇਸ ਸਬੰਧੀ ਮ੍ਰਿਤਕ ਦੇ ਚਾਚਾ ਨੇ ਦੱਸਿਆ ਕਿ ਮਨਦੀਪ ਸਿੰਘ ਦੇ ਪਿਤਾ ਬਖ਼ਤਾਵਰ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀ ਪਤਨੀ ਉਸ ਨੂੰ ਛੱਡ ਕੇ ਚਲੀ ਗਈ ਸੀ, ਜਿਸ ਕਾਰਨ ਉਹ ਨਸ਼ੇ ਦਾ ਆਦੀ ਹੋ ਗਿਆ। ਇਸੇ ਤਰ੍ਹਾਂ ਥਾਣਾ ਖਾਲੜਾ ਅਧੀਨ ਆਉਂਦੇ ਪਿੰਡ ਮਾੜੀਮੇਘਾ ਵਿਖੇ ਇਕ ਨੌਜਵਾਨ ਸੁਖਰਾਜ ਸਿੰਘ ਕੱਟੂ ਦੀ ਨਸ਼ੇ ਦਾ ਟੀਕਾ ਲਗਾਉਂਦਿਆਂ ਮੌਤ ਹੋ ਜਾਣ ਦੀ ਖ਼ਬਰ ਹੈ।

## ਕਾਰ ਸੇਵਾ ਸਰਹਾਲੀ ਤੇ ਗੋਇੰਦਵਾਲ ਸਾਹਿਬ ਵਾਲ਼ਿਆਂ ਦਾ ਜਥਾ ਗੁਰਮਤਿ ਪ੍ਰਚਾਰ ਲਈ ਅਮਰੀਕਾ ਪੁੱਜਿਆ

**ਨਿਊਯਾਰਕ/ਰਾਜ ਗੋਗਨਾ :** ਸੱਚ-ਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੇ ਚਰਨ ਸੇਵਕ ਸੰਤ ਬਾਬਾ ਘੋਲਾ ਸਿੰਘ ਜੀ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਅਤੇ ਮੁੱਖ ਸੇਵਾਦਾਰ ਬਾਬਾ ਗੁਰਨਾਮ ਸਿੰਘ ਜੀ ਗੋਇੰਦਵਾਲ ਸਾਹਿਬ ਵਾਲ਼ੇ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਕਾਰ ਸੇਵਾ ਦੇ ਕਾਰਜਾਂ ਨੂੰ ਚਲਾ ਰਹੇ ਹਨ, ਜਿਨ੍ਹਾਂ ਵਿੱਚ ਗੁਰਧਾਮ, ਸਕੂਲ, ਕਾਲਜ ਅਤੇ ਸੰਗੀਤ ਵਿਦਿਆਲੇ ਸ਼ਾਮਿਲ ਹਨ । ਉਹ ਅੱਜ-ਕੱਲ੍ਹ ਗੁਰਮਤਿ ਦਾ ਪ੍ਰਚਾਰ ਕਰਨ ਲਈ ਆਪਣੀ ਅਮਰੀਕਾ ਫੇਰੀ 'ਤੇ ਹਨ। ਅਮਰੀਕਾ ਚ' ਗੁਰੂ ਘਰਾਂ ਦੇ ਨੁਮਾਇੰਦੇ ਅਤੇ ਸੰਗਤਾਂ ਗੁਰਮਤਿ ਦੇ



ਪ੍ਰਚਾਰ ਸਬੰਧੀ ਕੋਈ ਵੀ ਜਾਣਕਾਰੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ ਉਤੇ ਬਾਬਾ ਗੁਰਨਾਮ ਸਿੰਘ 209-840-2187, ਸ. ਬਹਾਦਰ ਸਿੰਘ ਸੈਲਮਾ 503-559-8233 ਅਤੇ ਗੁਰਮੀਤ ਸਿੰਘ 209-345-9691 'ਤੇ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ।

## ਕਰਮਨ ਯੂਨੀਫਾਈਡ ਸਕੂਲ ਵੱਲੋਂ ਸੰਗੀਤ ਸਿਖਲਾਈ ਕੈਂਪ ਲੱਗਾ

**ਫਰਿਜ਼ਨੋ/ਕੁਲਵੰਤ ਧਾਲੀਆਂ :** ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਦੇ ਕਰਮਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਬੋਰਡਵੱਲੋਂ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸੰਗੀਤ ਨਾਲ ਵੀ ਜੋੜਿਆ ਜਾਂਦਾ ਹੈ। ਇਸੇ ਲੜੀ ਅਧੀਨ ਵਿੱਦਿਅਕ ਸਾਲ ਦੇ ਆਖਰੀ ਦਿਨਾਂ ਵਿੱਚ ਬੱਚਿਆਂ ਨੂੰ ਇਲੈਕਟ੍ਰੋਨਿਕ, ਵੀਡੀਉ ਗੇਮਾਂ ਅਤੇ ਫੋਨਾਂ ਤੋਂ ਦੂਰ 'ਸਕੋਆ ਵੈਲੀ' ਦੇ ਪਹਾੜਾਂ ਦੀਆਂ ਵਾਦੀਆਂ ਵਿਚਕਾਰ ਡੰਨਲੌਪ ਦੇ ਇਲਾਕੇ ਵਿਚ ਤਿੰਨ ਦਿਨਾ ਸੰਗੀਤ ਸਿਖਲਾਈ ਕੈਂਪ ਲਾਇਆ ਗਿਆ। ਇਸ ਵਿੱਚ 70 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ ਅਤੇ ਇਸ ਕੈਂਪ ਦਾ ਸਮੁੱਚਾ ਖਰਚ ਸਕੂਲ ਵੱਲੋਂ ਅਦਾ ਕੀਤਾ ਗਿਆ। ਇਥੇ ਬੱਚਿਆਂ ਨੇ ਗਿਟਾਰ, ਆਟੋਹਾਰਪ, ਬੰਸਰੀ-ਅਲਗੋਜੇ, ਡਰੰਮ ਅਤੇ ਹੋਰ ਬਹੁਤ ਸਾਰੇ ਸੰਗੀਤ ਨਾਲ ਸਬੰਧਤ ਸਾਜ਼ਾਂ ਦਾ ਗਿਆਨ ਪ੍ਰਾਪਤ ਕੀਤਾ। ਇਸ ਕੈਂਪ ਦੀ ਖਾਸ ਗੱਲ ਇਹ ਵੀ ਰਹੀ ਕਿ ਬੱਚਿਆਂ ਨੂੰ ਵਿਹਲੇ ਸਮੇਂ ਦੌਰਾਨ ਪਹਾੜਾਂ 'ਤੇ ਹਾਈਕਿੰਗ ਕਰਨਾ, ਸਥਾਨਿਕ ਪੂਲ ਵਿੱਚ ਤੈਰਨਾ ਅਤੇ ਸਵਾਦਲੇ ਖਾਣਿਆਂ ਦਾ ਅਨੰਦ ਲੈਣਾ ਬਹੁਤ ਚੰਗਾ ਲੱਗਾ। ਆਖਰੀ ਦਿਨ ਕੈਂਪ ਦੀ ਸਮਾਪਤੀ 'ਤੇ ਬੱਚਿਆਂ ਨੇ ਆਪਣੇ ਮਾਪਿਆਂ ਅਤੇ ਸੰਗੀਤ ਕੈਂਪ ਦੇ ਪ੍ਰਬੰਧਕਾਂ ਦੀ ਹਾਜ਼ਰੀ ਵਿਚ ਆਪਣੇ-ਆਪਣੇ ਗਰੁੱਪਾਂ ਵਿਚ ਸਟੇਜ ਤੋਂ ਸੰਗੀਤ ਦਾ ਖੁੱਲਾ ਪ੍ਰਦਰਸ਼ਨ ਕੀਤਾ। ਸਮੁੱਚੇ ਕੈਂਪ ਦੌਰਾਨ ਪੰਜਾਬੀ ਭਾਈਚਾਰੇ ਵਿੱਚੋਂ ਇਕਲੌਤੇ ਬੱਚੇ ਅੰਮ੍ਰਿਤਾ ਕੌਰ ਉੱਭੀ ਨੇ ਭਾਗ ਲਿਆ ਅਤੇ ਸੰਗੀਤ ਪ੍ਰੋਗਰਾਮ ਦੌਰਾਨ ਸਫਲ ਪ੍ਰਦਰਸ਼ਨ ਕੀਤਾ।



ਇਸ ਕੈਂਪ ਦੇ ਮੁੱਖ ਪ੍ਰਬੰਧਕ ਮਿਸਟਰ ਮਾਈਕਲ ਮਿਊਲਰ ਅਤੇ ਸਹਿਯੋਗੀਆ ਦੁਆਰਾ ਸਮੁੱਚੇ ਪ੍ਰਬੰਧ ਸੁਰੱਖਿਅਤ ਅਤੇ ਸਲਾਹੁਣਯੋਗ ਸਨ। ਕੈਂਪ ਦੀ ਸਫਲਤਾ ਲਈ ਕਰਮਨ ਸਕੂਲ ਬੋਰਡ ਵਧਾਈ ਦਾ ਪਾਤਰ ਹੈ। ਅੰਤ ਘਰ ਨੂੰ ਵਾਪਸੀ 'ਤੇ ਸਾਰੇ ਬੱਚਿਆਂ ਨੂੰ ਇਕ-ਇਕ ਗਿਟਾਰ ਦਿੱਤੀ ਗਈ। ਬੱਚਿਆਂ ਨੇ ਦੱਸਿਆ ਕਿ ਇਸ ਕੈਂਪ ਦੌਰਾਨ ਉਨ੍ਹਾਂ ਨੇ ਬਹੁਤ ਕੁਝ ਸਿੱਖਿਆ ਅਤੇ ਜ਼ਿੰਦਗੀ ਅੰਦਰ ਇਸ ਤਜਰਬੇ ਦੀਆਂ ਯਾਦਾਂ ਹਮੇਸਾ ਸਿਖਿਆਦਾਇਕ ਰਹਿਣਗੀਆਂ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

## ਉਮਰਾਨੰਗਲ, ਚਰਨਜੀਤ ਸ਼ਰਮਾ ਅਤੇ ਮਨਤਾਰ ਬਰਾੜ ਖ਼ਿਲਾਫ਼ ਚਲਾਨ ਪੇਸ਼

**ਫ਼ਰੀਦਕੋਟ/ਏਟੀ ਨਿਊਜ਼ :** ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਦੀ ਟੀਮ ਵਿਚ ਵਾਪਸੀ ਤੋਂ ਕੁਝ ਘੰਟਿਆਂ ਬਾਅਦ ਹੀ ਜਾਂਚ ਟੀਮ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਪੁਲਿਸ ਦੇ ਆਈਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਐੱਸਐੱਸਪੀ. ਚਰਨਜੀਤ ਸ਼ਰਮਾ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਏਡੀਸੀਪੀ ਪਰਮਜੀਤ ਸਿੰਘ ਪੰਨੂੰ, ਡੀਐੱਸਪੀ ਬਲਜੀਤ ਸਿੰਘ, ਐਸਐਚਓ ਗੁਰਦੀਪ ਸਿੰਘ ਪੰਧੇਰ ਖ਼ਿਲਾਫ਼ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਹੈ। ਅਦਾਲਤ ਨੇ ਚਲਾਨ ਪੇਸ਼ ਹੋਣ ਤੋਂ ਬਾਅਦ ਇਸ ਮਾਮਲੇ ਦੀ ਸੁਣਵਾਈ 6 ਜੂਨ ਤਕ ਮੁਲਤਵੀ ਕਰ ਦਿੱਤੀ। ਜੁਡੀਸ਼ੀਅਲ ਮੈਜਿਸਟ੍ਰੇਟ ਏਕਤਾ ਉੱਪਲ ਨੇ ਇਸ ਮਾਮਲੇ ਵਿਚ ਆਈਜੀ. ਉਮਰਾਨੰਗਲ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ ਜਦੋਂ ਕਿ ਚਰਨਜੀਤ ਸ਼ਰਮਾ ਪਟਿਆਲਾ ਜੇਲ੍ਹ ਵਿਚ ਬੰਦ ਹੈ। ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਹੈ ਕਿ 6 ਜੂਨ ਨੂੰ ਸਾਬਕਾ ਐੱਸਐੱਸਪੀ ਸ਼ਰਮਾ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਦੱਸਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਤੋਂ ਬਾਅਦ ਸਿੱਖ ਸੰਗਤਾਂ ਨੇ ਕੋਟਕਪੂਰਾ ਚੌਕ ਵਿੱਚ ਸ਼ਾਂਤਮਈ ਰੋਸ ਧਰਨਾ ਦਿੱਤਾ ਸੀ। 13 ਅਕਤੂਬਰ-2015 ਦੀ ਰਾਤ ਨੂੰ ਪੁਲੀਸ ਨੇ ਧਰਨਾ ਦੇ ਰਹੀ ਸੰਗਤ ਉੱਪਰ ਲਾਠੀਚਾਰਜ ਕਰ ਦਿੱਤਾ ਸੀ, ਜਿਸ ਵਿੱਚ ਸੌ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ ਸਨ। ਪੰਜਾਬ ਦੀ ਮੌਜੂਦਾ ਸਰਕਾਰ ਨੇ ਅਗਸਤ-2018 ਵਿਚ ਇਸ ਮਾਮਲੇ ਦੀ ਪੜਤਾਲ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪ ਦਿੱਤੀ ਸੀ। ਵਿਸ਼ੇਸ਼ ਜਾਂਚ ਟੀਮ ਨੇ ਪੜਤਾਲ ਦੌਰਾਨ ਆਈ.ਜੀ. ਉਮਰਾਨੰਗਲ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਸਾਬਕਾ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਨੂੰ ਇਸ ਮਾਮਲੇ ਵਿੱਚ ਦੋਸ਼ੀ ਨਾਮਜ਼ਦ ਕਰ ਲਿਆ ਸੀ। ਜਾਂਚ ਟੀਮ ਨੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਦੀ ਅਜੇ ਜਾਂਚ ਚੱਲ ਰਹੀ ਹੈ ਅਤੇ ਭਵਿੱਖ ਵਿਚ ਹੋਰ ਮੁਲਜ਼ਮਾਂ ਖ਼ਿਲਾਫ਼ ਵੀ ਦੋਸ਼ ਪੱਤਰ ਅਦਾਲਤ ਵਿਚ ਪੇਸ਼ ਕੀਤੇ ਜਾਣਗੇ। ਮਨਤਾਰ ਸਿੰਘ ਬਰਾੜ ਦੀ ਗ੍ਰਿਫ਼ਤਾਰੀ ਉੱਪਰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਰੋਕ ਲਾਈ ਹੋਈ ਹੈ।

*ਮਾਮਲਾ ਫਰਜ਼ੀ ਪੁਲੀਸ ਮੁਕਾਬਲੇ ਦਾ*

## ਹਾਈ ਕੋਰਟ 'ਚ ਡੀਜੀਪੀ ਚੱਟੋਪਾਧਿਆ ਨੇ ਕੀਤੀ ਸ਼ਿਕਾਇਤ

**ਚੰਡੀਗੜ੍ਹ/ਏਟੀ ਨਿਊਜ਼ :** 25 ਸਾਲ ਪੁਰਾਣੇ ਫਰਜ਼ੀ ਐਨਕਾਊਂਟਰ ਦੀ ਤਫਤੀਸ਼ ਕਰ ਰਹੇ ਡੀਜੀਪੀ ਸਿਧਾਰਥ ਚਟੋਪਾਧਿਆ ਨੇ ਹਾਈ ਕੋਰਟ ਵਿੱਚ ਅਰਜ਼ੀ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਮਾਮਲੇ ਦੀ ਤਫਤੀਸ਼ ਕਰਨ ਲਈ ਸਰਕਾਰ ਵੱਲੋਂ ਬਣਦੀਆਂ ਸੁਵਿਧਾਵਾਂ ਨਹੀਂ ਦਿੱਤੀਆਂ ਜਾ ਰਹੀਆਂ। ਤਫਤੀਸ਼ ਕਰਨ ਲਈ ਉਨ੍ਹਾਂ ਕੋਲ ਨਾ ਤਾਂ ਅਫ਼ਸਰ ਤੇ ਨਾ ਹੀ ਆਵਾਜਾਈ ਦੇ ਸਾਧਨ ਮੌਜੂਦ ਹਨ। ਹਾਈਕੋਰਟ ਨੇ ਗੁਰਦਾਸਪੁਰ ਨਿਵਾਸੀ ਗੁਰਨਾਮ ਸਿੰਘ ਬੰਡਾਲਾ ਦੇ ਇਕ ਫਰਜ਼ੀ ਐਨਕਾਊਂਟਰ ਦੇ ਮਾਮਲੇ ਵਿੱਚ ਐੱਸਆਈਟੀ ਨਿਯੁਕਤ ਕੀਤੀ ਸੀ ਜਿਸ ਦੇ ਚੇਅਰਮੈਨ ਸਿਧਾਰਥ ਚਟੋਪਾਧਿਆ ਨੂੰ ਲਗਾਇਆ ਗਿਆ ਸੀ। ਸੰਨ 1994 ਵਿੱਚ ਪਰਮਰਾਜ ਸਿੰਘ ਉਮਰਾਨੰਗਲ ਡੀਐੱਸਪੀ ਰੋਪੜ ਵਜੋਂ ਤੈਨਾਤ ਸਨ ਤੇ ਰੋਪੜ ਵਿੱਚ ਉਮਰਾਨੰਗਲ ਵੱਲੋਂ ਬੰਡਾਲਾ ਦਾ ਐਨਕਾਊਂਟਰ ਕਰਨ ਦਾ ਦਾਅਵਾ ਕੀਤਾ ਗਿਆ ਸੀ। ਗੁਰਦਾਸਪੁਰ ਦੇ ਵਸਨੀਕ ਸੁਖਪਾਲ ਸਿੰਘ ਦੀ ਮੌਤ ਤੋਂ ਬਾਅਦ ਗੁਰਨਾਮ ਦਾ ਫਰਜ਼ੀ ਐਨਕਾਊਂਟਰ ਉਜਾਗਰ ਹੋਇਆ ਸੀ। ਸੁਖਪਾਲ ਸਿੰਘ ਦੀ ਪਤਨੀ ਦਲਬੀਰ ਕੌਰ ਹਾਈ ਕੋਰਟ ਵਿੱਚ ਇਨਸਾਫ ਦੀ ਗੁਹਾਰ ਲੈ ਕੇ ਪਹੁੰਚੀ ਜਿਸ ਤੋਂ ਬਾਅਦ ਹਾਈਕੋਰਟ ਨੇ ਇਕ ਸਿੱਟ ਬਣਾਈ ਤੇ ਚਟੋਪਾਧਿਆ ਨੂੰ ਸਿੱਟ ਦੇ ਮੁਖੀ ਲਾ ਕੇ ਜਾਂਚ ਕਰਨ ਲਈ ਕਿਹਾ।

# ਗੋਲੀ ਕਾਂਡ ਦੀ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਮੁੜ ਜਾਂਚ ਕਰਨਗੇ

### *ਕੈਪਟਨ ਸਰਕਾਰ ਨੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਸਿਟ ਦੇ ਮੈਂਬਰ ਵਜੋਂ ਕੀਤਾ ਬਹਾਲ*

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਪੁਲੀਸ ਦੇ ਚਰਚਿਤ ਅਧਿਕਾਰੀ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਮੁੜ ਤੋਂ ਬਿਊਰੋ ਆਫ਼ ਇਨਵੈਸਟੀਗੇਸ਼ਨ (ਬੀਓਆਈ) ਅਤੇ ਸੰਗਠਿਤ ਅਪਰਾਧ ਰੋਕੂ ਯੂਨਿਟ (ਓਕੂ) ਵਿੱਚ ਤਾਇਨਾਤ ਕਰ ਦਿੱਤਾ ਹੈ। ਰਾਜ ਸਰਕਾਰ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਦੀ ਬੇਅਦਬੀ ਘਟਨਾ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਕੀਤੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਵਜੋਂ ਵੀ ਬਹਾਲ ਕਰ ਦਿੱਤਾ ਹੈ। ਇਸ ਪੁਲੀਸ ਅਧਿਕਾਰੀ ਨੂੰ ਆਈਜੀ, ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਉਧਰ ਗ੍ਰਹਿ ਵਿਭਾਗ ਵੱਲੋਂ ਜਾਰੀ ਹੁਕਮਾਂ 'ਤੇ ਟਿੱਪਣੀ ਕਰਦਿਆਂ ਸੀਨੀਅਰ ਪੁਲੀਸ ਤੇ ਸਿਵਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਆਈਜੀ ਰੈਂਕ ਦੇ ਇਸ ਅਧਿਕਾਰੀ ਨੂੰ ਬੀਓਆਈ ਵਿਚ ਤਾਇਨਾਤ ਕਰ ਦਿੱਤਾ ਹੈ ਤੇ ਐੱਸਆਈਟੀ ਵਿਚ ਤਾਇਨਾਤੀ ਲਈ ਵੱਖਰੇ ਹੁਕਮਾਂ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਐੱਸਆਈਟੀ ਵਿੱਚੋਂ ਕਮਿਸ਼ਨ ਵੱਲੋਂ ਤਬਦੀਲ ਕੀਤਾ ਹੀ ਨਹੀਂ ਗਿਆ ਸੀ। ਕੈਪਟਨ ਸਰਕਾਰ ਵੱਲੋਂ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਪੌਣੇ ਮਹੀਨੇ ਬਾਅਦ ਇਹ ਹੁਕਮ ਜਾਰੀ ਕੀਤੇ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ



'ਤੇ ਚੋਣ ਕਮਿਸ਼ਨ ਨੇ ਕੁੰਵਰ ਨੂੰ ਬੀਓਆਈ ਅਤੇ ਓਕੂ ਵਿੱਚੋਂ ਤਬਦੀਲ ਕਰਕੇ ਅੰਮ੍ਰਿਤਸਰ ਵਿੱਚ ਆਈਜੀ ਕਾਊਂਟਰ ਇੰਟੈਲੀਜੈਂਸ ਵਜੋਂ ਤਾਇਨਾਤ ਕਰ ਦਿੱਤਾ ਸੀ। ਪੰਥਕ ਜਥੇਬੰਦੀਆਂ ਵੱਲੋਂ ਇਸ ਪੁਲੀਸ ਅਧਿਕਾਰੀ ਨੂੰ ਐੱਸਆਈਟੀ ਵਿੱਚੋਂ ਤਬਦੀਲ ਕਰਨ ਦੇ ਮਾਮਲੇ 'ਤੇ ਵਿਵਾਦ ਖੜ੍ਹਾ ਕੀਤਾ ਗਿਆ ਸੀ ਤੇ ਚੋਣ ਕਮਿਸ਼ਨ ਦੇ ਨਵੀਂ ਦਿੱਲੀ ਦਫ਼ਤਰ ਤੱਕ ਵੀ ਪਹੁੰਚ ਕੀਤੀ ਗਈ ਸੀ। ਇੱਥੋਂ ਤੱਕ ਕਿ ਮੁੱਖ ਮੰਤਰੀ ਕੈਪਟਨ ਨੇ ਵੀ ਆਈਜੀ ਕੁੰਵਰ ਦਾ ਤਬਾਦਲਾ ਰੱਦ ਕਰਨ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਸੀ।

### ਜਾਂਚ ਅੱਗੇ ਵਧਾਉਣ ਲਈ ਮੁੜ ਤਾਇਨਾਤੀ ਕੀਤੀ : ਕੈਪਟਨ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇ ਵਾਪਰੇ ਗੋਲੀ ਕਾਂਡ ਬੇਅਦਬੀ ਦੀਆਂ ਘਟਨਾਵਾਂ ਦੀ ਐੱਸਆਈਟੀ ਜਾਂਚ ਨੂੰ ਅੱਗੇ ਵਧਾਉਣ ਲਈ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਮੁੜ ਤਾਇਨਾਤੀ ਕਰ ਦਿੱਤੀ ਹੈ। ਐੱਸਆਈਟੀ ਦੀ ਜਾਂਚ ਵਿੱਚ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ।

### ਕੈਪਟਨ ਸਾਨੂੰ ਜੇਲ੍ਹ ਭੇਜਣਾ ਚਾਹੁੰਦੈ: ਬਾਦਲ



**ਲੰਬੀ/ਏਟੀ ਨਿਊਜ਼ :** ਆਦਰਸ਼ ਚੋਣ ਜ਼ਾਬਤਾ ਹਟਣ ਮਗਰੋਂ ਪੰਜਾਬ ਸਰਕਾਰ ਵੱਲੋਂ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਮੁੜ ਬਿਊਰੋ ਆਫ਼ ਇਨਵੈਸਟੀਗੇਸ਼ਨ ਵਿਚ ਤਾਇਨਾਤ ਕਰਨ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ। ਬਾਦਲ ਨੇ ਆਖਿਆ, "ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਾਨੂੰ ਜੇਲ੍ਹ 'ਚ ਡੱਕਣ ਲਈ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਲਗਾਇਆ ਹੈ ਪਰ ਸਾਨੂੰ ਕੋਈ ਪ੍ਰਵਾਹ ਨਹੀਂ ਹੈ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਘੱਲੂਘਾਰਾ ਜੂਨ-84 ਦੀ ਯਾਦ ਵਿੱਚ 200 ਦੇ ਕਰੀਬ ਕੋਚਾਂ ਲੰਡਨ ਪੁੱਜਣਗੀਆਂ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ



**ਲੰਡਨ/ਏਟੀ ਨਿਊਜ਼ :** ਜੂਨ-84 ਦੇ ਖੂਨੀ ਘੱਲੂਘਾਰੇ ਦੀ ਯਾਦ ਵਿੱਚ 2 ਜੂਨ ਦਿਨ ਐਤਵਾਰ ਨੂੰ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੀ ਵਿਸ਼ੇਸ਼ ਇੱਕਤਰਤਾ ਗੁਰੂ ਨਾਨਕ ਗੁਰਦਵਾਰਾ ਬ੍ਰਮਿੰਘਮ ਵਿਖੇ ਹੋਈ ਜਿਸ ਵਿੱਚ ਸਿੱਖ ਫੈਡਰੇਸ਼ਨ ਯੂਕੇ, ਧਰਮਯੁੱਧ ਜਥਾ ਯੂਕੇ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ, ਯੂਨਾਈਟਿਡ ਖਾਲਸਾ ਦਲ ਯੂਕੇ ਅਤੇ ਸਿੱਖ ਯੂਥ ਯੂਕੇ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਉਪਰੰਤ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਦੱਸਿਆ ਕਿ ਹੁਣ ਤੱਕ ਇੰਗਲੈਂਡ ਭਰ ਦੇ 32 ਗੁਰਦਵਾਰਾ ਸਹਿਬਾਨ ਤੋਂ ਕੋਚਾਂ ਦਾ ਪ੍ਰਬੰਧ ਹੋ ਚੁੱਕਾ ਹੈ ਅਤੇ ਇਸ ਸਾਲ 200 ਦੇ ਕਰੀਬ ਕੋਚਾਂ ਸਿੱਖ ਸੰਗਤਾਂ ਨੂੰ ਲੈ ਕੇ ਲੰਡਨ ਪੁੱਜ ਰਹੀਆਂ ਹਨ। ਭਾਵੇਂ ਕਿ ਇਸ ਰੋਸ ਮੁਜ਼ਾਹਰੇ ਵਿੱਚ ਕੁਝ ਦਿਨ ਹੀ ਬਾਕੀ ਹਨ ਪਰ ਸਿੱਖ ਸੰਗਤਾਂ, ਪ੍ਰਬੰਧਕ ਕਮੇਟੀਆਂ ਨੂੰ ਵੱਡੀ ਪੱਧਰ ਤੇ ਆਪਣੇ ਨਾਮ ਲਿਖਵਾ ਰਹੀਆਂ ਹਨ। ਰੋਸ ਮੁਜ਼ਾਹਰੇ ਦੇ ਸਬੰਧ ਵਿੱਚ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੀ ਇਸ ਆਖਰੀ ਇਕੱਤਰਤਾ ਦੌਰਾਨ ਹਾਈਡ ਪਾਰਕ ਲੰਡਨ ਅਤੇ ਟਰੈਫਾਲਗਰ ਸੁਕਏਅਰ ਵਿਖੇ ਲੱਗਣ ਵਾਲੀਆਂ ਸਟੇਜਾਂ ਲਈ ਬੁਲਾਰਿਆਂ ਦੇ ਨਾਮ, ਉਹਨਾਂ ਨੂੰ ਦਿੱਤੇ ਜਾਣ ਵਾਲੇ ਵਕਤ ਅਤੇ ਉਨਾਂ ਦੀ ਤਰਤੀਬ ਬਣਾਈ ਗਈ। ਸਿੱਖ ਨੌਜਵਾਨਾਂ ਨੂੰ ਆਪੋ ਆਪਣੀ ਜਿੰਮੇਵਾਰੀ ਨਿਭਾਉਣ ਲਈ ਅਪੀਲ ਕਰਦਿਆਂ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਗਈ ਕਿ 2 ਜੂਨ ਐਤਵਾਰ ਵਾਲੇ ਦਿਨ ਸਵੇਰੇ ਗਿਆਰਾਂ ਵਜੇ ਹਾਈਡ ਪਾਰਕ ਲੰਡਨ ਵਿਖੇ ਪੁੱਜਣ ਦੀ ਕ੍ਰਿਪਾਲਤਾ ਕਰਨ। ਕੋਚਾਂ ਤੋਂ ਇਲਾਵਾ ਸਿੱਖ ਸੰਗਤਾਂ ਆਪਣੀਆਂ ਕਾਰਾਂ, ਪਬਲਿਕ ਬੱਸਾਂ ਅਤੇ ਟਰੇਨਾਂ ਰਾਹੀਂ ਵੀ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਪੁੱਜਦੀਆਂ ਹਨ। ਹਾਈਡ ਪਾਰਕ ਵਿਖੇ ਜਿੱਥੇ ਦੋ ਘੰਟੇ ਸਟੇਜ ਦੀ ਕਾਰਵਾਈ ਚਲਾਈ ਜਾਵੇਗੀ, ਉਪਰੰਤ ਅਰਦਾਸ ਕਰਕੇ ਪੰਜ ਸਿੰਘਾਂ ਦੀ ਅਗਵਾਈ ਵਿੱਚ ਵਿਸ਼ਾਲ ਮਾਰਚ ਲੰਡਨ ਦੀਆਂ ਸੜਕਾਂ ਤੇ ਚਾਲੇ ਪਾਵੇਗਾ।

ਜ਼ਿਕਰਯੋਗ ਹੈ ਕਿ ਸਿੱਖ ਸੰਗਤਾਂ ਅਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਭਰਵੇਂ ਸਹਿਯੋਗ ਨਾਲ ਸਿੱਖ ਜਥੇਬੰਦੀਆਂ ਵਲੋਂ ਹਰ ਸਾਲ ਹੀ ਇਹ ਰੋਸ ਮੁਜ਼ਾਹਰਾ ਕੀਤਾ ਜਾਂਦਾ ਹੈ। ਸਿੱਖ ਨੌਜਵਾਨਾਂ ਵਿੱਚ ਇਸ ਰੋਸ ਮੁਜ਼ਾਹਰੇ ਪ੍ਰਤੀ ਹਰ ਸਾਲ ਉਤਸ਼ਾਹ ਵਧ ਰਿਹਾ ਹੈ। ਕਾਬਲੇਗੌਰ ਇਹ ਵੀ ਹੈ ਕਿ ਵੀਹਵੀਂ ਸਦੀ ਦੇ ਮਹਾਨ ਸਿੱਖ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ ਜੀ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਬੀਬੀ ਉਪਕਾਰ ਕੌਰ ਜੀ ਪ੍ਰਧਾਨ ਗਰਲਜ਼ ਵਿੰਗ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਜਨਰਲ ਸ਼ੁਬੇਗ ਸਿੰਘ ਜੀ, ਬਾਬਾ ਠਾਹਰਾ ਸਿੰਘ ਜੀ ਨੇ ਆਪਣੇ ਸਾਥੀਆਂ ਨਾਲ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਹਮਲਾ ਕਰਨ ਆਈ ਭਾਰਤੀ ਫੌਜ ਦਾ ਆਖਰੀ ਦਮ ਤਕ ਮੁਕਾਬਲਾ ਕੀਤਾ ਸੀ ਅਤੇ ਇੱਕ ਅਸਾਵੀਂ ਜੰਗ ਦਾ ਸ਼ਾਨਾਮੱਤਾ ਇਤਿਹਾਸ ਦੁਨੀਆ ਸਾਹਮਣੇ ਸਿਰਜ ਕੇ ਰੱਖ ਦਿੱਤਾ। ਇਸ ਤੋਂ ਸਿੱਖ ਕੌਮ ਦੀਆਂ ਅਗਲੇਰੀਆਂ ਪੀੜੀਆਂ ਹਮੇਸ਼ਾਂ ਸੇਧ ਲੈਂਦੀਆਂ ਰਹਿਣਗੀਆਂ। ਦੂਜੇ ਪਾਸੇ ਮੁਗਲੀਆ ਅਤੇ ਹਿਟਲਰੀ ਜ਼ੁਲਮਾਂ ਨੂੰ ਮਾਤ ਪਾਉਂਦਿਆਂ ਭਾਰਤੀ ਫੌਜ ਵਲੋਂ ਨਿਰਦੋਸ਼ ਸਿੱਖ ਬਜੁਰਗਾਂ, ਸਿੱਖ ਬੀਬੀਆਂ ਅਤੇ ਦੁੱਧ ਚੁੰਘਦੇ ਬੱਚਿਆਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ। ਸਿੱਖ ਕੌਮ ਦੇ ਸਰਵਉੱਚ ਅਸਥਾਨ ਰਾਜਸੀ ਸ਼ਕਤੀ ਦੇ ਸੋਮੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ ਗਿਆ, ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਕਰਦਿਆਂ ਜੁੱਗੋ ਜੁੱਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਵਿੱਤਰ ਸਰੂਪਾਂ ਸਮੇਤ ਸਿੱਖ ਇਤਿਹਾਸ, ਗੁਰਇਤਿਹਾਸ ਦੇ ਸਰੋਤ, ਗੁਰੂ ਸਾਹਿਬ ਦੇ ਹੱਥ ਲਿਖਤ ਹੁਕਮਨਾਮੇ ਅਗਨ ਭੇਟ ਕਰ ਦਿੱਤੇ ਗਏ। ਇਸ ਖੂਨੀ ਅਤੇ ਅੱਤ ਵਹਿਸ਼ੀ ਹਮਲੇ ਨੂੰ ਸਿੱਖ ਕੌਮ ਸਦਾ ਯਾਦ ਰੱਖੇਗੀ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਨਵੀਂ ਕਮੇਟੀ ਦਾ ਗਠਨ



**ਸੈਕਰਾਮੈਂਟੋ/ਏਟੀ ਨਿਊਜ਼ :**

"ਆਓ ਕਲਮਾਂ ਵਾਲਿਓ, ਆਓ ਅਕਲਾਂ ਵਾਲਿਓ,
ਆਓ ਗੱਲ ਵਿਚਾਰੀਏ!
ਆਓ ਰਲ਼ ਮਿਲ ਬੈਠ ਕੇ, ਮਾਂ-ਬੋਲੀ ਸਤਿਕਾਰੀਏ!
ਜੇਹਦੇ 'ਚ ਲਈਆਂ ਲੋਰੀਆਂ, ਜੇਹਦੇ 'ਚ ਲਏ ਹੁਲਾਰ ਨੇ!
ਸਾਡੇ ਸਿਰ ਪੰਜਾਬੀ ਮਾਂ ਦੇ, ਤਾਂ ਯਾਰੋ ਕਰਜ਼ ਹਜ਼ਾਰ ਨੇ!
ਆਓ ਕਿ ਜਿੰਨਾ ਹੋ ਸਕੇ, ਥਰੀਕੇ ਭਾਰ ਉਤਾਰੀਏ!
ਆਓ ਰਲ਼ ਮਿਲ ਬੈਠਕੇ, ਮਾਂ ਬੋਲੀ ਸਤਿਕਾਰੀਏ!!"

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ਯੂਬਾ ਸਿਟੀ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ 27 ਮਈ 2019 ਦਿਨ ਸੋਮਵਾਰ ਬਾਅਦ ਦੁਪਹਿਰ 2 ਤੋਂ 4 ਵਜੇ ਤਕ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਨਵੀਂ ਪ੍ਰਬੰਧਕੀ ਕਮੇਟੀ ਦੇ ਗਠਨ ਸਬੰਧੀ ਇੱਕ ਵਿਸ਼ੇਸ਼ ਮੀਟਿੰਗ ਹੋਈ। ਸਭਾ ਦੇ ਨਵੇਂ ਬਣੇ ਪ੍ਰਧਾਨ (2019 ਤੋਂ 2021 ਤਕ) ਇੰਦਰਜੀਤ ਸਿੰਘ ਗਰੇਵਾਲ ਥਰੀਕੇ ਦੀ ਪ੍ਰਧਾਨਗੀ ਹੇਠ ਕਬਾਬ ਕਾਰਨਰ 1001 ਜੈਫਰਸਨ ਬੁਲੇਵਾਰਡ ਵੈਸਟ ਸੈਕਰਾਮੈਂਟੋ ਵਿਖੇ ਹੋਈ ਇਸ ਮੀਟਿੰਗ ਵਿਚ ਪਸਸਕ ਨੂੰ ਉਸਾਰੂ ਢੰਗ ਨਾਲ ਚਲਾਉਣ ਅਤੇ ਪਸਸਕ ਦੀਆਂ ਗਤੀਵਿਧੀਆਂ ਨੂੰ ਨਿਰੰਤਰ ਚੱਲਦੇ ਰੱਖਣ ਤੇ ਮਾਂ ਬੋਲੀ ਪੰਜਾਬੀ ਦੇ ਪਾਸਾਰ ਅਤੇ ਪ੍ਰਚਾਰ ਨੂੰ ਤੇਜ਼ ਗਤੀ ਦੇਣ ਲਈ ਅਗਲੇ ਦੋ ਸਾਲ ਵਾਸਤੇ ਕਮੇਟੀ ਦਾ ਵਿਸਥਾਰ ਇਸ ਤਰਾਂ ਕੀਤਾ ਗਿਆ। ਨਵੀਂ ਕਮੇਟੀ ਵਿਚ ਪ੍ਰਧਾਨ-ਇੰਦਰਜੀਤ ਸਿੰਘ ਗਰੇਵਾਲ 'ਥਰੀਕੇ', ਉੱਪ ਪ੍ਰਧਾਨ-ਕਮਲ 'ਬੰਗਾ', ਸਲਾਹਕਾਰ-ਦਲਵੀਰ ਦਿਲ 'ਨਿੱਜਰ', ਜਨਰਲ ਸਕੱਤਰ-ਰਮੇਸ਼ 'ਬੰਗੜ' , ਸਹਾਇਕ/ਸਾਹਿਤ ਸਕੱਤਰ-ਜੋਤੀ ਸਿੰਘ, ਸ਼ੋਸ਼ਿਲ ਮੀਡੀਆ ਕੋਆਰਡੀਨੇਟਰ-ਗੁਰਿੰਦਰ ਸਿੰਘ 'ਸੂਰਾਪੁਰੀ', ਪ੍ਰਬੰਧਕ/ਆਰਗੇਨਾਈਜ਼ਰ-ਪ੍ਰਮਿੰਦਰ ਸਿੰਘ 'ਰਾਏ' ਅਤੇ ਦਿਲਬਾਗ ਸਿੰਘ ਸ਼ਾਮਿਲ ਹਨ। ਪਸਸਕ ਦੇ ਸਰਪ੍ਰਸਤ-ਸ੍ਰ. ਮਹਿੰਦਰ ਸਿੰਘ 'ਘੱਗ' ਅਤੇ ਸਥਾਈ ਡਾਇਰੈਕਟਰ-ਸ੍ਰ. ਹਰਬੰਸ ਸਿੰਘ 'ਢਿੱਲੋਂ' ਜਗਿਆਸੂ ਹਨ। ਅੱਜ ਦੀ ਕਾਰਜਕਰਨੀ ਦੀ ਮੀਟਿੰਗ ਵਿੱਚ ਇਹਨਾਂ ਅਹੁਦਿਆਂ ਨੂੰ ਕਰਮਵਾਰ ਸਵੀਕਾਰਦਿਆਂ ਸਨਮਾਨਯੋਗ ਅਹੁਦੇਦਾਰਾਂ ਨੇ ਪਸਸਕ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਫੈਲਾਉਣ ਅਤੇ ਪਰਚਾਰਨ ਵਿੱਚ ਆਪਣੀਆਂ ਸੌ ਪ੍ਰਤੀਸ਼ਤ ਕੋਸ਼ਿਸ਼ਾਂ ਕਰਨ ਲਈ ਵਚਨਬੱਧਤਾ ਪ੍ਰਗਟਾਈ। ਪਸਸਕ ਦੀਆਂ ਮੀਟਿੰਗਾਂ ਵਿੱਚ ਭਰਵੀਂ ਹਾਜ਼ਰੀ ਲਈ ਨਵੇਂ ਮੈਂਬਰਾਂ ਦੀ ਭਰਤੀ ਲਈ ਅਤੇ ਹੋਰ ਵੀ ਕਈ ਤਰ੍ਹਾਂ ਦੇ ਮਸਲਿਆਂ ਉੱਪਰ ਭਰਪੂਰ ਵਿਚਾਰ ਵਟਾਂਦਰੇ ਕੀਤੇ ਗਏ।

ਕਬਾਬ ਕਾਰਨਰ ਦੇ ਮਾਲਕ ਕਾਇਸਰ ਸ਼ਾਹਯਾਦ ਵਲੋਂ ਪਸਸਕ ਕਾਰਜਕਰਨੀ ਕਮੇਟੀ ਨੂੰ ਚਾਹ ਪਾਣੀ ਅਤੇ ਪਕੌੜਿਆਂ ਨਾਲ ਅਤੇ ਆਪਣੇ ਰੈਸਟੋਰੈਂਟ ਤੇ ਮੀਟਿੰਗ ਕਰਨ ਲਈ ਪੂਰਾ ਭੇਟਾ ਰਹਿਤ ਸਹਿਯੋਗ ਦਿੱਤਾ ਗਿਆ, ਜਿਸ ਦਾ ਸਮੁੱਚੀ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਵਲੋਂ ਬਹੁਤ ਬਹੁਤ ਧੰਨਵਾਦ ਕੀਤਾ ਗਿਆ। ਸਭਾ ਦੇ ਮੈਂਬਰ ਬਣ ਕੇ ਸਰਗਰਮੀਆਂ ਵਿਚ ਭਾਗ ਲੈਣ ਲਈ ਜਾਂ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਗਰੇਵਾਲ-916-248-1535, ਬੰਗੜ-916-821-2175 ਫੋਨ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਖਾਲਿਸਤਾਨ ਕਮਾਂਡੋ ਫੋਰਸ ਦਾ ਖਾੜਕੂ ਗ੍ਰਿਫ਼ਤਾਰ ਕਰਨ ਦਾ ਦਾਅਵਾ

**ਜਲੰਧਰ/ਏਟੀ ਨਿਊਜ਼ :**
ਕਾਊਂਟਰ ਇੰਟੈਲੀਜੈਂਸ ਵਿੰਗ ਅਤੇ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਨੇ ਖਾਲਿਸਤਾਨ ਕਮਾਂਡੋ ਫੋਰਸ ਨਾਲ ਸਬੰਧਤ ਇਕ ਮੈਂਬਰ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ, ਜਿਸ ਦੀ ਪਹਿਚਾਣ ਪਿੰਡ ਜਗਰਾਵਾਂ ਦੇ ਕੁਲਵੰਤ ਸਿੰਘ ਉਰਫਕੰਤਾ ਵਲੈਤੀਆਵਜੋਂ ਹੋਈ ਹੈ। ਏਆਈਜੀ. ਕਾਊਂਟਰ ਇੰਟੈਲੀਜੈਂਸ, ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਖਾੜਕੂਵਾਦ ਦੇ ਸਮੇਂ



ਦੌਰਾਨ ਇਹ ਪੂਰਾ ਸਰਗਰਮ ਸੀ ਅਤੇ ਉਸ ‘ਤੇ 15 ਤੋਂ ਵੱਧ ਕੇਸ ਦਰਜ ਸਨ। ਉਨ੍ਹਾਂ ਨੇ ਦੱਸਿਆ ਕਿ ਸੂਹ ਮਿਲਣ ‘ਤੇ ਇਸ ਸਬੰਧੀ ਜਾਣਕਾਰੀ ਨੂੰ ਅੰਮ੍ਰਿਤਸਰ ਪੁਲਸ ਕਮਿਸ਼ਨਰ ਨਾਲ ਸਾਂਝਾ ਕੀਤਾ ਅਤੇ ਕੁਲਵੰਤ ਸਿੰਘ ਕੰਤਾ ਨੂੰ ਗ੍ਰਿਫਤਾਰ ਕਰਨ ਲਈ ਕਾਊਂਟਰ ਇੰਟੈਲੀਜੈਂਟ ਜਲੰਧਰ ਅਤੇ ਸਟਾਫ਼ ਕਮਿਸ਼ਨਰੇਟ ਅੰਮ੍ਰਿਤਸਰ ਦੀ ਸੰਯੁਕਤ ਟੀਮ ਬਣਾਈ ਗਈ। ਇਸ ਟੀਮ ਨੇ ਛਾਪੇਮਾਰੀ ਕਰ ਕੇ ਕੰਤੇ ਨੂੰ ਉਸ ਦੇ ਪਿੰਡ ਜਗਰਾਵਾਂ ਤੋਂ ਗ੍ਰਿਫਤਾਰ ਕਰ ਲਿਆ। ਮੁੱਢਲੀ ਪੁੱਛਗਿੱਛ ਦੌਰਾਨ ਕੰਤੇ ਨੇ ਦੱਸਿਆ ਕਿ ਉਹ ਖਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂਆਂ ਬਲਵਿੰਦਰ ਸਿੰਘ ਅਤੇ ਮਨਕ ਰਾਏ ਦਾ ਨਜ਼ਦੀਕੀ ਸਾਥੀ ਰਿਹਾ ਹੈ ਅਤੇ ਉਨ੍ਹਾਂ ਦੇ ਨਾਲ ਉਸ ਨੇ ਸਰਗਰਮ ਭੂਮਿਕਾ ਨਿਭਾਈ ਸੀ। ਸਾਲ 1988-89 ਵਿਚ ਉਹ ਇੰਗਲੈਂਡ ਚਲੇ ਗਿਆ ਸੀ ਅਤੇ ਸਾਲ 2011 ਵਿਚ ਭਾਰਤ ਵਾਪਸ ਆ ਗਿਆ। ਕੁਲਵੰਤ ਸਿੰਘ ਉਰਫ ਕੰਤਾ ਨੂੰ ਵਧੀਕ ਸ਼ੈਸ਼ਨਜ ਜੱਜ ਅੰਮ੍ਰਿਤਸਰ ਸ੍ਰੀ ਵਿਨੋਦ ਕੁਮਾਰ ਗੋਇਲ ਦੀ ਅਦਾਲਤ ਵੱਲੋਂ ਮਿਤੀ 31 ਅਗਸਤ-17 ਨੂੰ ਥਾਣਾ ਛੇਹਰਟਾ ਅੰਮ੍ਰਿਤਸਰ ਤੋਂ ਭਗੌੜਾ ਕਰਾਰ ਦਿੱਤਾ ਗਿਆ ਸੀ।

# ਪੰਜਾਬ ’ਚ ਬਸਪਾ ਉਭਾਰ ਵੱਲ ਪਰ ‘ਆਪ’ ਨਿਘਰੀ

**ਜਲੰਧਰ /ਵਿਸ਼ੇਸ਼ ਰਿਪੋਰਟਰ :**
17ਵੀਂ ਲੋਕ ਸਭਾ ਦੇ ਹਲਕਾ ਜਲੰਧਰ ਦੇ ਆਏ ਨਤੀਜਿਆਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ 20 14 ਦੀਆਂ ਲੋਕ ਸਭਾ ਚੋਣਾਂ ਦੌਰਾਨ ਹਲਕੇ ਅੰਦਰ ਦੁੱਧ ਦੇ ਉਬਾਲ ਵਾਂਗ ਉਭਰ ਕੇ ਸਾਹਮਣੇ ਆਈ ਆਮ ਆਦਮੀ ਪਾਰਟੀ ਇਨ੍ਹਾਂ ਚੋਣਾਂ ਦੌਰਾਨ ਇਕਦਮ ਹੇਠਾਂ ਚਲੀ ਗਈ ਹੈ। ਇਸ ਦੇ ਉਲਟ 2014 ਦੀਆਂ ਚੋਣਾਂ ਵਿਚ ਹੋਂਦ ਲਈ ਜੱਦੋ-ਜਹਿਦ ਕਰਨ ਵਾਲੀ ਬਸਪਾ ਇਨ੍ਹਾਂ ਚੋਣਾਂ ਦੌਰਾਨ ਹੈਰਾਨੀਜਨਕ ਢੰਗ ਨਾਲ ਸਿਆਸੀ ਨਕਸ਼ੇ ’ਤੇ ਚਮਕੀ ਹੈ।
ਬਸਪਾ ਲੋਕ ਸਭਾ 2019 ਚੋਣਾਂ ਵਿਚ ਪੰਜਾਬ ਜਮਹੂਰੀ ਗਠਜੋੜ ਦਾ ਹਿੱਸਾ ਬਣੀ ਤੇ ਤਿੰਨ ਸੀਟਾਂ ਜਲੰਧਰ, ਹੁਸ਼ਿਆਰਪੁਰ ਤੇ ਅਨੰਦਪੁਰ ਸਾਹਿਬ ਤੋਂ ਆਪਣੇ ਉਮੀਦਵਾਰ ਖੜ੍ਹੇ ਕੀਤੇ। ਇਨ੍ਹਾਂ ਤਿੰਨ ਸੀਟਾਂ ’ਤੇ ਪਈਆਂ ਕੁੱਲ ਵੋਟਾਂ ਦਾ 3.49 ਫ਼ੀਸਦੀ ਹਿੱਸਾ ਬਸਪਾ ਦੇ ਹਿੱਸੇ ਆਇਆ ਜਦਕਿ ਇਸ ਤੋਂ ਪਹਿਲਾਂ ਵੋਟ ਹਿੱਸੇਦਾਰੀ ਦੇ ਮਾਮਲੇ ਵਿਚ ਬਸਪਾ ਦੀ ਹਿੱਸੇਦਾਰੀ ਘਟ ਕੇ ਸਿਰਫ਼ 1.5 ਫੀਸਦੀ ਰਹਿ ਗਈ ਸੀ। ਤਿੰਨੇ ਸੀਟਾਂ ’ਤੇ 4.79 ਲੱਖ ਵੋਟਾਂ ਬਸਪਾ ਉਮੀਦਵਾਰਾਂ ਨੇ ਹਾਸਲ ਕੀਤੀਆਂ ਜਦਕਿ 2014 ਵਿਚ ਪਾਰਟੀ ਨੂੰ ਸਿਰਫ਼ 2.63 ਲੱਖ ਵੋਟਾਂ ਪਈਆਂ ਸਨ।
ਜਲੰਧਰ (ਰਿਜ਼ਰਵ) ਤੋਂ ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2.4 ਵੱਖ ਵੋਟਾਂ ਹਾਸਲ ਕਰ ਕੇ ਬਿਹਤਰ ਪ੍ਰਦਰਸ਼ਨ ਕੀਤਾ। ਕਾਂਗਰਸ ਦੇ ਜੇਤੂ ਸੰਤੋਖ ਸਿੰਘ ਚੌਧਰੀ ਨੂੰ 385712 ਅਤੇ ਅਕਾਲੀ ਦਲ ਬਾਦਲ ਦੇ ਚਰਨਜੀਤ ਸਿੰਘ ਅਟਵਾਲ ਨੂੰ 366221 ਵੋਟਾਂ ਮਿਲੀਆਂ ਹਨ ਜਦੋਂਕਿ ਪੀਡੀਏ-ਬਸਪਾ ਦੇ ਬਲਵਿੰਦਰ ਕੁਮਾਰ ਨੂੰ 20 4783 ਅਤੇ ‘ਆਪ’ ਪਾਰਟੀ ਦੇ ਉਮੀਦਵਾਰ ਜਸਟਿਸ ਜੋਰਾ ਸਿੰਘ ਨੂੰ 25467 ਵੋਟਾਂ ਪਈਆਂ ਹਨ।
ਹੁਸ਼ਿਆਰਪੁਰ (ਰਿਜ਼ਰਵ) ਤੋਂ ਪਾਰਟੀ ਉਮੀਦਵਾਰ ਖੁਸ਼ੀ ਰਾਮ ਨੂੰ 1.28 ਲੱਖ ਵੋਟਾਂ ਤੇ ਆਨੰਦਪੁਰ ਸਾਹਿਬ ਤੋਂ ਵਿਕਰਮ ਸਿੰਘ ਸੋਢੀ ਨੂੰ 1.46 ਲੱਖ ਵੋਟਾਂ ਮਿਲੀਆਂ। ਚੋਣ ਨਤੀਜਿਆਂ ਮੁਤਾਬਕ ਤਿੰਨਾਂ ਸੀਟਾਂ ’ਤੇ ਬਸਪਾ ਤੀਜੇ ਨੰਬਰ ’ਤੇ ਰਹੀ ਜਦਕਿ ਪੰਜਾਬ ਵਿਚ ਵਿਰੋਧੀ ਧਿਰ ਦਾ ਰੁਤਬਾ ਹਾਸਲ ਆਮ ਆਦਮੀ ਪਾਰਟੀ ਇਨ੍ਹਾਂ ਸੀਟਾਂ ’ਤੇ ਚੌਥੇ ਨੰਬਰ ’ਤੇ ਆਈ।
ਕਿਸੇ ਵੇਲੇ ਪੰਜਾਬ ਵਿਚ 15 ਫੀਸਦੀ ਤਕ ਵੋਟਾਂ ਹਾਸਲ ਕਰਨ ਵਾਲੀ ਬਸਪਾ ਹੌਲ਼ੀ-ਹੌਲ਼ੀ ਹਾਸ਼ੀਏ ਵੱਲ ਧੱਕੀ ਗਈ ਸੀ। ਇਹ ਪਹਿਲਾ ਮੌਕਾ ਹੈ ਜਦੋਂ ਬਸਪਾ ਨੇ ਆਪਣੇ ਵੋਟ ਬੈਂਕ ਨੂੰ ਵਧਾਉਣ ਦੀ ਕੋਸ਼ਿਸ਼ ਕੀਤੀ। ਆਖਰੀ ਦੌਰ ਵਿਚ ਹੋਈਆਂ ਪੰਜਾਬ ਦੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਅਰਵਿੰਦ ਕੇਜਰੀਵਾਲ,




ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਸਮੇਤ ਵੱਖ-ਵੱਖ ਪਾਰਟੀਆਂ ਦੇ ਕੇਂਦਰੀ ਨੇਤਾਵਾਂ ਨੇ ਸੂਬੇ ਵਿਚ ਧੂੰਆਂਧਾਰ ਪ੍ਰਚਾਰ ਕੀਤਾ। ਉੱਥੇ ਬਸਪਾ ਸੁਪਰੀਮੋ ਮਾਇਆਵਤੀ ਨੇ ਨਵਾਂਸ਼ਹਿਰ ਵਿਚ ਸਿਰਫ਼ ਇਕ ਰੈਲੀ ਨੂੰ ਸੰਬੋਧਨ ਕੀਤਾ। ਇਸ ਦੇ ਬਾਵਜੂਦ ਬਸਪਾ ਦੇ ਵੋਟ ਬੈਂਕ ਵਿਚ ਚੋਖਾ ਇਜ਼ਾਫਾ ਹੋਣਾ ਉਸ ਲਈ ਸ਼ੁੱਭ ਸੰਕੇਤ ਮੰਨੇ ਜਾ ਰਹੇ ਹਨ ਜਦਕਿ ਦੂਜੇ ਪਾਸੇ ਖੱਬੇ ਪੱਖੀ ਪਾਰਟੀਆਂ ਦੀ ਪੂਰੇ ਦੇਸ਼ ਵਾਂਗ ਪੰਜਾਬ ਵਿਚ ਵੀ ਹਾਲਤ ਸੁਧਰਨ ਦੀ ਬਜਾਏ ਨਿੱਘਰੀ ਹੀ ਹੈ। ਕਨੱਈਆ ਦਾ ਜਾਦੂ ਵੀ ਖੱਬੇ ਪੱਖੀ ਪਾਰਟੀਆਂ ਨੂੰ ਬਚਾ ਨਹੀਂ ਸਕਿਆ। ਕਨੱਈਆ ਵੀ ਬੁਰੀ ਤਰ੍ਹਾਂ ਹਾਰੇ ਹਨ।
ਪੰਜਾਬ ਜਮਹੂਰੀ ਗਠਜੋੜ ਦਾ ਹਿੱਸਾ ਬਣੇ ਸੀਪੀਆਈ ਅਤੇ ਆਰਐੱਮਪੀਆਈ ਦੇ ਉਮੀਦਵਾਰ ਬਿਹਤਰ ਪ੍ਰਦਰਸ਼ਨ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ। ਅਜਿਹੇ ਵਿਚ ਫਿਰ ਤੋਂ ਸੂਬੇ ਵਿਚ ਬਸਪਾ ਦਾ ਉਭਾਰ ਪੰਜਾਬ ਦੇ ਸਿਆਸੀ ਸਮੀਕਰਨਾਂ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ। ਇਥੇ ਦੱਸਣਯੋਗ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਜਦੋਂ ਆਮ ਆਦਮੀ ਪਾਰਟੀ ਦੇ ਸੂਬੇ ਵਿਚੋਂ 20 ਤੋਂ ਵੱਧ ਵਿਧਾਇਕ ਚੁਣੇ ਗਏ ਸਨ ਤਾਂ ਜਲੰਧਰ ਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਤਾਂ ਵੀ ਆਪ ਦਾ ਕੋਈ ਵੀ ਵਿਧਾਇਕ ਨਹੀਂ ਚੁਣਿਆ ਗਿਆ ਸੀ ਹਾਲਾਂ ਕਿ ਉਸ ਦੇ ਉਮੀਦਵਾਰਾਂ ਨੂੰ ਬਸਪਾ ਦੇ ਮੁਕਾਬਲੇ ਕਈ ਗੁਣਾ ਵੱਧ ਵੋਟਾਂ ਪਈਆਂ ਸਨ।
ਇਸ ਸਬੰਧੀ ਗੱਲਬਾਤ ਕਰਦਿਆਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ ਦੱਸਿਆ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਨੇ ਕਰਤਾਰਪੁਰ ਹਲਕੇ ਤੋਂ ਵਿਧਾਇਕ ਦੀ ਚੋਣ ਲੜੀ ਸੀ, ਜਿਥੋਂ ਉਨ੍ਹਾਂ ਨੂੰ 5208 ਵੋਟਾਂ ਮਿਲੀਆਂ ਸਨ। ਇਸ ਹਲਕੇ ਤੋਂ ਇਸ ਵਾਰ ਉਨ੍ਹਾਂ ਨੇ 31047 ਵੋਟਾਂ ਹਾਸਲ ਕੀਤੀਆਂ ਹਨ ਅਤੇ ਹੋਰਨਾਂ ਹਲਕਿਆਂ ਵਿਚ ਬਸਪਾ ਦਾ ਵੋਟ ਫੀਸਦੀ ਪਹਿਲਾਂ ਦੇ ਮੁਕਾਬਲੇ ਡੇਢ ਫੀਸਦੀ ਤੋਂ ਵਧ ਵਧਿਆ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਹਲਕੇ ਦੇ ਪਾਰਟੀ ਆਗੂਆਂ ਤੇ ਵਰਕਰਾਂ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੇ ਗਏ ਕੰਮਾਂ ਅਤੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਦਾ ਨਤੀਜਾ ਹੈ। ਪਾਰਟੀ ਨੂੰ ਇਸ ਦਾ ਫਾਇਦਾ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਜ਼ਰੂਰ ਮਿਲੇਗਾ।
ਓਧਰ ‘ਆਪ’ ਪਾਰਟੀ ਦੇ ਸੂਬਾ ਉਪ ਪ੍ਰਧਾਨ ਡਾ. ਸੰਜੀਵ ਸ਼ਰਮਾ ਨੇ ਮੰਨਿਆ ਕਿ ਪਾਰਟੀ ਦੀ ਜੋ ਹਵਾ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੀ, ਉਹ ਇਸ ਵਾਰ ਨਜ਼ਰ ਨਹੀਂ ਆਈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਹਲਕਿਆਂ ਵਿਚ ਪਾਰਟੀ ਨੂੰ ਹਜ਼ਾਰਾਂ ਦੇ ਹਿਸਾਬ ਨਾਲ ਵੋਟਾਂ ਪਈਆਂ ਸਨ, ਉਹ ਸੈਂਕੜਿਆਂ ਵਿਚ ਹੀ ਰਹਿ ਗਈਆਂ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵੱਡੇ ਆਗੂ ‘ਆਪ’ ਦੇ ਹੱਕ ਵਿਚ ਬਣੀ ਲਹਿਰ ਨੂੰ ਕੇਡਰ ਵਿਚ ਬਦਲ ਨਹੀਂ ਸਕੇ ਜਦੋਂਕਿ ਅਜਿਹਾ ਕਰਨ ਦੀ ਲੋੜ ਸੀ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਪੰਜਾਬ ਦੇ ਸੱਤ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਹੋਣ ਦੇ ਆਸਾਰ

**ਹੁਸ਼ਿਆਰਪੁਰ/ਏਟੀ ਨਿਊਜ਼ :** ਪੰਜਾਬ ਦੇ ਸੱਤ ਵਿਧਾਨ ਸਭਾ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਹੋਣ ਦੇ ਆਸਾਰ ਹਨ ਤੇ ਇਹ ਚੋਣਾਂ ਇੱਕੋ ਵੇਲੇ ਹੀ ਹੋਣ ਦੀ ਸੰਭਾਵਨਾ ਹੈ। ਪੰਜਾਬ ਵਿੱਚ ਲੋਕ ਸਭਾ ਲਈ ਦੋ ਮੌਜੂਦਾ ਵਿਧਾਇਕ ਚੁਣੇ ਗਏ ਹਨ। ਜਲਾਲਾਬਾਦ ਤੋਂ ਵਿਧਾਇਕ ਸੁਖਬੀਰ ਸਿੰਘ ਬਾਦਲ, ਜੋ ਫਿਰੋਜ਼ਪੁਰ ਤੋਂ ਸੰਸਦੀ ਚੋਣ ਜਿੱਤੇ ਹਨ ਤੇ ਫਗਵਾੜਾ ਤੋਂ ਵਿਧਾਇਕ ਸੋਮ ਪ੍ਰਕਾਸ਼ ਹੁਸ਼ਿਆਰਪੁਰ ਤੋਂ ਐਮਪੀ ਚੁਣੇ ਗਏ ਹਨ। ਹੁਣ ਇਹ ਦੋਵੇਂ ਸੀਟਾਂ ਅਗਲੇ ਦਿਨਾਂ ਵਿੱਚ ਖਾਲੀ ਹੋ ਜਾਣਗੀਆਂ ਤੇ ਇਨ੍ਹਾਂ ਦੋਵਾਂ ਸੀਟਾਂ ਤੇ ਜ਼ਿਮਨੀ ਚੋਣਾਂ ਹੋਣੀਆਂ ਤੈਅ ਹਨ।ਆਮ ਆਦਮੀ ਪਾਰਟੀ ਛੱਡ ਕੇ ਕਾਂਗਰਸ ਸ਼ਾਮਲ ਹੋਏ ਮਾਨਸਾ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਤੇ ਰੂਪਨਗਰ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਵੀ ਆਪੋ ਆਪਣਾ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਚੁੱਕੇ ਹਨ। ਸੁਖਪਾਲ ਖਹਿਰਾ ਨੇ ਭੁਲੱਥ ਹਲਕੇ ਤੋਂ ਆਪਣੀ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦਿੱਤਾ ਹੋਇਆ ਹੈ। ਲੁਧਿਆਣਾ ਜ਼ਿਲ੍ਹੇ ਦੇ ਹਲਕਾ ਦਾਖਾ ਤੋਂ ਵਿਧਾਇਕ ਤੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਵੀ ਵਿਧਾਨ ਸਭਾ ਤੋਂ ਆਪਣਾ ਅਸਤੀਫ਼ਾ ਦੇ ਚੁੱਕੇ ਹਨ। ਦੋਵਾਂ ਦੇ ਅਸਤੀਫ਼ਿਆਂ 'ਤੇ ਅੰਤਮ ਫੈਸਲਾ ਹੋਣਾ ਬਾਕੀ ਹੈ। ਜੇਕਰ ਵਿਧਾਨ ਸਭਾ ਦੇ ਸਪੀਕਰ ਉਨ੍ਹਾਂ ਦੇ ਅਸਤੀਫ਼ੇ ਪ੍ਰਵਾਨ ਕਰ ਲੈਂਦੇ ਹਨ ਤਾਂ ਇੱਥੇ ਦੋ ਜ਼ਿਮਨੀ ਚੋਣਾਂ ਹੋਰ ਹੋ ਸਕਦੀਆਂ ਹਨ, ਜੋ ਲਗਪਗ ਤੈਅ ਹੈ।ਹਲਕਾ ਜੈਤੋ ਜਿੱਥੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਮਾਸਟਰ ਬਲਦੇਵ ਸਿੰਘ ਨੇ ਪੀਡੀਏ ਵੱਲੋਂ ਚੋਣ ਲੜੀ ਜੋ ਦਲ ਬਦਲੀ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਦੀ ਵਿਧਾਇਕੀ ਉਪਰ ਤਲਵਾਰ ਲਟਕ ਰਹੀ ਹੈ ਤੇ ਮਾਸਟਰ ਬਲਦੇਵ ਸਿੰਘ ਦੀ ਵਿਧਾਨ ਸਭਾ ਮੈਂਬਰਸ਼ਿਪ ਜਾਣੀ ਵੀ ਤੈਅ ਮੰਨੀ ਜਾ ਰਹੀ ਹੈ, ਤੇ ਇੱਥੇ ਵੀ ਜ਼ਿਮਨੀ ਚੋਣ ਹੋ ਸਕਦੀ ਹੈ।

## ਰਾਜਨੀਤੀ ਦੇ ਵੱਡੇ ਥੰਮ ਜੋ ਡਿੱਗ ਗਏ

**ਦਿੱਲੀ/ਏਟੀ ਨਿਊਜ਼ :** ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅਮੇਠੀ ਤੋਂ ਅਪਣੀ ਹਾਰ ਪ੍ਰਵਾਨ ਕਰਦਿਆਂ ਸਮ੍ਰਿਤੀ ਈਰਾਨੀ ਨੂੰ ਵਧਾਈ ਦਿਤੀ । ਰਾਹੁਲ ਗਾਂਧੀ ਕੇਰਲਾ ਦੀ ਵਾਇਨਾਡ ਸੀਟ ਤੋਂ ਭਾਰੀ ਫ਼ਰਕ ਨਾਲ ਜਿੱਤੇ ਹਨ। ਸਾਬਕਾ ਪ੍ਰਧਾਨ ਮੰਤਰੀ ਐਚਡੀ. ਦੇਵਗੌੜਾ ਕਰਨਾਟਕ ਦੇ ਤੁਮਕੁਰ ਤੋਂ ਹਾਰ ਗਏ। ਕਾਂਗਰਸ ਦੇ ਜਯੋਤੀਰਦਿਤਿਆ ਸਿੰਧੀਆ ਮੱਧ ਪ੍ਰਦੇਸ਼ ਦੀ ਗੁਣਾ ਸੀਟ ਤੋਂ 1.15 ਲੱਖ ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਆਜ਼ਾਦ ਉਮੀਦਵਾਰ ਸੁਮਨਲਤਾ ਨੇ ਕਰਨਾਟਕ ਦੇ ਮੁੱਖ ਮੰਤਰੀ ਕੁਮਾਰਾਸਵਾਮੀ ਦੇ ਮੁੰਡੇ ਨਿਖਿਲ ਕੁਮਾਰਸਵਾਮੀ ਨੂੰ ਹਰਾ ਦਿਤਾ। ਕਾਂਗਰਸ ਦੇ ਸ਼ਤਰੂਘਣ ਸਿਨਹਾ ਪਟਨਾ ਸਾਹਿਬ ਸੀਟ ਤੋਂ ਭਾਜਪਾ ਦੇ ਰਵੀਸ਼ੰਕਰ ਪ੍ਰਸਾਦ ਕੋਲੋਂ ਭਾਰੀ ਫ਼ਰਕ ਨਾਲ ਹਾਰ ਗਏ । ਯੂਪੀ ਦੇ ਰਾਮਪੁਰ ਤੋਂ ਜਯਾ ਪ੍ਰਦਾ ਨੂੰ ਆਜ਼ਮ ਖ਼ਾਨ ਤੋਂ ਹਾਰ ਸਾਹਮਣਾ ਕਰਨਾ ਪਿਆ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਤੋਂ ਇਲਾਵਾ ਕੁਲਦੀਪ ਬਿਸ਼ਨੋਈ, ਦੁਸ਼ਯੰਤ ਚੌਟਾਲਾ, ਵੈਭਵ ਗਹਿਲੋਤ, ਚੌਧਰੀ ਅਜੀਤ ਸਿੰਘ, ਡਿੰਪਲ ਯਾਦਵ, ਧਰਮਿੰਦਰ ਯਾਦਵ, ਅਕਸ਼ੈ ਯਾਦਵ, ਮੀਸਾ ਯਾਦਵ ਨੂੰ ਵੀ ਹਾਰ ਮਿਲੀ ਹੈ। ਵਿਦਿਆਰਥੀ ਆਗੂ ਕਨੱਈਆ ਕੁਮਾਰ 4 ਲੱਖ ਤੋਂ ਵੱਧ ਵੋਟਾਂ ਤੇ ਹਾਰ ਗਏ।

# ਮੰਤਰੀਆਂ ਦੇ ਅਸਤੀਫਿਆਂ ਤੋਂ ਕੈਪਟਨ ਮੁੱਕਰੇ

**ਚੰਡੀਗੜ੍ਹ/ਏਟੀ ਨਿਊਜ਼ :**
ਦੇਸ਼ 'ਚ ਮੋਦੀ ਲਹਿਰ ਅਤੇ ਗੁਆਂਢੀ ਸੂਬਿਆਂ ਦੇ ਮੁਕਾਬਲੇ ਬੇਸ਼ੱਕ ਪੰਜਾਬ 'ਚ ਕਾਂਗਰਸ ਨੇ ਅੱਠ ਸੀਟਾਂ ਜਿੱਤ ਲਈਆਂ ਹਨ ਪਰ ਕੈਪਟਨ ਵਜ਼ਾਰਤ ਦੇ ਪੰਜ ਵਜ਼ੀਰ ਆਪਣੇ ਹਲਕਿਆਂ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਣ ਵਿਚ ਫੇਲ੍ਹ ਹੋਏ ਹਨ। ਯਾਨੀ ਦੋ ਸਾਲਾਂ ਬਾਅਦ ਹੋਈਆਂ ਚੋਣਾਂ ਵਿਚ ਮੰਤਰੀ ਆਪਣੇ ਹਲਕਿਆਂ ਤੋਂ ਚੋਣ ਹਾਰ ਗਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਆਪਣੇ ਕਹੇ ਅਨੁਸਾਰ ਇਨ੍ਹਾਂ ਮੰਤਰੀਆਂ ਤੋਂ ਅਸਤੀਫ਼ਾ ਲੈਣਗੇ ? ਹਾਲਾਂਕਿ ਬੀਤੇ ਦਿਨੀਂ ਚੋਣ ਨਤੀਜਿਆਂ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਮੰਤਰੀਆਂ ਅਤੇ ਵਿਧਾਇਕਾਂ ਖ਼ਿਲਾਫ਼ ਕਾਰਵਾਈ ਕਰਨ ਦੇ ਬਿਆਨ ਤੋਂ ਪਲਟਦਿਆਂ ਕਹਿ ਚੁੱਕੇ ਹਨ ਕਿ ਅਜਿਹਾ ਚੋਣਾਂ ਵਿਚ ਪਾਰਟੀ ਵਰਕਰਾਂ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਗਿਆ ਸੀ।



ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੀ ਹਾਰ ਨੇ ਕਾਂਗਰਸ ਨੂੰ ਵੱਡਾ ਝਟਕਾ ਦਿੱਤਾ ਹੈ। ਕਾਂਗਰਸ ਖ਼ਾਸ ਕਰਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮਿਸ਼ਨ 13 ਤਹਿਤ ਮੰਤਰੀਆਂ ਅਤੇ ਵਿਧਾਇਕਾਂ ਨੂੰ ਸਿੱਧੇ ਰੂਪ ਵਿਚ ਚਿਤਾਵਨੀ ਦਿੱਤੀ ਸੀ ਕਿ ਉਮੀਦਵਾਰ ਦੀ ਹਾਰ 'ਤੇ ਮੰਤਰੀ ਦੀ ਕੁਰਸੀ ਜਾ ਸਕਦੀ ਹੈ। ਜੇਕਰ ਆਏ ਨਤੀਜਿਆਂ ਦੀ ਘੋਖ ਕੀਤੀ ਜਾਵੇ ਤਾਂ ਕੈਪਟਨ ਦੇ ਚਾਰ ਵਜ਼ੀਰਾਂ ਦੇ ਹਲਕਿਆਂ 'ਚ ਕਾਂਗਰਸ ਦੇ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਗੁਰਦਾਸਪੁਰ ਹਲਕੇ ਤੋਂ ਸਿਰਫ਼ ਦੋ ਵਿਧਾਨ ਸਭਾ ਹਲਕਿਆਂ ਵਿਚ ਲੀਡ ਮਿਲੀ ਹੈ, ਜਦੋਂਕਿ ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ ਦੇ ਹਲਕੇ ਦੀਨਾਨਗਰ ਤੋਂ ਜਾਖੜ ਨੂੰ 51,998 ਵੋਟਾਂ ਮਿਲੀਆਂ ਹਨ, ਜਦੋਂਕਿ ਸੰਨੀ ਦਿਓਲ ਨੂੰ 72,520 ਵੋਟਾਂ ਮਿਲੀਆਂ ਹਨ। ਗੁਰਦਾਸਪੁਰ 'ਚ ਪੈਂਦੇ 9 ਵਿਧਾਨ ਸਭਾ ਹਲਕਿਆਂ ਵਿਚੋਂ ਸਿਰਫ਼ ਡੇਰਾ ਬਾਬਾ ਨਾਨਕ ਅਤੇ ਫ਼ਤਿਹਗੜ੍ਹ ਚੂੜੀਆਂ ਤੋਂ ਜਾਖੜ ਨੂੰ ਜਿੱਤ ਮਿਲੀ ਹੈ ਬਾਕੀ ਸੱਤ ਹਲਕਿਆਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਸੇ ਤਰ੍ਹਾਂ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਹਲਕਾ ਬਠਿੰਡਾ (ਸ਼ਹਿਰੀ) ਤੋਂ ਕਾਂਗਰਸ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਚੋਣ ਹਾਰੇ ਹਨ। ਇਥੋਂ ਰਾਜਾ ਵੜਿੰਗ ਨੂੰ 59,815 ਵੋਟਾਂ ਤੇ ਬੀਬਾ ਹਰਸਿਮਰਤ ਕੌਰ ਬਾਦਲ ਨੂੰ 63,558 ਵੋਟਾਂ ਮਿਲੀਆਂ ਹਨ।

ਇਸੇ ਤਰ੍ਹਾਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਹਲਕਾ ਗੁਰੂਹਰਸਹਾਏ ਜੋ ਫਿਰੋਜ਼ਪੁਰ ਲੋਕ ਸਭਾ ਹਲਕੇ ਵਿਚ ਪੈਂਦਾ ਹੈ ਤੋਂ ਕਾਂਗਰਸ ਦੇ ਉਮੀਦਵਾਰ ਸ਼ੇਰ ਸਿੰਘ ਘੁਬਾਇਆਨੂੰ 55,653 ਵੋਟਾਂ ਮਿਲੀਆਂ ਹਨ ਜਦੋਂਕਿ ਅਕਾਲੀ ਦਲ ਦੇ ਪ੍ਰਧਾਨ ਤੇ ਉਮੀਦਵਾਰ ਸੁਖਬੀਰ ਸਿੰਘ ਬਾਦਲ ਨੂੰ 63,283 ਵੋਟਾਂ ਮਿਲੀਆਂ ਹਨ। ਵੈਸੇ ਫਿਰੋਜ਼ਪੁਰ 'ਚ ਪੈਂਦੇ ਕੁੱਲ ਨੌਂ ਹਲਕਿਆਂ ਵਿਚੋਂ ਹੀ ਸੁਖਬੀਰ ਜੇਤੂ ਰਹੇ ਹਨ।

ਇਸੇ ਤਰ੍ਹਾਂ ਲੋਕ ਨਿਰਮਾਣ ਮੰਤਰੀ ਵਿਜੈਇੰਦਰ ਸਿੰਗਲਾ ਦੇ ਹਲਕੇ ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਕੇਵਲ ਸਿੰਘ ਢਲੋਂ ਵੱਡੇ ਅੰਤਰ ਨਾਲ ਚੋਣ ਹਾਰੇ ਹਨ। ਸੰਗਰੂਰ ਤੋਂ ਆਪ ਦੇ ਉਮੀਦਵਾਰ ਭਗਵੰਤ ਮਾਨ ਨੂੰ 52,453 ਵੋਟਾਂ ਮਿਲੀਆਂ ਹਨ ਜਦਕਿ ਕੇਵਲ ਸਿੰਘ ਢਿੱਲੋਂ ਨੂੰ 33,610 ਵੋਟਾਂ 'ਤੇ ਸਬਰ ਕਰਨਾ ਪਿਆ ਹੈ। ਉਦਯੋਗ ਮੰਤਰੀ ਸੁੰਦਰ ਸ਼ਿਆਮ ਅਰੋੜਾ ਦੇ ਹਲਕੇ ਹੁਸ਼ਿਆਰਪੁਰ ਤੋਂ ਕਾਂਗਰਸ ਦੇ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਹਾਰ ਗਏ ਹਨ। ਡਾ. ਚੱਬੇਵਾਲ ਨੂੰ 42,833 ਵੋਟਾਂ ਮਿਲੀਆਂ ਜਦੋਂਕਿ ਭਾਜਪਾ ਦੇ ਸੋਮ ਪ੍ਰਕਾਸ਼ 51,637 ਵੋਟਾਂ ਲੈਣ ਵਿਚ ਕਾਮਯਾਬ ਹੋਏ ਹਨ।

## ਪਰਨੀਤ ਕੌਰ ਖਿਲਾਫ ਡਾ. ਗਾਂਧੀ ਜਾਣਗੇ ਹਾਈਕੋਰਟ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਜਮਹੂਰੀ ਗੱਠਜੋੜ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਪਟਿਆਲਾ ਤੋਂ ਚੋਣ ਹਾਰ ਗਏ ਹਨ। ਕਾਂਗਰਸੀ ਉਮੀਦਵਾਰ ਪਰਨੀਤ ਕੌਰ ਇਸ ਹਲਕੇ ਤੋਂ ਵੱਡੀ ਲੀਡ ਨਾਲ ਜਿੱਤੇ ਹਨ। ਡਾ. ਗਾਂਧੀ ਤੀਜੇ ਨੰਬਰ 'ਤੇ ਰਹੇ ਹਨ। ਡਾ. ਗਾਂਧੀ ਨੇ ਕਿਹਾ ਹੈ ਕਿ ਉਹ ਚੋਣ ਕਮਿਸ਼ਨ ਤੇ ਪ੍ਰਨੀਤ ਕੌਰ ਖ਼ਿਲਾਫ਼ ਹਾਈਕੋਰਟ ਦਾ ਦਰਵਾਜ਼ਾ ਖੜਕਾਉਣਗੇ। ਉਨ੍ਹਾਂ ਨੇ ਬੀਜੇਪੀ ਦੀ ਜਿੱਤ ਦਾ ਕਾਰਨ ਵੀ ਮਸ਼ੀਨਾਂ ਨਾਲ ਗੜਬੜੀ ਨੂੰ ਦੱਸਿਆ।



ਡਾ. ਗਾਂਧੀ ਨੇ ਕਿਹਾ ਹੈ ਕਿ ਚੋਣਾਂ ਤੋਂ ਦੋ ਦਿਨ ਪਹਿਲਾਂ ਸਮਾਣਾ ਨੇੜਲੇ ਸ਼ੈਲਰ ਵਿੱਚ ਪ੍ਰਨੀਤ ਕੌਰ ਨੂੰ ਜਿਤਾਉਣ ਲਈ ਲੋਕਾਂ ਨੂੰ ਵਰਤਾਉਣ ਵਾਸਤੇ ਰੱਖੀ ਗਈ ਸ਼ਰਾਬ ਪੁਲਿਸ ਨੂੰ ਫੜਾਈ ਸੀ। ਇਸ ਬਾਬਤ ਪ੍ਰਨੀਤ ਕੌਰ ਖ਼ਿਲਾਫ਼ ਚੋਣ ਕਮਿਸ਼ਨ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਕਰਕੇ ਉਹ ਚੋਣ ਕਮਿਸ਼ਨ ਪੰਜਾਬ ਤੇ ਪ੍ਰਨੀਤ ਕੌਰ ਵਿਰੁੱਧ ਹਾਈਕੋਰਟ ਜਾਣਗੇ।

WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਪੰਜਾਬ 'ਚ ਬਾਦਲ ਜਿੱਤੇ ਪਰ ਅਕਾਲੀ ਦਲ ਹਾਰਿਆ

**✪ ਕਾਂਗਰਸ ਨੂੰ 8 ਤੇ 'ਆਪ' ਨੂੰ ਮਿਲੀ 1 ਸੀਟ ਦੇ ਮਾਅਨੇ ਜ਼ੀਰੋ ✪ ਪੰਜਾਬ ਹਿੱਤਾਂ ਦੀ ਗੱਲ ਕਰਨ ਵਾਲੇ ਖਹਿਰਾ ਤੇ ਬੀਰਦਵਿੰਦਰ ਦੀਆਂ ਜ਼ਮਾਨਤਾਂ ਜ਼ਬਤ**

**ਵਿਸ਼ੇਸ਼ ਰਿਪੋਰਟ : ਬਘੇਲ ਸਿੰਘ ਧਾਲੀਵਾਲ/ ਸੁਰਿੰਦਰਪਾਲ ਸਿੰਘ ਗੋਲਡੀ**

ਦੇਸ਼ ਭਰ ਵਿਚ ਭਾਜਪਾ ਦੀ ਅਗਵਾਈ ਵਿਚ ਝੁੱਲੀ ਵੋਟਾਂ ਦੀ ਹਨੇਰੀ ਦੇ ਬਾਵਜੂਦ ਭਾਵੇਂ ਪੰਜਾਬ ਨੇ ਸਾਰੇ ਭਾਰਤ ਤੋਂ ਵੱਖਰਾ ਮਿਜ਼ਾਜ ਕਾਇਮ ਰੱਖਿਆ ਹੈ ਪਰ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੇ ਟੱਬਰ ਨੇ ਆਪਣੀਆਂ ਦੋਵੇਂ ਲੋਕ ਸਭਾ ਸੀਟਾਂ ਜਿੱਤਣ ਦੇ ਬਾਵਜੂਦ ਇਕ ਸਦੀ ਪੁਰਾਣੀ ਪੰਥਕ ਪਾਰਟੀ ਅਕਾਲੀ ਦਲ ਦਾ ਭੋਗ ਪੈ ਗਿਆ ਹੈ। ਕਾਂਗਰਸ ਦੇਸ਼ ਦੇ ਬਾਕੀ ਸਭ ਸੂਬਿਆਂ ਵਿਚ ਬੜੀ ਬੁਰੀ ਤਰ੍ਹਾਂ ਹਾਰੀ ਹੈ; ਇਥੋਂ ਤੱਕ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਕਾਂਗਰਸ ਦੀ ਪੱਕੀ ਸੀਟ ਅਮੇਠੀ ਤੋਂ ਹਾਰ ਗਿਆ ਹੈ ਪਰ ਪੰਜਾਬ ਵਿਚ ਕਾਂਗਰਸ ਤੇਰਾਂ ਵਿਚੋਂ ਅੱਠ ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਹੈ। ਮੋਦੀ ਵੱਲੋਂ ਚੋਣਾਂ ਦੌਰਾਨ ਉਭਾਰੇ ਪੁਲਵਾਮਾ-ਬਾਲਾਕੋਟ ਵਰਗੇ ਮੁੱਦੇ ਪਾਕਿਸਤਾਨ ਨਾਲ ਟਕਰਾਅ ਪੈਦਾ ਕਰਨ ਵਾਲੇ ਸਨ, ਉਹ ਪੰਜਾਬੀਆਂ ਨੂੰ ਰਾਸ ਨਹੀਂ ਆਏ। ਉਸੇ ਸਮੇਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਰੋਹਾਂ ਸਮੇਂ ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਗੱਲ ਹੋ ਰਹੀ ਸੀ। ਪੰਜਾਬੀ ਪੂਰੀ ਤਰ੍ਹਾਂ ਲਾਂਘਾ ਖੁੱਲ੍ਹਣ ਦੇ ਹੱਕ ਵਿਚ ਅਤੇ ਜੰਗ ਦੇ ਖ਼ਿਲਾਫ਼ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿਚ ਮੋਦੀ ਦਾ ਜਾਦੂ ਨਹੀਂ ਚਲ ਸਕਿਆ।

ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਮੋਦੀ ਦੇ ਨਾਮ 'ਤੇ ਵੋਟਾਂ ਮੰਗੀਆਂ, ਉਸ ਦਾ ਉਲਟਾ ਅਸਰ ਗਿਆ ਹੈ, ਕਿਉਂਕਿ ਉਹ ਆਪਣੇ ਪੰਜਾਬ ਤੇ ਪੰਥਕ ਏਜੰਡੇ ਨੂੰ ਚਮਕਾ ਨਹੀਂ ਸਕਿਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਵੀ ਅਕਾਲੀ ਦਲ ਦੇ ਲਈ ਹਾਰ ਦਾ ਕਾਰਨ ਬਣਿਆ। ਇਸ ਵਾਰ ਵੀ ਦੋਵੇਂ ਸੀਟਾਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਸ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਜਿੱਤੀਆਂ ਹਨ। ਜਦ ਕਿ ਭਾਜਪਾ ਪੰਜਾਬ ਵਲੋਂ ਲੜੀਆਂ 3 ਸੀਟਾਂ ਵਿਚੋਂ ਗੁਰਦਾਸਪੁਰ ਤੇ ਹੁਸ਼ਿਆਰਪੁਰ ਦੀਆਂ 2 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ। ਜਦੋਂ ਕਿ 'ਆਪ' ਜਿਸ ਨੂੰ ਮਗਰਲੀਆਂ ਚੋਣਾਂ ਦੌਰਾਨ ਰਾਜ ਵਿਚੋਂ ਚੰਗਾ ਹੁੰਗਾਰਾ ਮਿਲਿਆ ਸੀ ਅਤੇ ਜਿਸ ਨੇ 4 ਸੰਸਦੀ ਸੀਟਾਂ 'ਤੇ ਜਿੱਤ ਹਾਸਲ ਕੀਤੀ ਸੀ ਦੇ ਇਕਲੌਤੇ ਉਮੀਦਵਾਰ ਭਗਵੰਤ ਮਾਨ ਸੰਗਰੂਰ ਦੀ ਸੰਸਦੀ ਸੀਟ ਤੋਂ ਜਿੱਤ ਸਕੇ ਹਨ।

'ਆਪ' ਆਪਸੀ ਫੁੱਟ ਦਾ ਸ਼ਿਕਾਰ ਹੋ ਗਈ ਤੇ ਸੁਖਪਾਲ ਖਹਿਰਾ ਅਤੇ ਡਾ. ਧਰਮਵੀਰ ਗਾਂਧੀ ਨੇ ਆਪੋ-ਆਪਣੀਆਂ ਪਾਰਟੀਆਂ ਬਣਾ ਲਈਆਂ। ਬਾਅਦ ਵਿਚ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਜੋ ਪੰਜਾਬ ਡੈਮੋਕ੍ਰੇਟਿਕ ਗਠਜੋੜ ਤੀਜੀ ਧਿਰ ਦੇ ਰੂਪ ਵਿਚ ਸਾਹਮਣੇ ਆਇਆ, ਉਹ ਇਨ੍ਹਾਂ ਚੋਣਾਂ ਤੋਂ ਪਹਿਲਾਂ ਆਪਣਾ ਜਥੇਬੰਦਕ ਢਾਂਚਾ ਚੰਗੀ ਤਰ੍ਹਾਂ ਨਹੀਂ ਖੜ੍ਹਾ ਕਰ ਸਕਿਆ। ਤੀਸਰੇ ਬਦਲ ਦੀ ਗੈਰ-ਮੌਜੂਦਗੀ ਕਾਰਨ ਬਹੁਤੇ ਲੋਕਾਂ ਨੇ ਭਾਜਪਾ-ਅਕਾਲੀ ਦਲ ਨੂੰ ਹਰਾਉਣ ਲਈ ਕਾਂਗਰਸ ਨੂੰ ਵੋਟ ਦਿੱਤੇ।

ਇਨ੍ਹਾਂ ਚੋਣਾਂ ਵਿਚ ਬੇਸ਼ੱਕ ਬਸਪਾ ਨੂੰ ਕੋਈ ਜਿੱਤ ਪ੍ਰਾਪਤ ਤਾਂ ਨਹੀਂ ਹੋਈ ਪਰ ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਅਤੇ ਜਲੰਧਰ ਸੀਟਾਂ ਉੱਤੇ ਜਿੱਥੇ ਪੰਜਾਬ ਜਮਹੂਰੀ ਗਠਜੋੜ ਦੀ ਸੀਟ ਵੰਡ ਮੁਤਾਬਕ ਇਸ ਪਾਰਟੀ ਨੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ, ਉਥੇ ਇਸ ਦੇ ਉਮੀਦਵਾਰਾਂ ਨੂੰ ਵੋਟਰਾਂ ਨੇ ਚੰਗਾ ਹੁੰਗਾਰਾ ਦਿੱਤਾ ਹੈ। ਅਨੰਦਪੁਰ ਸਾਹਿਬ ਤੇ ਹੁਸ਼ਿਆਰਪੁਰ ਵਿਚ ਇਸ ਦੇ ਉਮੀਦਵਾਰਾਂ ਨੇ ਇਕ ਲੱਖ ਤੋਂ ਉਪਰ ਅਤੇ ਜਲੰਧਰ ਵਿਚ ਇਸ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2 ਲੱਖ ਤੋਂ ਵੀ ਉਪਰ ਵੋਟਾਂ ਲੈ ਕੇ ਪਾਰਟੀ ਦੇ ਮਜ਼ਬੂਤ ਵੋਟ ਆਧਾਰ ਦਾ ਸਬੂਤ ਦਿੱਤਾ ਹੈ। ਇਨ੍ਹਾਂ ਚੋਣਾਂ ਵਿਚ ਪੰਜਾਬੀਆਂ ਲਈ ਸਭ ਤੋਂ ਨਮੋਸ਼ੀ ਦੀ ਗੱਲ ਹੈ, ਬੀਬੀ ਪਰਮਜੀਤ ਕੌਰ ਖਾਲੜਾ ਦਾ ਖਡੂਰ ਸਾਹਿਬ ਸੀਟ ਤੋਂ ਚੋਣ ਹਾਰ ਜਾਣਾ। ਪਰਮਜੀਤ ਕੌਰ ਖਾਲੜਾ ਮਰਹੂਮ ਜਸਵੰਤ ਸਿੰਘ ਖਾਲੜਾ ਦੀ ਵਿਧਵਾ ਹੈ, ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਲਈ ਜੂਝਦਿਆਂ ਆਪਣੀ ਸ਼ਹਾਦਤ ਦਿੱਤੀ। ਪੰਜਾਬ ਦੇ ਸਿਆਸੀ ਇਤਿਹਾਸ ਵਿਚ ਪਰਮਜੀਤ ਕੌਰ ਖਾਲੜਾ ਪਹਿਲੇ ਉਮੀਦਵਾਰ ਹਨ ਜਿਨ੍ਹਾਂ ਨੇ ਮੁੱਖ ਤੌਰ 'ਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਉੱਤੇ ਚੋਣ ਲੜੀ। ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ (ਬਾਦਲ) ਵਾਸਤੇ ਇਹ ਸੁਨਹਿਰੀ ਮੌਕਾ ਸੀ ਕਿ ਜੇ ਉਹ ਬੀਬੀ ਖਾਲੜਾ ਦੀ ਮਦਦ ਕਰਦੇ ਤਾਂ ਉਹ ਚੋਣਾਂ ਵਿਚ ਵੱਡੀ ਪ੍ਰਾਪਤੀ ਕਰ ਸਕਦੇ ਸਨ।



## ਕੀ ਕਹਿੰਦੇ ਹਨ ਚੋਣ ਨਤੀਜੇ

ਚੋਣ ਕਮਿਸ਼ਨ ਵੱਲੋਂ ਜਾਰੀ ਪੰਜਾਬ ਦੇ ਚੋਣ ਨਤੀਜਿਆਂ ਮੁਤਾਬਕ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੇ ਅਕਾਲੀ ਦਲ ਦੇ ਸੁਰਜੀਤ ਸਿੰਘ ਰੱਖੜਾ ਨੂੰ 1,62,718 ਵੋਟਾਂ ਦੇ ਫਰਕ ਨਾਲ ਹਰਾਇਆ। ਲੁਧਿਆਣਾ ਤੋਂ ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਨੇ ਸਿਮਰਜੀਤ ਸਿੰਘ ਬੈਂਸ ਨੂੰ 76,372 ਵੋਟਾਂ ਨਾਲ ਹਰਾਇਆ। ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਨੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੂੰ 1,00,003 ਵੋਟਾਂ ਨਾਲ ਹਰਾਇਆ। ਜਲੰਧਰ ਤੋਂ ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਅਕਾਲੀ ਦਲ ਦੇ ਚਰਨਜੀਤ ਸਿੰਘ ਅਟਵਾਲ ਨੂੰ 19,491 ਵੋਟਾਂ ਨਾਲ ਹਰਾਇਆ। ਫ਼ਰੀਦਕੋਟ ਤੋਂ ਪੰਜਾਬੀ ਗਾਇਕ ਮੁਹੰਮਦ ਸਦੀਕ ਨੇ ਅਕਾਲੀ ਦਲ ਦੇ ਗੁਲਜ਼ਾਰ ਸਿੰਘ ਰਣੀਕੇ ਨੂੰ 83,362 ਵੋਟਾਂ ਨਾਲ ਹਰਾਇਆ। ਆਨੰਦਪੁਰ ਸਾਹਿਬ ਤੋਂ ਮਨੀਸ਼ ਤਿਵਾੜੀ ਨੇ ਅਕਾਲੀ ਦਲ ਦੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੂੰ 46,884 ਵੋਟਾਂ ਨਾਲ ਹਰਾਇਆ। ਖਡੂਰ ਸਾਹਿਬ ਤੋਂ ਜਸਵੀਰ ਸਿੰਘ ਡਿੰਪਾ ਨੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ 1,40,300 ਵੋਟਾਂ ਨਾਲ ਹਰਾਇਆ। ਫਤਿਹਗੜ੍ਹ ਸਾਹਿਬ ਤੋਂ ਸੇਵਾਮੁਕਤ ਆਈਏਐਸ ਅਧਿਕਾਰੀ ਡਾ. ਅਮਰ ਸਿੰਘ ਨੇ ਸੇਵਾਮੁਕਤ ਆਈਏਐਸ ਅਧਿਕਾਰੀ ਦਰਬਾਰਾ ਸਿੰਘ ਗੁਰੂ ਨੂੰ 93,681 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਬਾਦਲ ਨੇ ਸਾਬਕਾ ਅਕਾਲੀ ਤੇ ਮੌਜੂਦਾ ਕਾਂਗਰਸੀ ਉਮੀਦਵਾਰ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਤਕਰੀਬਨ ਦੋ ਲੱਖ (1,98,136) ਵੋਟਾਂ ਦੇ ਵੱਡੇ ਫਰਕ ਨਾਲ ਮਾਤ ਦਿੱਤੀ।

ਸੁਖਬੀਰ ਨੇ ਕੁੱਲ 6,31,100 ਵੋਟ ਹਾਸਲ ਕੀਤੀ ਜਦਕਿ, ਕਾਂਗਰਸੀ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਨੂੰ 4,32,964 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੇ ਹਰਜਿੰਦਰ ਸਿੰਘ ਨੂੰ 31,240 ਵੋਟਾਂ ਨਾਲ ਤੀਜੇ ਨੰਬਰ 'ਤੇ ਰਹੇ, ਜਦਕਿ ਪੀਡੀਏ ਦੇ ਉਮੀਦਵਾਰ ਹੰਸਰਾਜ ਗੋਲਡਨ 25,967 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਠਿੰਡਾ ਸੰਸਦੀ ਹਲਕੇ ਤੋਂ ਲਗਾਤਾਰ ਤੀਜੀ ਵਾਰੀ ਜਿੱਤਣ ਵਿੱਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਨੇ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 21,399 ਵੋਟਾਂ ਨਾਲ ਹਰਾਇਆ।

ਕਾਮੇਡੀਅਨ ਤੋਂ ਸਿਆਸਤਦਾਨ ਬਣੇ ਭਗਵੰਤ ਮਾਨ ਨੇ ਵੀ ਇਤਿਹਾਸ ਸਿਰਜਦਿਆਂ ਸੰਗਰੂਰ ਸੰਸਦੀ ਹਲਕੇ ਤੋਂ ਲਗਾਤਾਰ ਦੂਜੀ ਵਾਰੀ ਜਿੱਤ ਹਾਸਲ ਕੀਤੀ ਹੈ ਅਤੇ ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਨੂੰ 1,09,642 ਵੋਟਾਂ ਦੇ ਫਰਕ ਨਾਲ ਹਰਾਇਆ, ਜਦੋਂ ਕਿ 'ਆਪ' ਦਾ ਹੋਰ ਕੋਈ ਵੀ ਉਮੀਦਵਾਰ ਜਿੱਤ ਦੇ ਨੇੜੇ ਵੀ ਨਹੀਂ ਪਹੁੰਚ ਸਕਿਆ। ਭਾਜਪਾ ਦੇ ਦੋ ਉਮੀਦਵਾਰਾਂ ਨੇ ਜਿੱਤ ਦਰਜ ਕਰਾ ਕੇ 2014 ਵਾਲਾ ਰੁਤਬਾ ਕਾਇਮ ਰੱਖਿਆ ਹੈ। ਗੁਰਦਾਸਪੁਰ ਤੋਂ ਬਾਲੀਵੁੱਡ ਅਦਾਕਾਰ ਅਤੇ ਭਾਜਪਾ ਉਮੀਦਵਾਰ ਸੰਨੀ ਦਿਓਲ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ 77,009 ਵੋਟਾਂ 'ਤੇ ਹਰਾਇਆ। ਇਸੇ ਤਰ੍ਹਾਂ ਹੁਸ਼ਿਆਰਪੁਰ ਦੀ ਸੀਟ 'ਤੇ ਭਾਜਪਾ ਦੇ ਉਮੀਦਵਾਰ ਅਤੇ ਮੌਜੂਦਾ ਵਿਧਾਇਕ ਸੋਮ ਪ੍ਰਕਾਸ਼ ਕਾਂਗਰਸ ਦੇ ਵਿਧਾਇਕ ਡਾ. ਰਾਜ ਕੁਮਾਰ ਨੂੰ 48,530 ਵੋਟਾਂ 'ਤੇ ਹਰਾ ਕੇ ਜੇਤੂ ਰਹੇ।

ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੂੰ ਬਠਿੰਡਾ ਸੰਸਦੀ ਹਲਕੇ ਤੋਂ ਨਮੋਸ਼ੀ ਭਰੀ ਹਾਰ ਮਿਲੀ ਹੈ ਤੇ ਉਹ ਚੌਥੇ ਨੰਬਰ 'ਤੇ ਰਹੇ। ਇਸੇ ਤਰ੍ਹਾਂ ਪਟਿਆਲਾ ਤੋਂ ਮੌਜੂਦਾ ਸੰਸਦ ਮੈਂਬਰ ਧਰਮਵੀਰ ਗਾਂਧੀ ਨੂੰ ਵੀ ਪਟਿਆਲਾ ਹਲਕੇ ਦੇ ਵੋਟਰਾਂ ਨੇ ਤੀਜੀ ਥਾਂ 'ਤੇ ਰੱਖਿਆ ਹੈ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਬੀਬੀ ਪਰਮਜੀਤ ਕੌਰ ਖਾਲੜਾ, ਅਕਾਲੀ ਦਲ (ਟਕਸਾਲੀ) ਦੇ ਬੀਰਦਵਿੰਦਰ ਸਿੰਘ ਹਾਰ ਗਏ।

## 'ਆਪ' ਤੇ ਅਕਾਲੀ ਦਲ ਦੀ ਵੋਟ ਨੂੰ ਖੋਰਾ

ਸੰਸਦੀ ਚੋਣਾਂ ਦੌਰਾਨ ਕਾਂਗਰਸ ਦੇ ਵੋਟ ਬੈਂਕ ਵਿੱਚ ਜਿੱਥੇ ਭਾਰੀ ਵਾਧਾ ਹੋਇਆ ਹੈ ਉਥੇ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਵੋਟ ਬੈਂਕ ਨੂੰ ਖੋਰਾ ਲੱਗਿਆ ਹੈ। ਚੋਣ ਕਮਿਸ਼ਨ ਤੋਂ ਹਾਸਲ ਤੱਥਾਂ ਮੁਤਾਬਕ ਕਾਂਗਰਸ ਨੂੰ ਇਨ੍ਹਾਂ ਚੋਣਾਂ ਦੌਰਾਨ 40.02 ਪ੍ਰਤੀਸ਼ਤ, ਸ਼੍ਰੋਮਣੀ ਅਕਾਲੀ ਦਲ ਨੂੰ 27.5 ਪ੍ਰਤੀਸ਼ਤ, ਭਾਜਪਾ ਨੂੰ 9.56 ਪ੍ਰਤੀਸ਼ਤ, 'ਆਪ' ਪਾਰਟੀ ਨੂੰ 7.4 ਪ੍ਰਤੀਸ਼ਤ, ਬਸਪਾ ਨੂੰ 3.49 ਪ੍ਰਤੀਸ਼ਤ, ਨੋਟਾ ਨੂੰ 1.12 ਪ੍ਰਤੀਸ਼ਤ, ਸੀ.ਪੀ.ਆਈ. ਨੂੰ 0.31 ਪ੍ਰਤੀਸ਼ਤ, ਸੀਪੀਐੱਮ ਨੂੰ 0.08 ਪ੍ਰਤੀਸ਼ਤ, ਪੰਜਾਬ ਜਮਹੂਰੀ ਗੱਠਜੋੜ ਵਿਚ ਸ਼ਾਮਲ ਬਸਪਾ, ਖੱਬੇ ਪੱਖੀਆਂ ਤੇ ਸੁਖਪਾਲ ਸਿੰਘ ਖਹਿਰਾ ਤੇ ਧਰਮਵੀਰ ਗਾਂਧੀ ਆਦਿ ਨੂੰ 10.3 ਪ੍ਰਤੀਸ਼ਤ ਵੋਟਾਂ ਮਿਲੀਆਂ ਹਨ।

## ਕਾਂਗਰਸ ਤੇ ਅਕਾਲੀ ਦਲ ਦੇ ਵੋਟ ਹਿੱਸੇ ਵਿਚ ਕਰੀਬ 2 ਫ਼ੀਸਦੀ ਦਾ ਵਾਧਾ

ਇਨ੍ਹਾਂ ਸੰਸਦੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਧ ਝਟਕਾ ਲੱਗਾ, ਜਿਸ ਦਾ ਇਨ੍ਹਾਂ ਚੋਣਾਂ ਦੌਰਾਨ ਵਿਧਾਨ ਸਭਾ ਦੀਆਂ 2017 ਦੌਰਾਨ ਹੋਈਆਂ ਚੋਣਾਂ ਮੁਕਾਬਲੇ ਵੋਟ ਪ੍ਰਤੀਸ਼ਤ ਕੋਈ 16 ਫ਼ੀਸਦੀ ਘੱਟ ਗਿਆ। ਆਮ ਆਦਮੀ ਪਾਰਟੀ ਨੂੰ ਮਗਰਲੀਆਂ ਵਿਧਾਨ ਸਭਾ ਚੋਣਾਂ ਦੌਰਾਨ 23.7 ਫ਼ੀਸਦੀ ਵੋਟ ਪਏ ਸਨ ਜੋ ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਕੇਵਲ 7.4 ਫ਼ੀਸਦੀ ਰਹਿ ਗਏ ਹਨ। ਦੂਜੀਆਂ ਪਾਰਟੀਆਂ ਵਿਚੋਂ ਭਾਜਪਾ ਦੇ ਵੋਟ ਫ਼ੀਸਦੀ ਵਿਚ 4 ਫ਼ੀਸਦੀ ਦਾ ਵਾਧਾ ਹੋਇਆ ਹੈ, ਵਿਧਾਨ ਸਭਾ ਚੋਣਾਂ ਮੌਕੇ 5.4 ਫ਼ੀਸਦੀ ਵੋਟ ਲੈਣ ਵਾਲੀ ਭਾਜਪਾ ਦਾ ਵੋਟ ਫ਼ੀਸਦੀ ਵੱਧ ਕੇ 9.6 ਪ੍ਰਤੀਸ਼ਤ ਹੋ ਗਿਆ ਹੈ। ਕਾਂਗਰਸ ਨੂੰ ਇਸ ਚੋਣ ਦੌਰਾਨ ਕਰੀਬ 2 ਫ਼ੀਸਦੀ ਵੋਟ ਵੱਧ ਮਿਲੇ ਹਨ ਜੋ 38.5 ਫ਼ੀਸਦੀ ਤੋਂ ਵੱਧ ਕੇ 40.3 ਫ਼ੀਸਦੀ ਹੋ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਅਕਾਲੀ ਦਲ ਦੇ ਵੋਟ ਪ੍ਰਤੀਸ਼ਤ ਵਿਚ ਵੀ ਕੋਈ 2 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜੋ ਵਿਧਾਨ ਸਭਾ ਚੋਣਾਂ ਮੌਕੇ 25.2 ਪ੍ਰਤੀਸ਼ਤ ਤੋਂ ਵੱਧ ਕੇ ਇਨ੍ਹਾਂ ਚੋਣਾਂ ਦੌਰਾਨ 27.5 ਪ੍ਰਤੀਸ਼ਤ ਹੋ ਗਏ ਹਨ। ਇਸੇ ਤਰ੍ਹਾਂ ਬਸਪਾ ਦਾ ਵੀ ਵੋਟ ਪ੍ਰਤੀਸ਼ਤ 2 ਪ੍ਰਤੀਸ਼ਤ ਵੱਧ ਕੇ 3.5 ਪ੍ਰਤੀਸ਼ਤ 'ਤੇ ਪੁੱਜ ਗਿਆ ਹੈ। ਇਸੇ ਤਰ੍ਹਾਂ ਆਜ਼ਾਦ ਉਮੀਦਵਾਰਾਂ ਜਿਨ੍ਹਾਂ ਨੂੰ ਜੋ ਮਗਰਲੀ ਚੋਣ ਵਿਚ 10.25 ਪ੍ਰਤੀਸ਼ਤ ਵੋਟ ਮਿਲੇ ਸਨ ਘੱਟ ਕੇ 2 ਪ੍ਰਤੀਸ਼ਤ ਰਹਿ ਗਏ ਹਨ।

## ਕਈ ਰਾਜਸੀ ਪਾਰਟੀਆਂ ਦੇ ਪ੍ਰਧਾਨ ਹਾਰੇ

ਇਨ੍ਹਾਂ ਚੋਣਾਂ ਵਿਚ 4 ਰਾਜਸੀ ਪਾਰਟੀਆਂ ਦੇ ਪ੍ਰਧਾਨਾਂ ਨੂੰ ਵੀ ਹਾਰ ਦਾ ਮੂੰਹ ਵੇਖਣਾ ਪਿਆ ਹੈ। ਦੱਸਣਾ ਬਣਦਾ ਹੈ ਕਿ ਇਨ੍ਹਾਂ ਚੋਣਾਂ ਵਿਚ 6 ਪਾਰਟੀਆਂ ਦੇ ਸੂਬਾ ਪ੍ਰਧਾਨਾਂ ਦਾ ਵੀ ਵੱਕਾਰ ਦਾਅ 'ਤੇ ਲੱਗਿਆ ਹੋਇਆ ਸੀ ਪਰ ਉਨ੍ਹਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਭਗਵੰਤ ਮਾਨ ਹੀ ਚੋਣ ਜਿੱਤੇ ਹਨ।

ਹਾਕਮ ਧਿਰ ਕਾਂਗਰਸ ਪਾਰਟੀ ਦੇ ਪ੍ਰਧਾਨ ਸੁਨੀਲ ਜਾਖੜ ਸੰਸਦੀ ਹਲਕਾ ਗੁਰਦਾਸਪੁਰ, ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਲੁਧਿਆਣਾ, ਨਵਾਂ ਪੰਜਾਬ ਪਾਰਟੀ ਦੇ ਪ੍ਰਧਾਨ ਧਰਮਵੀਰ ਗਾਂਧੀ ਪਟਿਆਲਾ ਅਤੇ ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਬਠਿੰਡਾ ਹਲਕੇ ਤੋਂ ਚੋਣ ਹਾਰ ਗਏ ਹਨ।

## ਪੰਜਾਬ ਤੋਂ ਜਿੱਤੇ ਲੋਕ ਸਭਾ ਮੈਂਬਰ ਕਰੋੜਪਤੀ

ਚੋਣ ਕਮਿਸ਼ਨ ਦੇ ਕੋਲ ਨਾਮਜ਼ਦਗੀ ਭਰਨ ਸਮੇਂ 13 ਜੇਤੂ ਉਮੀਦਵਾਰਾਂ ਵੱਲੋਂ ਐਲਾਨੀ ਜਾਇਦਾਦ ਅਨੁਸਾਰ ਹੁਸ਼ਿਆਰਪੁਰ ਰਾਖਵੇਂ ਹਲਕੇ ਤੋਂ ਜਿੱਤੇ ਭਾਜਪਾ ਦੇ ਉਮੀਦਵਾਰ ਸੋਮ ਪ੍ਰਕਾਸ਼ ਸਭ ਤੋਂ ਗਰੀਬ ਹਨ। ਉਨ੍ਹਾਂ ਦੇ ਕੋਲ 2.94 ਕਰੋੜ ਰੁਪਏ ਦੀ ਜਾਇਦਾਦ ਹੈ। ਉਹ ਸਾਬਕਾ ਆਈਏਐੱਸ ਅਧਿਕਾਰੀ ਹਨ। ਪੰਜਾਬ ਵਿੱਚੋਂ ਸਭ ਤੋਂ ਅਮੀਰ ਦੋ ਸੰਸਦ ਮੈਂਬਰਾਂ ਵਿੱਚ ਸੁਖਬੀਰ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਸ਼ੁਮਾਰ ਹਨ। ਇਨ੍ਹਾਂ ਦੋਵਾਂ ਨੇ ਆਪਣੇ ਚੋਣ ਘੋਸ਼ਣਾ ਪੱਤਰਾਂ ਵਿੱਚ ਦੋ-ਦੋ ਸੌ ਕਰੋੜ ਦੀ ਜਾਇਦਾਦ ਐਲਾਨੀ ਹੈ। ਇਨ੍ਹਾਂ ਤੋਂ ਬਾਅਦ ਸੰਨੀ ਦਿਓਲ ਦਾ ਨੰਬਰ ਆਉਂਦਾ ਹੈ, ਉਸ ਦੇ ਕੋਲ 87.19 ਕਰੋੜ ਰੁਪਏ ਦੀ ਜਾਇਦਾਦ ਹੈ। ਮੁੱਖ ਮੰਤਰੀ ਦੀ ਪਤਨੀ ਪ੍ਰਨੀਤ ਕੌਰ ਕੋਲ 63.59 ਕਰੋੜ ਰੁਪਏ ਦੀ ਜਾਇਦਾਦ ਹੈ। ਕਾਂਗਰਸ ਦੇ ਮਨੀਸ਼ ਤਿਵਾੜੀ ਕੋਲ 15.43 ਕਰੋੜ ਰੁਪਏ ਦੀ ਜਾਇਦਾਦ ਹੈ।

## ਪੰਜਾਬ 'ਚ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਦੀ ਆਹਟ

**ਮਾਨਸਾ/ਏਟੀ ਨਿਊਜ਼ :** ਪੰਜਾਬ ਵਿਚ ਵੱਖ-ਵੱਖ ਲੋਕ ਸਭਾ ਹਲਕਿਆਂ ਤੋਂ ਕਿਸਮਤ ਅਜ਼ਮਾ ਰਹੇ ਰਾਜ ਦੇ 9 ਵਿਧਾਇਕਾਂ ਵਿਚੋਂ ਭਾਵੇਂ 2 ਵਿਧਾਇਕ ਹੀ ਲੋਕ ਸਭਾ ਦੀਆਂ ਪੌੜੀਆਂ ਚੜ੍ਹੇ ਹਨ ਪਰ ਅਗਲੇ ਮਹੀਨਿਆਂ ਵਿਚ ਸੂਬੇ ਦੇ ਬਰੂੰਹਾਂ 'ਤੇ ਕਈ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਆ ਖੜ੍ਹੀਆਂ ਹਨ? ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਜਲਾਲਾਬਾਦ ਹਲਕੇ ਤੋਂ ਵਿਧਾਇਕ ਸੁਖਬੀਰ ਸਿੰਘ ਬਾਦਲ ਨੇ ਫ਼ਿਰੋਜ਼ਪੁਰ ਸੰਸਦੀ ਹਲਕੇ ਤੋਂ ਕਾਂਗਰਸ ਉਮੀਦਵਾਰ ਸ਼ੇਰ ਸਿੰਘ ਘੁਬਾਇਆ ਅਤੇ ਫਗਵਾੜਾ ਹਲਕੇ ਤੋਂ ਭਾਜਪਾ ਦੇ ਵਿਧਾਇਕ ਸੋਮ ਪ੍ਰਕਾਸ਼ ਨੇ ਹੁਸ਼ਿਆਰਪੁਰ ਤੋਂ ਕਾਂਗਰਸ ਉਮੀਦਵਾਰ ਡਾ: ਰਾਜ ਕੁਮਾਰ ਚੱਬੇਵਾਲ ਨੂੰ ਹਰਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਦੱਸਣਾ ਬਣਦਾ ਹੈ ਕਿ 'ਆਪ' ਤੋਂ ਬਾਗ਼ੀ ਹੋ ਕੇ ਕਾਂਗਰਸ ਵਿਚ ਸ਼ਾਮਿਲ ਹੋਏ ਮਾਨਸਾ ਤੋਂ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਤੇ ਰੋਪੜ ਤੋਂ ਅਮਰਜੀਤ ਸਿੰਘ ਸੰਦੋਆ ਤੋਂ ਇਲਾਵਾ ਦਾਖਾ ਤੋਂ ਹਰਵਿੰਦਰ ਸਿੰਘ ਫੂਲਕਾ, ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ ਪਹਿਲਾਂ ਹੀ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਚੁੱਕੇ ਹਨ ਜਦਕਿ 'ਆਪ' ਦੇ ਹੀ ਜੈਤੋਂ ਤੋਂ ਵਿਧਾਇਕ ਮਾ. ਬਲਦੇਵ ਸਿੰਘ ਨੇ ਫ਼ਰੀਦਕੋਟ ਸੰਸਦੀ ਹਲਕੇ ਤੋਂ ਪੀ.ਡੀ.ਏ. ਉਮੀਦਵਾਰ ਦੀ ਚੋਣ ਲੜੀ ਹੈ, ਦੇ ਭਵਿੱਖ 'ਤੇ ਵੀ ਸਵਾਲੀਆ ਚਿੰਨ੍ਹ ਲੱਗਿਆ ਹੋਇਆ ਹੈ। ਬੇਸ਼ੱਕ ਸਿਆਸੀ ਹਲਕਿਆਂ ਵਿਚ ਕਈ ਤਰ੍ਹਾਂ ਦੀਆਂ ਚਰਚਾਵਾਂ ਛਿੜੀਆਂ ਹੋਈਆਂ ਹਨ ਬਾਕੀ ਸਫ਼ਾ 30 'ਤੇ

## ਹਾਰ ਤੋਂ ਬਾਅਦ ਅਕਾਲੀਆਂ ਨੂੰ ਪੰਥਕ ਏਜੰਡੇ ਦਾ ਝੋਰਾ ਪਰ ਸੁਖਬੀਰ ਦੀ ਕੋਰੀ ਨਾਂਹ

**ਚੰਡੀਗੜ੍ਹ/ਏਟੀ ਨਿਊਜ਼ :**

ਪੰਜਾਬ ਦੀ ਸੱਤਾ 'ਤੇ ਇੱਕ ਦਹਾਕਾ ਕਾਬਜ਼ ਰਹਿਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਲਈ ਚੁਣੌਤੀਆਂ ਬਰਕਰਾਰ ਹਨ। ਸੰਸਦੀ ਚੋਣਾਂ ਦੇ ਨਤੀਜਿਆਂ ਤੋਂ ਇੱਕ ਗੱਲ ਸਾਹਮਣੇ ਆਉਂਦੀ ਹੈ ਕਿ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਦੌਰਾਨ ਮੋਦੀ ਲਹਿਰ ਦਾ ਕੋਈ ਲਾਭ ਨਹੀਂ ਹੋਇਆ, ਸਗੋਂ ਕੈਪਟਨ ਸਰਕਾਰ ਵਿਰੁੱਧ ਲੋਕਾਂ ਵਿਚ ਪੈਦਾ ਹੋਈ ਨਾਰਾਜ਼ਗੀ ਨੂੰ ਵੀ ਵੋਟਾਂ ਵਿਚ ਤਬਦੀਲ ਕਰਨ ਵਿਚ ਨਾਕਾਮ ਰਿਹਾ। ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਵਰਗੇ ਵੱਡੇ ਸ਼ਹਿਰ ਜਿੱਥੇ ਬਹੁ ਗਿਣਤੀ ਹਿੰਦੂ ਵੋਟ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰਾਂ ਨੂੰ ਚੋਣ ਜਿਤਾ ਸਕਦਾ ਸੀ ਉਥੇ ਵੀ ਮੋਦੀ ਦਾ ਕ੍ਰਿਸ਼ਮਾ ਗੱਠਜੋੜ ਪਾਰਟੀਆਂ ਲਈ ਲਾਹੇਵੰਦ ਨਾ ਹੋਇਆ। ਚੋਣ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਹਿੰਦੂ ਵੋਟ ਬੈਂਕ ਭਾਵੇਂ ਅਕਾਲੀ-ਭਾਜਪਾ ਦੇ ਹੱਕ ਵਿਚ ਭੁਗਤਿਆ ਹੈ ਪਰ ਇਸ ਗੱਠਜੋੜ ਨੂੰ ਸਿੱਖਾਂ ਨੇ ਮੂੰਹ ਨਹੀਂ ਲਗਾਇਆ। ਕਾਂਗਰਸ ਨਾਲ ਲੋਕਾਂ ਦੀ ਨਾਰਾਜ਼ਗੀ ਦੇ ਬਾਵਜੂਦ ਹਾਕਮ ਧਿਰ 8 ਸੀਟਾਂ ਜਿੱਤਣ ਵਿਚ ਕਾਮਯਾਬ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਭਾਵੇਂ ਸੰਸਦੀ ਚੋਣਾਂ ਦੌਰਾਨ ਆਪੋ ਆਪਣੇ ਹਲਕਿਆਂ ਕ੍ਰਮਵਾਰ ਫਿਰੋਜ਼ਪੁਰ ਅਤੇ ਬਠਿੰਡਾ ਤੋਂ ਜਿੱਤ ਹਾਸਲ ਕਰ ਲਈ ਹੈ ਪਰ ਪਾਰਟੀ ਦੇ 8 ਉਮੀਦਵਾਰ ਹਾਰ ਗਏ ਹਨ। ਬਾਦਲ ਭਾਵੇਂ ਵੱਡੇ ਅੰਤਰ ਨਾਲ ਜਿੱਤੇ ਪਰ ਬੀਬੀ ਬਾਦਲ ਮਹਿਜ਼ 21 ਹਜ਼ਾਰ ਵੋਟਾਂ ਨਾਲ ਹੀ ਜਿੱਤੇ। ਪੰਜਾਬ ਦੀ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ

ਬਾਕੀ ਸਫ਼ਾ 30 'ਤੇ

## ਕੈਪਟਨ ਦਾ ਪੰਜਾਬ 'ਚ ਮਿਸ਼ਨ 13 ਫ਼ੇਲ੍ਹ ਹੋਇਆ-ਸੁਖਬੀਰ

ਫ਼ਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸਭ ਤੋਂ ਵੱਡੀ ਲੀਡ ਲੈ ਕੇ ਸਫ਼ਲ ਰਹੇ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਮਿਸ਼ਨ 13 ਫ਼ੇਲ੍ਹ ਹੋਇਆ ਹੈ ਤੇ ਹੁਣ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕੇਂਦਰ ਵਿਚ ਭਾਜਪਾ ਤੇ ਸਹਿਯੋਗੀ ਪਾਰਟੀਆਂ ਨੂੰ ਬਹੁਮਤ ਮਿਲਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਨੂੰ ਮੁੜ ਤਾਕਤਵਰ ਪ੍ਰਧਾਨ ਮੰਤਰੀ ਮਿਲਿਆ ਹੈ। ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਸੰਸਦੀ ਚੋਣਾਂ ਵਿਚ ਬਰਗਾੜੀ ਮੋਰਚੇ ਵਾਲਿਆਂ ਨੂੰ ਲੋਕਾਂ ਨੇ ਨਕਾਰ ਦਿੱਤਾ ਹੈ। ਹਾਲਾਂਕਿ ਇਸ ਵਾਰ ਉਨ੍ਹਾਂ ਬਾਦਲ ਪਰਿਵਾਰ ਨੂੰ ਹਰਾਉਣ ਦਾ ਏਜੰਡਾ ਬਣਾਇਆ ਹੋਇਆ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES

29 ਮਈ 2019 ਤੋਂ 04 ਜੂਨ 2019

# ਸਿੱਖ ਸਿਧਾਂਤ ’ਤੇ ਚੌਤਰਫਾ ਹਮਲਾ

**-ਮਨਜੀਤ ਸਿੰਘ ਟਿਵਾਣਾ**

ਸਿੱਖ ਸਿਧਾਂਤ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਉਤੇ ਬਿਪਰਵਾਦੀ ਹਮਲੇ ਗੁਰੂ-ਕਾਲ ਵਿਚ ਹੀ ਸ਼ੁਰੂ ਹੋਣ ਦੇ ਪ੍ਰਮਾਣ ਮਿਲਦੇ ਹਨ। ਗੁਰੂ-ਬਾਣੀ ਵਿਚ ਰਲਾਵਟ ਨੂੰ ਰੋਕਣ ਅਤੇ ਸਿੱਖ-ਪੰਥ ਦੀ ਆਜ਼ਾਦ ਤੇ ਨਿਆਰੀ ਹਸਤੀ ਨੂੰ ਕਾਇਮ ਰੱਖਣ ਲਈ ਦਸ ਗੁਰੂ ਸਾਹਿਬਾਨ ਨੇ ਮੁੱਢ ਤੋਂ ਹੀ ਸੁਚੇਤ ਯਤਨ ਜਾਰੀ ਰੱਖੇ ਹੋਏ ਸਨ। ਪਹਿਲੀ ਪਾਤਸ਼ਾਹੀ ਤੋਂ ਪੰਜਵੀ ਪਾਤਸ਼ਾਹੀ ਤਕ ਗੁਰੂ-ਬਾਣੀ ਦਾ ਗੱਦੀ-ਦਰ-ਗੱਦੀ ਪੋਥੀ ਸਾਹਿਬ ਦੇ ਰੂਪ ਵਿਚ ਸੁਰੱਖਿਅਤ ਪਹੁੰਚਣਾ, ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੀ ਸੰਪਾਦਨਾ ਅਤੇ ਦਸਵੀਂ ਪਾਤਸ਼ਾਹੀ ਵੱਲੋਂ ਸਿੱਖ-ਪੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾ ਕੇ ਗੁਰਗੱਦੀ ਨੂੰ ਸਦੀਵੀ ਰੂਪ ਦੇਣਾ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ। ਸਿੱਖ ਸਿਧਾਂਤ ਉਤੇ ਬਿਪਰਵਾਦ ਦੇ ਸੰਭਾਵਿਤ ਹਮਲਿਆਂ ਨੂੰ ਭਾਂਪਦਿਆਂ ਗੁਰੂ ਸਾਹਿਬਾਨ ਦੀ ਦੂਰ-ਦ੍ਰਿਸ਼ਟੀ ਵਾਲੀ ਪਹੁੰਚ ਅਤੇ ਅਗਾਊਂ ਪੇਸ਼ਬੰਦੀਆਂ ਕਾਰਨ ਅੱਜ ਤਕ ਬਿਪਰਵਾਦੀ ਸੋਚ ਦਾ ਨਾਗ ਖਾਲਸਾ ਪੰਥ ਦੀ ਨਿਆਰੀ ਹਸਤੀ ਨੂੰ ਨਿਘਲਣ ਦੀਆਂ ਅਸਫਲ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ। ਸਿੱਖਾਂ ਨੂੰ ਇਹ ਵੀ ਪੂਰਾ ਯਕੀਨ ਹੈ ਕਿ ਗੁਰੂ ਸਹਿਬਾਨ ਦੇ ਕੀਤੇ ਗਏ ਮਹਾਨ ਕਾਰਜ ਕਰ ਕੇ ਅੱਗੇ ਲਈ ਵੀ ਬਿਪਰਵਾਦ ਦੀਆਂ ਘਿਨਾਉਣੀਆਂ ਸਾਜ਼ਿਸ਼ਾਂ ਦੀ ਕੋਈ ਪੇਸ਼ ਨਹੀਂ ਜਾਣੀ ਪਰ ਬਿਪਰਵਾਦੀ ਸੰਸਕਾਰ ਦਾ ਰਾਜਸੀ ਤੇ ਸਮਾਜਿਕ ਤਾਣਾ-ਬਾਣਾ ਆਪਣੀ ਸਦੀਆਂ ਪਰਾਣੀ ਫਿਤਰਤ ਕਾਰਨ ਇਹ ਸਭ ਕਰਨ ਦਾ ਆਦੀ ਹੈ। ਦੂਜੀਆਂ ਸੱਭਿਆਤਾਵਾਂ, ਕੌਮਾਂ, ਵਿਚਾਰਧਾਰਾਵਾਂ ਅਤੇ ਮਨੁੱਖਾਂ ਦੀ ਆਪੋ-ਆਪਣੇ ਤੌਰ-ਤਰੀਕਿਆਂ ਵਿਚ ਆਜ਼ਾਦੀ ਨਾਲ ਜਿਊਣ ਦੀ ਲੋਚਾ ਨੂੰ ਇਹ ਬਰਦਾਸ਼ਤ ਨਹੀਂ ਕਰ ਸਕਦਾ। ਬਿਪਰਵਾਦ ਭਾਰਤੀ ਉਪ ਮਹਾਂਦੀਪ ਦੇ ਇਸ ਖਿੱਤੇ ਵਿਚ, ਜਿਥੇ ਖਾਲਸੇ ਦੀ ਸਰਜ਼ਮੀਂ ਪੰਜਾਬ ਵੀ ਵਸਦਾ ਹੈ, ਨੂੰ ਹਮੇਸ਼ਾ ਆਪਣੀ ਸਦੀਆਂ ਪਰਾਣੀ ਵਰਣ-ਆਸ਼ਰਮ ਵਾਲੀ, ਦੰਭੀ, ਪਾਖੰਡੀ ਤੇ ਗੈਰ-ਬਰਾਬਰੀ ਵਾਲੀ ਸੋਚ ਦੇ ਚੌਖਟੇ ਵਿਚ ਫਿੱਟ ਕਰਨ ਦੀਆਂ ਘਾੜਤਾਂ ਘੜਦਾ ਰਹਿੰਦਾ ਹੈ। ਇਹ ਚੌਖਟਾ ਹੀ ਇਸ ਦੀ ਸਦੀਆਂ ਪੁਰਾਣੀ ਦਿਸਦੀ-ਅਣਦਿਸਦੀ ਲੁੱਟ ਤੇ ਸ਼ੋਸ਼ਣ ਵਾਲੀ ਸਲਤਨਤ ਦਾ ਮੂਲ ਅਧਾਰ ਹੈ।

ਸਿੱਖ-ਸਿਧਾਂਤਾਂ ਉਤੇ ਹਮਲਾ ਹੁਣ ਆਮ ਹੀ ਹੁੰਦਾ ਜਾ ਰਿਹਾ ਹੈ। ਤਾਜ਼ਾ ਮਾਮਲਾ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਸਾਹਿਬ ਤੇ ਮੀਰੀ-ਪੀਰੀ ਦੇ ਸਿਧਾਂਤ ਬਾਰੇ “ਮੀਰੀ-ਪੀਰੀ ਦੀ ਦਾਸਤਾਨ” ਟਾਇਟਲ ਹੇਠ ਰਿਲੀਜ਼ ਹੋਣ ਜਾ ਰਹੀ ਇਕ ਫਿਲਮ ਦਾ ਹੈ। ਫਿਲਮ ਦਾ ਟਰੇਲਰ ਜਾਰੀ ਹੋਣ ਤੋਂ ਬਾਅਦ ਹੀ ਜਾਗਤ ਸਿੱਖ ਹਲਕਿਆਂ ਵਿਚ ਇਸ ਪ੍ਰਤੀ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਹੈ। ਚਲੰਤ ਕਮਰਸ਼ੀਅਲ ਫਿਲਮਾਂ ਵਿਚ ਸਿੱਖ ਦੇ ਕਿਰਦਾਰ ਨੂੰ ਪਰਦੇ ‘ਤੇ ਭੱਦੇ ਤੇ ਹਾਸੋਹੀਣੇ ਰੂਪ ਵਿਚ ਵਿਖਾਉਣ ਦਾ ਮਸਲਾ ਪਹਿਲਾਂ ਹੀ ਸਾਡੇ ਸਾਹਮਣੇ ਹੈ। ਪਿੱਛੇ ਜਿਹੇ ਹਿਕ ਹੋਰ ਫਿਲਮ ‘ਮਨਮਰਜ਼ੀਆਂ’ ਵਿਚ ਸਿੱਖ ਕਿਰਦਾਰ ‘ਤੇ ਕੀਤੇ ਗਏ ਹਮਲੇ ਨੂੰ ਸਭ ਨੇ ਦੇਖਿਆ ਹੈ। ਇਸ ਫਿਲਮ ਦੇ ਨਿਰਦੇਸ਼ਕ ‘ਅਨੁਰਾਗ ਕਸ਼ਿਅਪ ਨੇ ਬਾਅਦ ਵਿਚ ਮੁਆਫੀ ਵੀ ਸ਼ਰਾਰਤੀ ਅਤੇ ਫਰੇਬੀ ਭਰੇ ਲਹਿਜੇ ਵਿਚ ਮੰਗੀ ਸੀ।

ਸਿੱਖ ਸਿਧਾਂਤ ਉਤੇ ਹੋ ਰਹੇ ਇਸ ਚੌਤਰਫਾ ਹਮਲੇ ਨੂੰ ਦੇਖਦਿਆਂ ਇਹ ਹੀ ਸਮਝਿਆ ਜਾ ਸਕਦਾ ਹੈ ਕਿ ਸਿੱਖਾਂ ਬਾਰੇ ਅਜਿਹਾ ਸੋਚਣ ਵਾਲਿਆਂ ਨੂੰ ਹੁਣ ਕੋਈ ਭੈਅ ਵੀ ਨਹੀਂ ਰਿਹਾ ਹੈ। ਮਹਾਰਾਸ਼ਟਰ ਸਟੇਟ ਬਿਊਰੋ ਆਫ਼ ਟੈਕਸਟ ਬੁੱਕ ਪ੍ਰੋਡਕਸ਼ਨ ਵੱਲੋਂ 9ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਸਮੇਤ ਹੋਰ ਵੀ ਕਈ ਕਿਤਾਬਾਂ ਵਿਚ ਸਿੱਖਾਂ ਬਾਰੇ ਬੇਹੂਦਾ ਟਿੱਪਣੀਆਂ ਕੀਤੀਆਂ ਜਾ ਚੁੱਕੀਆਂ ਹਨ। ਗੁਜਰਾਤ ਵਿਚ ਗੁਰੂ ਨਾਨਕ ਸਾਹਿਬ ਦੀ ਮੂਰਤੀ ਸਥਾਪਿਤ ਕਰ ਦਿੱਤੀ ਜਾਂਦੀ ਹੈ। ਕਦੇ ਕਿਸੇ ਨਗਰ ਕੀਰਤਨ ਵਿਚ ਨਿਸ਼ਾਨ ਸਾਹਿਬ ਉਤੇ ਕਥਿਤ ਅਸ਼ਟਭੁਜੀ ਤ੍ਰਿਸ਼ੂਲ ਲਗਾਏ ਜਾਂਦੇ ਹਨ। ਕਿਸੇ ਭਗਵੇਂਵਾਦੀਆਂ ਜਥੇਬੰਦੀ ਵੱਲੋਂ ਇਸ਼ਤਿਹਾਰਾਂ ਵਿਚ ਸਿੱਖ ਗੁਰੂਆਂ ਦੀਆਂ ਕਥਿਤ ਫੋਟੋਆਂ ਲਗਾ ਕੇ ਮੁਸਲਮਾਨਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਯਾਦ ਰੱਖੋ ਕਿ ਭਗਵੇਂ ਬ੍ਰਿਗੇਡ ਨੇ ਸੰਨ 2070 ਤਕ ਸਿੱਖੀ ਨੂੰ ਖ਼ਤਮ ਕਰਨ ਦੀ ਸਿੱਧੀ ਚੁਣੌਤੀ ਦਿੱਤੀ ਹੋਈ ਹੈ। ਇਸ ਚੁਣੌਤੀ ਦੀ ਪੂਰਤੀ ਲਈ ਹੀ ਇਹ ਸਭ ਸੂਖਮ ਹਮਲੇ ਨਿਰੰਤਰ ਵਿੱਢੇ ਹੋਏ ਹਨ। ਨਹੀਂ ਤਾਂ ਕੀ ਕਾਰਨ ਹੈ ਕਿ ਸਿੱਖਾਂ ਦੇ ਵਾਰ-ਵਾਰ ਵਿਰੋਧ ਕਰਨ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਨਿੱਤ ਦਿਨ ਮੁੜ ਵਾਪਰਦੀਆਂ ਆ ਰਹੀਆਂ ਹਨ।

ਸਿੱਖ ਵਿਦਵਾਨਾਂ ਅਤੇ ਆਗੂਆਂ ਦਾ ਮੰਨਣਾ ਹੈ ਕਿ ਉਕਤ ਫਿਲਮ ਵਿਚ ਗੁਰੂ ਸਾਹਿਬਾਨ ਦਾ ਪਾਤਰ ਐਨੀਮੇਟਿਡ ਤਕਨੀਕ ਨਾਲ ਦਿਖਾਇਆ ਗਿਆ ਹੈ। ਇਹ ਇਕ ਤਰ੍ਹਾਂ ਨਾਲ ਚਲ-ਚਿੱਤਰ ਵਰਗਾ ਹੀ ਹੁੰਦਾ ਹੈ। ਸਿੱਖ ਧਰਮ ਵਿਚ ਮੂਰਤੀ ਪੂਜਾ ਜਾਂ ਇਸ ਵਰਗੀ ਕਿਸੇ ਮਨੌਤ ਲਈ ਕੋਈ ਥਾਂ ਨਹੀਂ ਹੈ। ਕੁਝ ਸਮਾਂ ਪਹਿਲਾਂ “ਚਾਰ-ਸਾਹਿਬਜ਼ਾਦੇ” ਨਾਮ ਦੀ ਇਕ ਫਿਲਮ ਆਈ ਸੀ, ਜਿਸ ਵਿਚ ਗੁਰੂ ਦਸਮੇਸ਼ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਪਾਤਰ ਇਸੇ ਤਕਨੀਕ ਨਾਲ ਦਿਖਾਏ ਗਏ ਸਨ। ਪਹਿਲਾਂ-ਪਹਿਲ ਤਾਂ ਇਸ ਫਿਲਮ ਨੂੰ ਬਹੁਤ ਸਰਾਹਿਆ ਗਿਆ ਤੇ ਇਹ ਰਿਕਾਰਡ ਤੋੜ ਕਾਮਯਾਬ ਵੀ ਹੋਈ ਪਰ ਬਾਅਦ ਵਿਚ ਇਸ ਫਿਲਮ ਦਾ ਜੋ ਪ੍ਰਭਾਵ ਆਮ ਸਿੱਖ ਸੰਗਤ ਖਾਸ ਕਰ ਕੇ ਸਿੱਖ ਬੱਚਿਆਂ ਉਤੇ ਵੇਖਣ ਨੂੰ ਮਿਲਿਆ, ਉਹ ਸਿੱਖ ਸਿਧਾਂਤ ਅਤੇ ਗੁਰੂ ਨਾਨਕ ਵਿਚਾਰਧਾਰਾ ਦੇ ਖਿਲਾਫ ਹੀ ਗਿਆ। ਸਿੱਖ ਬੱਚਿਆਂ ਨੇ ਸਾਹਿਬਜ਼ਾਦਿਆਂ ਦੇ ਕਿਰਦਾਰਾਂ ਨੂੰ ਟੀਵੀ ਤੇ ਸਿਨੇਮਾ ਇੰਡਸਟਰੀਜ਼ ਵਿਚ ਚੱਲ ਰਹੀਆਂ ਕਾਰਟੂਨ ਫਿਲਮਾਂ ਦੇ ਕਿਰਦਾਰਾਂ ‘ਛੋਟਾ ਭੀਮ’, ‘ਸ਼ਕਤੀਮਾਨ’ ਤੇ ‘ਹੈਰੀ-ਪੌਟਰ’ ਵਾਂਗ ਹੀ ਲਿਆ। ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਵਿਚ ਵਾਪਰੀਆਂ ਲਾਸਾਨੀ ਤੇ ਦੁਨੀਆ ਭਰ ‘ਚੋਂ ਨਿਆਰੀਆਂ ਸ਼ਹਾਦਤਾਂ ਤੇ ਘਟਨਾਵਾਂ ਦੇ ਹਕੀਕੀ ਸੱਚ ਨੂੰ ਮਹਿਜ਼ ਸਿਨੇਮਾਈ ਤੇ ਕਲਪਿਤ ਪਾਤਰਾਂ ਦੇ ਬਰਾਬਰ ਲਿਆ ਖੜ੍ਹਾ ਕਰ ਦਿੱਤਾ ਗਿਆ। “ਚਾਰ ਸਾਹਿਬਜ਼ਾਦੇ” ਫਿਲਮ ਦੇ ਤਜਰਬੇ ਨੇ ਦੱਸ ਦਿੱਤਾ ਹੈ ਕਿ ਜੇਕਰ ਇਹ ਕੰਮ ਇਕ ਵਾਰ ਸ਼ੁਰੂ ਹੋ ਗਿਆ ਤਾਂ ਫਿਰ ਕਿਤੇ ਰੁਕਣ ਵਾਲਾ ਨਹੀਂ ਹੈ। ਸਭ ਨੂੰ ਯਾਦ ਹੋਵੇਗਾ ਕਿ ਫਿਲਮ ‘ਨਾਨਕ ਸ਼ਾਹ ਫਕੀਰ’ ਵਿਚ ਗੱਲ ਐਨੀਮੇਟਿਡ ਕਿਰਦਾਰਾਂ ਤੋਂ ਬਹੁਤ ਅੱਗੇ ਜਾ ਪਹੁੰਚੀ ਸੀ ਪਰ ਸਿੱਖਾਂ ਦੇ ਭਾਰੀ ਵਿਰੋਧ ਕਰ ਕੇ ਇਹ ਫਿਲਮ ਪਰਦੇ ਉਤੇ ਨਹੀਂ ਪਹੁੰਚ ਸਕੀ। ਜ਼ਾਹਰ ਹੈ ਕਿ ਸਿੱਖ ਕੌਮ ਦੇ ਅਵੇਸਲੇਪਣ ਅਤੇ ਸਾਡੇ ਆਗੂਆਂ ਦੇ ਕੁਰਸੀ ਮੋਹ ਤੇ ਲੋਭੀ ਸੋਚ ਨੇ ਅਜਿਹੇ ਹਾਲਾਤ ਪੈਦਾ ਕੀਤੇ ਹਨ ਪਰ ਹੁਣ ਫੈਸਲਾ ਲੈਣ ਦਾ ਸਮਾਂ ਆ ਗਿਆ ਹੈ। ਇਸ ਬਾਰੇ ਕਿਸੇ ਨੂੰ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ। ਇਸ ਫਰੰਟ ਉਤੇ ਬੱਝਵੀਂ ਲੜਾਈ ਲੜਨ ਦੀ ਰਣਨੀਤੀ ਤਿਆਰ ਕਰਨੀ ਪਵੇਗੀ, ਤਾਂ ਹੀ ਭਵਿੱਖ ਵਿਚ ਅਜਿਹੀਆਂ ਕੋਝੀਆਂ ਹਰਕਤਾਂ ਨੂੰ ਨੱਥ ਪਾਈ ਜਾ ਸਕੇਗੀ। ਜੇਕਰ ਅਸੀਂ ਆਮ ਸਿੱਖ ਸੰਗਤਾਂ ਵਿਚ ਇਸ ਵਰਤਾਰੇ ਦੀ ਅਸਲੀਅਤ ਬੇਪਰਦ ਕਰਨ ਵਿਚ ਕਾਮਯਾਬ ਨਾ ਹੋਏ, ਤਾਂ ਇਹੋ ਜਿਹੀਆਂ ਬੋਲਦੀਆਂ ਤਸਵੀਰਾਂ ਤੋਂ ਬਾਅਦ ਗੱਲ ਹੋਰ ਅੱਗੇ ਵਧ ਜਾਵੇਗੀ।

# ਜੂਨ 84 ਦੀ ਚੀਸ ਤੇ ਖਾਲਸਾ ਪੰਥ ਦਾ ਭਵਿੱਖ

**ਇਹ ਘੱਲੂਘਾਰਾ “ਖ਼ਾਲਸਾ ਪੰਥ ਦੀ ਸੁਤੰਤਰ, ਅੱਡਰੀ, ਵਿਲੱਖਣ ਹੋਂਦ” ਨੂੰ ਜਿਸਮਾਨੀ ਤੋਂ ਲੈ ਕੇ ਬੌਧਿਕ ਪੱਧਰ ਤੱਕ ਅਤੇ ਸਭਿਅਤਾ ਤੋਂ ਲੈ ਕੇ ਧਰਮ ਤੱਕ ਦਾ ਮੂਲ ਨਾਸ਼ ਕਰਨਾ ਮਿਥਿਆ ਗਿਆ ਸੀ। ਇਸ ਦੀ ਤਰਜਮਾਨੀ ਭਾਰਤ ਦੀ ਫੌਜ ਨੇ ਆਪਣੇ ਰਸਾਲੇ ‘ਬਾਤਚੀਤ’ ਵਿੱਚ ਭਾਰਤ ਅੰਦਰਲੇ ਦੇਸ਼ ਧਰੋਹੀ, ਅੱਤਵਾਦੀ ਅਤੇ ਵੱਖਵਾਦੀਆਂ ਦੀ ਸ਼ਨਾਖ਼ਤ ਨਿਮਿਤ ਇਸ ਪਹਿਚਾਣ ਨੂੰ ਪ੍ਰਸਾਰਿਤ ਕੀਤਾ ‘ਜਿਨ੍ਹਾਂ ਦੀ ਲੰਮੀ ਦਾੜ੍ਹੀ, ਮੁੱਛਾਂ ਅਤੇ ਸਿਰ ਦੇ ਵਾਲ ਹੁੰਦੇ ਹਨ, ਗਲੇ ਵਿੱਚ ਛੋਟੀ ਕਟਾਰ, ਹੱਥ ਵਿੱਚ ਕੜਾ, ਸਿਰ ਤੇ ਜ਼ਿਆਦਾਤਰ ਕੇਸਰੀ ਜਾਂ ਕਦੇ ਕਦੇ ਨੀਲੀ ਪਗੜੀ, ਹੁੰਦੀ ਹੈ; ਅਜਿਹਾ ਕੋਈ ਵੀ ਵਿਅਕਤੀ ਕਿਤੇ ਵੀ ਦਿਖਾਈ ਦੇਵੇ ਫੌਜ ਦੇ ਨੇੜਲੀ ਚੌਂਕੀ, ਜਾਂ ਪੁਲਿਸ ਠਾਣੇ ਜਾਂ ਨੀਮ ਫੌਜੀ ਦਸਤਿਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਜੇਕਰ ਅਜਿਹਾ ਕਰਨਾ ਸੰਭਵ ਨਹੀਂ ਤਾਂ ਉਸ ਨੂੰ ਸਮੂਹਿਕ ਤੌਰ ’ਤੇ ਪਕੜ ਲਿਆ ਜਾਵੇ। ਜੇ ਭੱਜੇ ਤਾਂ ਮਾਰ ਦਿੱਤਾ ਜਾਵੇ।’**



**ਪਰਮਿੰਦਰਪਾਲ ਸਿੰਘ ਖਾਲਸਾ**

1984 ਜੂਨ ਮਹੀਨੇ ਦੌਰਾਨ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸਿੱਖ ਕੌਮ ਦੇ ਕੇਂਦਰ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਜੀ ਉੱਤੇ ਕੀਤੇ ਫੌਜੀ ਹਮਲੇ ਵਿਚ ਅਕਾਲ ਤਖ਼ਤ ਸਾਹਿਬ ਜੀ, ਨੂੰ ਤਹਿਤ ਨਹਿਸ ਕਰ ਦਿੱਤਾ ਗਿਆ ਤੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਤੋਪ, ਟੈਕਾਂ ਦੇ ਗੋਲਿਆਂ ਨਾਲ ਭੁੰਨ ਸੁਟਿਆ।



ਇਸ ਹਮਲੇ ਦੌਰਾਨ ਵੱਡੀ ਗਿਣਤੀ ਸੰਗਤਾਂ ਭੁੱਖ-ਪਿਆਸ ਨਾਲ ਤੜਫਦੀਆਂ ਫ਼ੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋਈਆਂ। ਭਾਰਤ ਸਰਕਾਰ ਤੇ ਸ਼੍ਰੋਮਣੀ ਕਮੇਟੀ ਵੱਲੋਂ ਅਜੇ ਤੱਕ ਸਪਸ਼ੱਟ ਸ਼ਬਦਾਂ ਵਿੱਚ ਇਹ ਗਿਣਤੀ ਨਹੀਂ ਦੱਸੀ ਗਈ। ਇਸ ਘੱਲੂਘਾਰੇ ਨੂੰ ਸਿੱਖ ਧਰਮ ਵਿਚ ਤੀਸਰੇ ਘੱਲੂਘਾਰੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਹਰ ਸਾਲ ਇਹ ਘੱਲੂਘਾਰਾ ਦਿਵਸ ਜੂਨ ਮਹੀਨੇ ਦੀ ਛੇ ਤਰੀਕ ਨੂੰ ਪੰਜਾਬ, ਦੇਸ਼, ਪ੍ਰਦੇਸ਼ ਵਿੱਚ ਵੱਡੀ ਗਿਣਤੀ ਵਿੱਚ ਮਨਾਇਆ ਜਾਂਦਾ ਹੈ ਤੇ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ।

## ਕੌਣ ਜ਼ਿੰਮੇਵਾਰ ਸਿੱਖ ਸੰਤਾਪ ਲਈ

ਭਾਵੇਂ ਭਾਰਤੀ ਹਾਕਮ ਤੇ ਸਿਆਸਤਦਾਨ ਸਿੱਖ ਕੌਮ ਨੂੰ ਇਹ ਸਾਕਾ ਭੁੱਲ ਜਾਣ ਦੀਆਂ ਨਸੀਹਤਾਂ ਦਿੰਦੇ ਹਨ, ਪਰ ਉਹਨਾਂ ਨੇ ਅੱਜ ਤੱਕ ਇਸ ਗੁਨਾਹ ਦੀ ਕਦੇ ਮੁਆਫੀ ਨਹੀਂ ਮੰਗੀ ਨਾ ਹੀ ਸਪੱਸ਼ਟੀਕਰਨ ਦਿੱਤਾ ਹੈ ਕਿ ਉਹਨਾਂ ਨੇ ਅਜ਼ਾਦ ਦੇਸ ਦੀ ਸਿੱਖ ਕੌਮ ਜਿਸ ਦੀ ਅਜ਼ਾਦੀ ਦੇ ਲਈ ਮਹਾਨ ਕੁਰਬਾਨੀਆਂ ਹਨ, ਨੂੰ ਦੁਸ਼ਮਣ ਸਮਝ ਕੇ ਇਹ ਵਰਤਾਰਾ ਕਿਉਂ ਕੀਤਾ ਹੈ? ਗਿਣਤੀ ਦੇ ਸਿੰਘਾਂ ਨੂੰ ਫੜਨ ਵਾਸਤੇ ਰਚਿਆ ਗਿਆ, ਇਹ ਖ਼ੂਨੀ ਚੱਕਰਵਿਊ ਭਾਰਤ ਦੇ ਇਤਿਹਾਸ ’ਤੇ ਕਲੰਕ ਹੈ। ਇਹ ਝੂਠਾ ਸਰਕਾਰੀ ਪ੍ਰਚਾਰ ਹੈ ਕਿ ਇਹ ਹਮਲਾ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਕਰਕੇ ਹੋਇਆ, ਜਾਂ ਇਹ ਗੱਲ ਕਹਿੰਦੇ ਹਨ ਕਿ ਸੰਤ ਜੀ ਨੂੰ ਅਕਾਲ ਤਖ਼ਤ ਸਾਹਿਬ ਜੀ ਵਿੱਚੋਂ ਬਾਹਰ ਨਿਕਲ ਜਾਣਾ ਚਾਹੀਦਾ ਸੀ।

ਸਵਾਲ ਤਾਂ ਇਹ ਹੈ ਕਿ ਸਰਕਾਰ ਨੇ ਕਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ ਵਿਚ ਫ਼ੌਜ ਇਸ ਕਰਕੇ ਭੇਜਣੀ ਪਈ, ਕਿਉਂਕਿ ਉਥੇ ਸੰਤ ਭਿੰਡਰਾਂਵਾਲਿਆਂ ਦੀ ਕਮਾਨ ਹੇਠ ਹਥਿਆਰਬੰਦ ਬਾਗ਼ੀਆਂ ਨੇ ਕਬਜ਼ਾ ਕਰ ਲਿਆ ਸੀ, ਉਸ ਨੂੰ ਮੁਕਤ ਕਰਵਾਉਣਾ ਸੀ’ ਪਰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਨਾਲ-ਨਾਲ ਪੰਜਾਬ ਦੇ ਹੋਰ 38 ਗੁਰਦੁਆਰਿਆਂ ਵਿਚ ਕਿਉਂ ਇਕੋ ਸਮੇਂ ਫ਼ੌਜ ਦਾ ਹਮਲਾ ਹੋਇਆ? ਇਹ ਪ੍ਰਕਿਰਿਆ ਕਿਸੇ ਵੱਡੀ ਸਿਆਸੀ ਸਾਜ਼ਿਸ਼ ਵੱਲ ਸੰਕੇਤ ਕਰਦੀ ਹੈ।

ਜੇਕਰ ਗੰਭੀਰਤਾ ਨਾਲ ਸੋਚਿਆ ਜਾਵੇ ਤੇ ਆਪਣੇ ਇਤਿਹਾਸਕ, ਪਿਛੋਕੜ ਵਲ ਝਾਤੀ ਮਾਰੀ ਜਾਵੇ ਤਾਂ ਇਸ ਨਸਲਵਾਦੀ ਵਰਤਾਰੇ ਦੀ ਸਾਨੂੰ ਸਾਫ਼ ਸਮਝ ਪਵੇਗੀ ਕਿ ਭਾਰਤ ਦੀ ਅਜ਼ਾਦੀ ਤੋਂ ਬਾਅਦ, ਭਾਰਤ ਵਿੱਚ ਸਾਰੀਆਂ ਕੌਮਾਂ ਨੂੰ ਬੋਲੀਆਂ ਦੇ ਆਧਾਰ ਤੇ ਵੱਖ ਵੱਖ ਸੂਬੇ ਮਿਲੇ, ਪਰ ਪੰਜਾਬੀ ਜ਼ੁਬਾਨ ਨੂੰ ਪੰਜਾਬੀ ਸੂਬਾ ਨਹੀਂ ਮਿਲਿਆ, ਜਿਸ ਤੋਂ ਬਾਅਦ ਸਿੱਖ ਕੌਮ ਨੇ ਸੰਘਰਸ਼ ਆਰੰਭ ਕਰ ਦਿੱਤਾ। ਇਸ ਸੰਘਰਸ਼ ਵਿੱਚ ਸਾਡੇ ਵੱਡੇ ਵਡੇਰਿਆਂ ’ਤੇ ਫਿਰਕਾਪ੍ਰਸਤ ਤੇ ਗੱਦਾਰ ਹੋਣ ਦੇ ਠੱਪੇ ਲੱਗੇ, ਲੱਗਭੱਗ ਭਾਰਤ ਦੀ ਅਜ਼ਾਦੀ ਤੋਂ ਅੱਠ ਕੁ ਸਾਲ ਬਾਅਦ ਭਾਰਤੀ ਹਕੂਮਤ ਨੇ ਪੰਜਾਬੀ ਸੂਬਾ ਮੋਰਚਾ ਠੱਪ ਕਰਨ ਵਾਸਤੇ ਦਰਬਾਰ ਸਾਹਿਬ ਉਪਰ ਸੁਰੱਖਿਆ ਫੋਰਸਾਂ ਚਾੜੀਆਂ। ਸੁਆਲ ਇਹ ਪੈਦਾ ਹੁੰਦਾ ਹੈ ਕਿ ਇਹ ਮੋਰਚਾ ਤਾਂ ਸ਼ਾਂਤਮਈ ਸੀ, ਫਿਰ ਹਥਿਆਰਬੰਦ ਫੌਜਾਂ ਕਿਉਂ ਚਾੜ੍ਹੀਆਂ ਗਈਆਂ? ਇਸ ਗੱਲ ਦਾ ਕੇਂਦਰ ਸਰਕਾਰ ਜਾਂ ਰਾਸ਼ਟਰਵਾਦੀ ਨੇਤਾਵਾਂ ਕੋਲ ਕੋਈ ਜੁਆਬ ਨਹੀਂ। ਇਹ ਗੱਲ ਸੱਚ ਹੈ ਕਿ ਸਿੱਖ ਧਰਮ ਦੀ ਫਿਲਾਸਫੀ ਤੇ ਸਿੱਖ ਕੌਮ ਦੀ ਵਿਲੱਖਣਤਾ ਸਨਾਤਨਵਾਦੀਆਂ ਨੂੰ ਰੜਕਦੀ ਆਈ ਹੈ। ਇਹ ਵਿਚਾਰਧਾਰਕ ਟਕਰਾਅ ਹੀ ਇਸ ਹਮਲੇ ਦਾ ਕਾਰਨ ਬਣਿਆ ਹੈ। ਅਸਲ ਵਿਚ ਪ੍ਰਾਈਵੇਟ ਟੀ. ਵੀ. ਚੈਨਲ ਉਸ ਸਮੇਂ ਨਹੀਂ ਸਨ ਤੇ ਮੀਡੀਆ ਏਨਾ ਵਿਕਸਤ ਨਹੀਂ ਸੀ ਤੇ ਨਾ ਹੀ ਸ਼ੋਸ਼ਲ ਮੀਡੀਆ ਮੌਜੂਦ ਸੀ। ਇਸ ਲਈ ਉਸ ਸਮੇਂ ਸਰਕਾਰ ਨੂੰ ਅਖ਼ਬਾਰਾਂ ਤੇ ਸਰਕਾਰੀ ਟੈਲੀਵਿਜ਼ਨ ਅਤੇ ਰੇਡੀਓ ਨੂੰ ਕੰਟਰੋਲ ਕਰਕੇ ਸਾਰੇ ਦੇਸ਼ ਵਿਚ ਸਿੱਖ ਪੰਥ ਨੂੰ ਬਦਨਾਮ ਕਰਨਾ ਸੌਖਾ ਸੀ। ਇਸੇ ਤਹਿਤ ਹੀ ਸੱਤਾ ਹਾਸਲ ਕਰਨ ਦਾ ਪ੍ਰੋਗਰਾਮ ਰਚਿਆ ਗਿਆ ਸੀ ਤੇ ਸ੍ਰੀ ਦਰਬਾਰ ਸਾਹਿਬ ਨੂੰ ਅੱਤਵਾਦ ਦੇ ਕੇਂਦਰ ਵਜੋਂ ਪੇਸ਼ ਕੀਤਾ ਗਿਆ ਸੀ। ਅਕਾਲੀ ਲੀਡਰਾਂ ਨੂੰ ‘ਸ਼ੈਤਾਨ ਅਤੇ ਖਲਨਾਇਕਾਂ’ ਵਜੋਂ ਉਭਾਰਿਆ ਗਿਆ ਸੀ। ਹਿੰਦੂ-ਸਿੱਖ ਨੂੰ ਫਿਰਕੂਵਾਦ ਦੇ ਤਹਿਤ ਵੰਡਿਆ ਗਿਆ ਸੀ, ਜੋ ਪਾੜਾ ਹੁਣ ਤੱਕ ਨਹੀਂ ਮਿਟ ਸਕਿਆ। ਇੰਦਰਾ ਨੂੰ ਦੁਰਗਾ ਬਣਾਉਣ ਵਾਲੇ ਭਾਜਪਾ ਵਾਲੇ ਹੀ ਸਨ, ਜਿਨ੍ਹਾਂ ਨੇ ਪੰਜਾਬ ਦੇ ਮਸਲਿਆਂ, ਪੰਜਾਬੀ ਭਾਸ਼ਾ ਬਾਰੇ ਸਿੱਖ ਧਰਮ ਬਾਰੇ ਜ਼ਹਿਰੀਲਾ ਪ੍ਰਦੂਸ਼ਿਤ ਵਾਤਾਵਰਨ ਬਣਾਇਆ ਤੇ ਪੰਜਾਬ ਦਾ ਅਮਨ ਤਬਾਹ ਕੀਤਾ।

## ਘੱਲੂਘਾਰਾ ਇਕ ਸਾਜ਼ਿਸ਼

ਇਹ ਘੱਲੂਘਾਰਾ “ਖ਼ਾਲਸਾ ਪੰਥ ਦੀ ਸੁਤੰਤਰ, ਅੱਡਰੀ, ਵਿਲੱਖਣ ਹੋਂਦ” ਨੂੰ ਜਿਸਮਾਨੀ ਤੋਂ ਲੈ ਕੇ ਬੌਧਿਕ ਪੱਧਰ ਤੱਕ ਅਤੇ ਸਭਿਅਤਾ ਤੋਂ ਲੈ ਕੇ ਧਰਮ ਤੱਕ ਦਾ ਮੂਲ ਨਾਸ਼ ਕਰਨਾ ਮਿਥਿਆ ਗਿਆ ਸੀ। ਇਸ ਦੀ ਤਰਜਮਾਨੀ ਭਾਰਤ ਦੀ ਫੌਜ ਨੇ ਆਪਣੇ ਰਸਾਲੇ ‘ਬਾਤਚੀਤ’ ਵਿੱਚ ਭਾਰਤ ਅੰਦਰਲੇ ਦੇਸ਼ ਧਰੋਹੀ, ਅੱਤਵਾਦੀ ਅਤੇ ਵੱਖਵਾਦੀਆਂ ਦੀ ਸ਼ਨਾਖ਼ਤ ਨਿਮਿਤ ਇਸ ਪਹਿਚਾਣ ਨੂੰ ਪ੍ਰਸਾਰਿਤ ਕੀਤਾ ‘ਜਿਨ੍ਹਾਂ ਦੀ ਲੰਮੀ ਦਾੜ੍ਹੀ, ਮੁੱਛਾਂ ਅਤੇ ਸਿਰ ਦੇ ਵਾਲ ਹੁੰਦੇ ਹਨ, ਗਲੇ ਵਿੱਚ ਛੋਟੀ ਕਟਾਰ, ਹੱਥ ਵਿੱਚ ਕੜਾ, ਸਿਰ ਤੇ ਜ਼ਿਆਦਾਤਰ ਕੇਸਰੀ ਜਾਂ ਕਦੇ ਕਦੇ ਨੀਲੀ ਪਗੜੀ, ਹੁੰਦੀ ਹੈ; ਅਜਿਹਾ ਕੋਈ ਵੀ ਵਿਅਕਤੀ ਕਿਤੇ ਵੀ ਦਿਖਾਈ ਦੇਵੇ ਫੌਜ ਦੇ ਨੇੜਲੀ ਚੌਂਕੀ, ਜਾਂ ਪੁਲਿਸ ਠਾਣੇ ਜਾਂ ਨੀਮ ਫੌਜੀ ਦਸਤਿਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਤੇ ਜੇਕਰ ਅਜਿਹਾ ਕਰਨਾ ਸੰਭਵ ਨਹੀਂ ਤਾਂ ਉਸ ਨੂੰ ਸਮੂਹਿਕ ਤੌਰ ’ਤੇ ਪਕੜ ਲਿਆ ਜਾਵੇ। ਜੇ ਭੱਜੇ ਤਾਂ ਮਾਰ ਦਿੱਤਾ ਜਾਵੇ।’

## ਨਸਲਘਾਤੀ ਦੌਰ

ਫੌਜੀ ਹਮਲੇ ਦੇ ਕਾਰਨ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨਵੰਬਰ 84 ਦੌਰਾਨ ਆਪਣੇ ਸਿੱਖ ਬਾਡੀਗਰਡ ਹੱਥੋਂ ਮਾਰੀ ਗਈ। ਪ੍ਰਤੀਕਰਮ ਵਜੋਂ ਦੂਸਰਾ ਘੱਲੂਘਾਰਾ ਨਵੰਬਰ 84 ਸਿੱਖ ਕਤਲੇਆਮ ਦੇ ਰੂਪ ਵਿਚ ਲਿਆਂਦਾ ਗਿਆ। ਇਸ ਨੂੰ ਸਿੱਖ ਕੌਮ ਦਾ ਦੂਜਾ ਨਸਲ ਘਾਤੀ ਦੌਰ ਕਿਹਾ ਜਾਂਦਾ ਹੈ।

ਅਪਰੇਸ਼ਨ “ਬਲਿਊ ਸਟਾਰ” ਤੋਂ ਬਾਅਦ ਆਰੰਭੇ ਗਏ ਅਪਰੇਸ਼ਨ ‘ਸਰਚ’ ਦਾ ਇਹੋ ਭਾਰਤੀ ਮੰਤਰ ਸੀ। ਫਿਰ ਅਪਰੇਸ਼ਨ ‘ਮੰਡ’ ਚਲਿਆ। ਇਸ ਤੋਂ ਬਾਅਦ ਅਪਰੇਸ਼ਨ ‘ਵੂਡ ਰੋਜ਼’ ਚਲਿਆ। ਅਪਰੇਸ਼ਨ ‘ਬਲੈਕ ਥੰਡਰ’ ‘ਇਕ’ ਅਤੇ ‘ਦੋ’ ਹੋਏ। ਜਿਸ ਨੇ ਅਨੇਕਾਂ ਸਿੱਖਾਂ ਦੀਆਂ ਜਾਨਾਂ ਲੈ ਲਈਆਂ। ਫਿਰ ਗੈਰ ਪੁਲਿਸ ਫੋਰਸ ‘ਕੈਟ ਸੈਨਾ’ ਦੇ ਰੂਪ ਵਿਚ ਆਲਮ ਸੈਨਾ’, ‘ਗੋਵਿੰਦ ਸੈਨਾ’, ‘ਪੂਹਲਾ ਸੈਨਾ’ ਬਣਾਈ ਗਈ। ਸ਼ਨਾਖ਼ਤੀ ਕਾਰਡ ਦਿੱਤੇ ਗਏ। ਪੰਜਾਬ ਦੇ ਪਿੰਡਾਂ ਵਿੱਚ ਗਲਤ ਕਾਰਵਾਈਆਂ ਕਰਵਾਉਣ ਲਈ ਆਦੇਸ਼ ਦਿੱਤੇ ਗਏ ਤਾਂ ਜੋ ਖਾੜਕੂ ਲਹਿਰ ਨੂੰ ਬਦਨਾਮ ਕੀਤਾ ਜਾ ਸਕੇ। ਕੇਂਦਰ ਸਰਕਾਰ ਕਦੇ ਵੀ ਪੰਜਾਬ ਨਾਲ ਇਨਸਾਫ਼ ਨਹੀਂ ਕੀਤਾ। ਸਾਡੇ ਦਰਿਆਈ ਪਾਣੀ, ਰਾਜਧਾਨੀ, ਆਰਥਿਕਤਾ ਸਭ ਖੋਹੇ ਗਏ। ਇਸ ਮਾਮਲੇ ਵਿਚ ਭਾਜਪਾ, ਕਾਂਗਰਸ, ਕਾਮਰੇਡ ਸਭ ਇਕੱਠੇ ਸਨ।

ਪੰਜਾਬ ਸੰਤਾਪ ਦੌਰਾਨ ਪੰਥ ਪ੍ਰਸਤੀ ਦੀ ਗੱਲ ਕਰਨ ਵਾਲਿਆਂ ਨੂੰ ਸਰਕਾਰੀ ਦਹਿਸ਼ਤ ਗਰਦੀ ਦਾ ਸ਼ਿਕਾਰ ਹੋਣਾ ਪਿਆ, ਜਿਸ ਦੀਆਂ ਕਈ ਮਿਸਾਲਾਂ ਹਨ। ਕੌਮੀ ਜਜ਼ਬਾਤਾਂ ਦਾ ਪੱਖ ਪੂਰਨ ਵਾਲੇ ਜਸਵੰਤ ਸਿੰਘ ਖਾਲੜਾ ਵਰਗੇ ਵਿਦਵਾਨਾਂ ਨੂੰ ਸਰਕਾਰੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਸਰਕਾਰੀ ਅਸ਼ੀਰਵਾਦ ਪ੍ਰਾਪਤ ਕਾਰਸੇਵਾ ਦੇ ਬਾਬਿਆਂ ਨੂੰ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਅਧੀਨ ਘੱਲੂਘਾਰੇ ਦੀ ਯਾਦ ਦੇ ਨਿਸ਼ਾਨ ਵੀ ਮਿਟਾ ਦਿੱਤੇ ਗਏ।

ਸੋਚਣ-ਸਮਝਣ ਵਾਲੀ ਗੱਲ ਇਹ ਹੈ ਕਿ ਸ੍ਰੀ ਦਰਬਾਰ ਸਾਹਿਬ ਤੋਂ ਥੋੜ੍ਹੀ ਦੂਰ ਜੱਲਿਆਂਵਾਲੇ ਬਾਗ ਵਿਚ ਜਦੋਂ ਜਨਰਲ ਡਾਇਰ ਨੇ 1919 ਵਿਚ ਫ਼ੌਜੀ ਜ਼ਾਲਮਾਨਾ ਨੰਗਾ ਨਾਚ ਨਚਾਇਆ, ਜਿਸ ਵਿਚ 400 ਦੇ ਨੇੜੇ-ਤੇੜੇ ਨਿਹੱਥੇ ਬੇਕਸੂਰ ਪੰਜਾਬੀ ਮਾਰੇ ਗਏ ਸਨ ਅਤੇ ਸੈਂਕੜੇ ਜ਼ਖ਼ਮੀ ਹੋ ਗਏ ਸਨ, ਉਸ ਉਤੇ ਵਿਦੇਸ਼ੀ ਸਾਮਰਾਜੀ ਅੰਗਰੇਜ਼ੀ ਸਰਕਾਰ ਨੇ ਸਿਰਫ਼ ਦੁੱਖ ਦਾ ਪ੍ਰਗਟਾਵਾ ਹੀ ਨਹੀਂ ਸੀ ਕੀਤਾ, ਬਲਕਿ ਇਕ ਪੜਤਾਲੀਆ ਕਮਿਸ਼ਨ ਹੰਟਰ ਪੈਨਲ ਬਣਾਇਆ ਗਿਆ ਸੀ। ਇਸ ਕਮਿਸ਼ਨ ਨੇ ਬਾਕਾਇਦਾ ਜਨਰਲ ਡਾਇਰ ਨੂੰ ਦੋਸ਼ੀ ਗਰਦਾਨਿਆ ਅਤੇ ਸਜ਼ਾ ਸੁਣਾਈ ਪਰ ਉਹ (ਡਾਇਰ) ਸਜ਼ਾ ਭੁਗਤਣ ਤੋਂ ਪਹਿਲਾਂ ਹੀ ਅਧਰੰਗ ਦਾ ਸ਼ਿਕਾਰ ਹੋ ਕੇ ਮਰ ਗਿਆ। ਪਰ ਇਸ ਦੇ ਉਲਟ ਦਿੱਲੀ ਵਿਚ ਜਦੋਂ ਵੀ ਕਦੇ ਸ੍ਰੀ ਦਰਬਾਰ ਸਾਹਿਬ ਉਤੇ ਹਮਲੇ ਅਤੇ ਨਵੰਬਰ 1984 ਦੇ ਸਿੱਖ ਕਤਲੇਆਮ ਬਾਰੇ ਗੱਲ ਛਿੜਦੀ ਹੈ ਤਾਂ ਬਹੁਤੇ ਪੜ੍ਹੇ-ਲਿਖੇ ਗੈਰ-ਸਿੱਖ ਇਹ ‘ਦੋਸਤਾਨਾ’ ਸਲਾਹ ਦਿੰਦੇ ਹਨ, ‘ਭੁੱਲ ਜਾਓ, ਛੱਡੋ ਪੁਰਾਣੀਆਂ ਗੱਲਾਂ ਨੂੰ, ਅਜਿਹੀਆਂ ਘਟਨਾਵਾਂ ਦੁਬਾਰਾ ਨਹੀਂ ਵਾਪਰਦੀਆਂ।’

ਬਾਕੀ ਸਫ਼ਾ 30 ’ਤੇ

# ‘ਆਪ੍ਰੇਸ਼ਨ ਬਲੂਸਟਾਰ’
# ਹੰਝੂ ਜਿਸ ਦੀ ਡੂੰਘਾਈ ਨਹੀਂ ਨਾਪ ਸਕਦੇ



**ਗੁਰਦਰਸ਼ਨ ਸਿੰਘ ਢਿੱਲੋਂ**
ਹਿਸਟੋਰੀਅਨ (ਚੰਡੀਗੜ੍ਹ)



ਤਿੰਨ ਜੂਨ, 1984 ਦਾ ਦਿਨ ਸੀ। ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ 378 ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਸੀ ਜਦੋਂ ਭਾਰਤੀ ਫ਼ੌਜੀ ਨੇ ‘ਆਪ੍ਰੇਸ਼ਨ ਬਲੂਸਟਾਰ’ ਦੇ ਅਜੀਬ ਨਾਂ ਹੇਠ ਸਿੱਖਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਉਤੇ ਫ਼ੌਜੀ ਹੱਲਾ ਬੋਲ ਦਿੱਤਾ ਸੀ। ਇਸ ਦਿਨ ਨੂੰ ਹੀ ਹਮਲਾ ਕਰਨ ਲਈ ਕਿਉਂ ਚੁਣਿਆ ਗਿਆ ? ਇਹ ਕੋਈ ਅਚਾਨਕ ਵਰਤਿਆ ਭਾਣਾ ਨਹੀਂ ਸੀ ਕਿ ਹਮਲੇ ਲਈ ਚੁਣਿਆ ਗਿਆ ਦਿਨ ਇਕ ਇਤਿਹਾਸਕ ਦਿਨ ਸੀ। ਦੋ ਸਦੀਆਂ ਪਹਿਲਾਂ, 1736 ਦੀ ਦੀਵਾਲੀ ਵਾਲੇ ਦਿਨ ਮੁਗਲ ਫ਼ੌਜਾਂ ਨੇ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ ਸੀ। ਇਹ ਏਨੇ ਵੱਡੇ ਪੱਧਰ ਦਾ ਕਤਲੇਆਮ ਸੀ ਕਿ ਲੋਕ ਦੇਰ ਤੱਕ ਇਸ ਨੂੰ ‘ਖੂਨੀ ਦੀਵਾਲੀ’ ਕਰਕੇ ਯਾਦ ਕਰਦੇ ਰਹੇ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਦਰਬਾਰ ਸਾਹਿਬ ਉਤੇ ਹਮਲਾ ਕੀਤਾ ਤਾਂ ਉਸ ਨੇ ਵੀ ਵਿਸਾਖੀ ਦਾ ਦਿਨ ਚੁਣਿਆ ਤਾਂ ਕਿ ਵੱਧ ਤੋਂ ਵੱਧ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਸਕੇ, ਕਿਉਂਕਿ ਖਾਲਸੇ ਦਾ ਜਨਮ ਦਿਨ ਮਨਾਉਣ ਲਈ ਸਿੱਖ ਉਸ ਦਿਨ ਵੱਡੀ ਗਿਣਤੀ ਵਿਚ ਦਰਬਾਰ ਸਾਹਿਬ ਵਿਚ ਇਕੱਠੇ ਹੁੰਦੇ ਸਨ।

ਹਰ ਕੋਈ ਜਾਣਦਾ ਹੈ ਕਿ ਜਲਿਆਂਵਾਲਾ ਬਾਗ ਅੰਮ੍ਰਿਤਸਰ ਦਾ ਸ਼ਹੀਦੀ ਸਾਕਾ ਵੀ ਵਿਸਾਖੀ ਵਾਲੇ ਦਿਨ ਹੀ ਹੋਇਆ ਅਰਥਾਤ 13 ਅਪ੍ਰੈਲ, 1919 ਨੂੰ। ਗੁਰਪੁਰਬ ਵਾਲੇ ਦਿਨ ਦਰਬਾਰ ਸਾਹਿਬ ਉੱਤੇ ਕੀਤੇ ਗਏ ਹਮਲੇ ਨੇ ਲੋਕਾਂ ਦੇ ਮਨਾਂ ਵਿਚ ਸਿੱਖ ਇਤਿਹਾਸ ਦੇ ਉਨ੍ਹਾਂ ਭੀਆਵਲੇ ਦਿਨਾਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਜਿਨ੍ਹਾਂ ਦਾ ਜ਼ਿਕਰ ਇਤਿਹਾਸ ਦੀਆਂ ਪੁਸਤਕਾਂ ਵਿਚ ਆਉਂਦਾ ਹੈ। ਮੁਹੰਮਦ ਗੌਰੀ, ਚੰਗੇਜ਼ ਖਾਂ, ਅਹਿਮਦ ਸ਼ਾਹ ਅਬਦਾਲੀ ਤੇ ਹੋਰ ਹਮਲਾਵਰਾਂ ਵਲੋਂ ਧਰਮ-ਅਸਥਾਨਾਂ ਦੀ ਕੀਤੀ ਬੇਹੁਰਮਤੀ ਅਤੇ ਲੁੱਟ ਮਾਰ ਦਾ ਸਭ ਨੂੰ ਪਤਾ ਹੈ ਪਰ ਇਤਿਹਾਸ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਅਮਨ ਦੇ ਸਮੇਂ ਵਿਚ ਕਿਸੇ ਘੱਟ-ਗਿਣਤੀ ਦੇ ਧਰਮ ਅਸਥਾਨ ਦੀ ਤਬਾਹੀ ਆਪਣੀ ਹੀ ਸਰਕਾਰ ਨੇ ਏਨੇ ਭਿਆਨਕ ਸਾਕੇ ਦੁਆਰਾ ਕੀਤੀ ਹੋਵੇ। ਬਲੂ-ਸਟਾਰ ਸਾਕਾ, ਭਾਰਤ ਦੇ, ਸਗੋਂ ਸੰਸਾਰ ਦੇ ਇਤਿਹਾਸ ਦਾ ਪਹਿਲਾ ਸਾਕਾ ਸੀ ਜਦੋਂ ਫ਼ੌਜਾਂ ਨੂੰ ਇਕ ਕੌਮ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਉਤੇ ਹਮਲਾ ਕਰਨ ਲਈ ਕਿਹਾ ਗਿਆ ਹੋਵੇ ਜਿਸ ਵਿਚ ਆਪਣੇ ਹੀ ਬੰਦਿਆਂ ਮਰਦਾਂ, ਔਰਤਾਂ ਤੇ ਬੱਚਿਆਂ-ਦਾ ਵੱਡੇ ਪੱਧਰ ਤੇ ਕਤਲੇਆਮ ਹੋਇਆ ਹੋਵੇ।

ਦਰਬਾਰ ਸਾਹਿਬ ਉਤੇ ਫ਼ੌਜ ਵਲੋਂ ਹਮਲਾ ਸ਼ੁਰੂ ਕਰਦੇ ਸਾਰ ਹੀ, ਸਾਰੇ ਪੰਜਾਬ ਨੂੰ ਇਕ ਤਰ੍ਹਾਂ ਬਾਕੀ ਦੇ ਸੰਸਾਰ ਨਾਲੋਂ ਕੱਟ ਦਿੱਤਾ ਗਿਆ। ਸਾਰੀਆਂ ਡਾਕ ਤੇ ਸੰਚਾਰ ਸੇਵਾਵਾਂ ਕੱਟ ਦਿੱਤੀਆਂ ਗਈਆਂ। 36 ਘੰਟੇ ਦਾ ਬੜਾ ਸਖਤ ਕਿਸਮ ਦਾ ਕਰਫੀਊ ਲਾ ਦਿੱਤਾ ਗਿਆ ਜੋ ਮਗਰੋਂ 30 ਘੰਟੇ ਲਈ ਹੋਰ ਵਧਾ ਦਿੱਤਾ ਗਿਆ। ਇਹ ਪਿੰਡਾਂ ਸਮੇਤ, ਪੰਜਾਬ ਦੇ ਇਕ ਕੋਨੇ ਤੋਂ ਦੂਜੇ ਕੋਨੇ ਤਕ ਲਾਗੂ ਸੀ। ਇਥੋਂ ਤੱਕ ਕਿ ਕੋਈ ਵਿਅਕਤੀ ਆਮ ਮਾਰਗ ਤੇ ਚਲ ਨਹੀਂ ਸੀ ਸਕਦਾ ਤੇ ਗਲੀ ਵੀ ਪਾਰ ਨਹੀਂ ਸੀ ਕਰ ਸਕਦਾ। ਕੋਈ ਕਰਫੀਊ ਪਾਸ ਜਾਰੀ ਨਹੀਂ ਸਨ ਕੀਤੇ ਗਏ ਅਤੇ ਮਸ਼ੀਨ ਗੰਨਾਂ ਬੀੜੀ ਫ਼ੌਜੀ ਟਰੱਕ, ਅਤੇ ਕਈ ਵਾਰੀ, ਟਰੱਕਾਂ ਉਤੇ ਟੈਂਕ ਰੱਖ ਕੇ ਸੜਕਾਂ ਉਤੇ ਗਸ਼ਤ ਕੀਤੀ ਜਾਂਦੀ ਸੀ-ਇਹ ਪ੍ਰਭਾਵ ਦੇਣ ਲਈ ਕਿ ਫ਼ੌਜ ਦਾ ਮੁਕੰਮਲ ਕਬਜ਼ਾ ਰਾਜ ਉਤੇ ਹੈ। ਦਰਬਾਰ ਸਾਹਿਬ ਦੇ ਆਲੇ ਦੁਆਲੇ ਰਹਿੰਦੇ ਲੋਕਾਂ ਨੂੰ ਕਰਫੀਊ ਵਾਲੇ ਦਿਨ ਆਪਣੇ ਘਰ ਅਤੇ ਦੁਕਾਨਾਂ ਖਾਲੀ ਕਰਨ ਲਈ ਕੇਵਲ ਪੰਜ ਮਿੰਟ ਦਾ ਸਮਾਂ ਦਿੱਤਾ ਗਿਆ ਸੀ। ਜਦ ਕੁੱਝ ਲੋਕਾਂ ਨੂੰ ਏਨੇ ਥੋੜੇ ਸਮੇਂ ਵਿਚ ਅਜਿਹਾ ਕਰਨਾ ਅਸੰਭਵ ਲੱਗਾ ਤਾਂ ਉਨ੍ਹਾਂ ’ਚੋਂ ਕਈ ਲੋਕ ਡਰਦੇ ਮਾਰੇ ਘਰਾਂ ਦੀਆਂ ਛੱਤਾਂ ਤੋਂ ਛਾਲਾਂ ਮਾਰ ਕੇ ਭੱਜਣ ਦਾ ਯਤਨ ਕਰਦੇ ਮਾਰੇ ਗਏ। ਕਈ ਬਜ਼ੁਰਗ, ਔਰਤਾਂ ਤੇ ਬੱਚੇ ਜੋ ਭੱਜ ਨਾ ਸਕੇ, ਉਨ੍ਹਾਂ ਨੂੰ ਜੀਵਨ ਅਤੇ ਮੌਤ ਦੇ ਘੋਲ ’ਚੋਂ ਲੰਘਣਾ ਪਿਆ, ਕਿਉਂਕਿ ਉਨ੍ਹਾਂ ਦੇ ਬਿਜਲੀ ਪਾਣੀ ਬੰਦ ਕਰ ਦਿੱਤੇ ਗਏ ਸਨ। ਸਾਰੇ ਗੈਰ-ਫ਼ੌਜੀ ਵਾਹਨਾਂ ਨੂੰ ਸੜਕ ਤੇ ਚਲਣੋਂ ਰੋਕ ਦਿੱਤਾ ਗਿਆ ਸੀ। ਜਿਵੇਂ ਕਿ ਮੌਕੇ ਦੇ ਇਕ ਗਵਾਹ ਨੇ ਦਸਿਆ, “ਕੁੱਤਿਆਂ ਨੂੰ ਵੀ ਭੌਂਕਣ ਦੀ ਆਗਿਆ ਨਹੀਂ ਸੀ।”

ਖ਼ਬਰਾਂ ਉਤੇ ਦੋ ਮਹੀਨੇ ਲਈ ਸੈਂਸਰਸ਼ਿਪ ਬਿਠਾ ਦਿੱਤੀ ਗਈ ਸੀ। ਸਾਰੇ ਵਿਦੇਸ਼ੀ ਪੱਤਰਕਾਰਾਂ ਨੂੰ ਫੜ ਕੇ ਫ਼ੌਜ ਨੇ ਰਾਜ ਤੋਂ ਬਾਹਰ ਕੱਢ ਦਿੱਤਾ। ਇਥੋਂ ਤੱਕ ਕਿ ਰਾਜ ਦੇ ਸਾਰੇ ਪ੍ਰਮੁੱਖ ਅਖਬਾਰਾਂ ਨੂੰ ਤਿੰਨ ਦਿਨ ਤਕ ਲਈ ਛਪਾਈ ਬੰਦ ਕਰਨੀ ਪਈ। ਜੰਗ ਸਮੇਂ ਦਾ ਪੂਰਾ ਮਾਹੌਲ ਬਣਾ ਦਿੱਤਾ ਗਿਆ। ਜੀਵਨ ਪ੍ਰਵਾਹ ਰੁਕ ਜਿਹਾ ਗਿਆ। ਦਰਬਾਰ ਸਾਹਿਬ ਸਮੂਹ ਦੇ ਸਾਰੇ ਟੈਲੀਫੋਨ 2 ਜੂਨ ਨੂੰ ਕੱਟ ਦਿੱਤੇ ਗਏ ਸਨ ਅਤੇ ਪਾਣੀ, ਬਿਜਲੀ 3 ਜੂਨ ਨੂੰ ਕੱਟ ਦਿੱਤੇ ਗਏ।

1 ਜੂਨ ਨੂੰ ਸ਼ੁਰੂ ਹੋਈ ਗੋਲੀਬਾਰੀ ਅਗਲੇ ਦੋ ਦਿਨ ਰੁਕ ਰੁਕ ਕੇ ਚਲਦੀ ਰਹੀ ਤਾਂ ਕਿ ਜਵਾਬੀ ਗੋਲੀਬਾਰੀ ਰਾਹੀਂ ਪਤਾ ਲਾਇਆ ਜਾ ਸਕੇ ਕਿ ਕਿਹੜੀ ਕਿਹੜੀ ਥਾਂ ਤੋਂ ਮੁਕਾਬਲਾ ਕੀਤਾ ਜਾ ਰਿਹਾ ਹੈ। ਪਰ ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁੱਕਾ ਹੈ, ਕੋਈ ਜਵਾਬੀ ਗੋਲੀਬਾਰੀ ਨਹੀਂ ਹੋਈ।

ਦਰਬਾਰ ਸਾਹਿਬ ਸਮੂਹ ਨੂੰ ਜਦੋਂ ਫ਼ੌਜ ਨੇ ਘੇਰੇ ਵਿਚ ਲੈ ਲਿਆ ਤਾਂ ਇਕ ਪੱਤਰਕਾਰ ਸੁਭਾਸ਼ ਕਿਰਪੇਕਰ ਜੋ 3 ਜੂਨ ਨੂੰ ਸੰਤ ਭਿੰਡਰਾਂਵਾਲਿਆਂ ਨੂੰ ਮਿਲਿਆ, ਉਸ ਨੇ ਪੁਛਿਆ ਕਿ ਕੀ ਉਹ ਮੌਤ ਤੋਂ ਡਰਦੇ ਹਨ। ਸੰਤ ਭਿੰਡਰਾਂਵਾਲਿਆਂ ਨੇ ਉੱਤਰ ਦਿੱਤਾ, “ਮੌਤ ਤੋਂ ਡਰਨ ਵਾਲਾ ਸਿੱਖ ਨਹੀਂ ਹੋ ਸਕਦਾ।” ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਉਨ੍ਹਾਂ ਕਤਲਾਂ ਲਈ ਜ਼ਿੰਮੇਵਾਰ ਨਹੀਂ ਸਨ ਜਿਨ੍ਹਾਂ ਕਾਰਨ ਫ਼ੌਜ ਦਰਬਾਰ ਸਾਹਿਬ ਦੇ ਬੂਹੇ ਆ ਖੜੀ ਹੋਈ ਸੀ। ਜਦੋਂ ਕਿਰਪੇਕਰ ਨੇ ਪੁਛਿਆ ਕਿ ਹਿੰਸਾ ਨੂੰ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ ਤਾਂ ਉਨ੍ਹਾਂ ਨੇ ਜਵਾਬ ਦਿੱਤਾ, “ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਉਤੇ ਇਸ ਦੀ ਜ਼ਿੰਮੇਵਾਰੀ ਆਉਂਦੀ ਹੈ।” ਉਸ ਨੇ ਫਿਰ ਪੁਛਿਆ, “ਤੁਸੀਂ ਕੀ ਸਮਝਦੇ ਹੋ ਕਿ ਸਿੱਖ ਇਸ ਦੇਸ਼ ਵਿਚ ਨਹੀਂ ਰਹਿ ਸਕਦੇ ?” ਸੰਤ ਜੀ ਨੇ ਉੱਤਰ ਦਿੱਤਾ, “ਹਾਂ ਉਹ ਨਾ ਭਾਰਤ ਅੰਦਰ ਰਹਿ ਸਕਦੇ ਹਨ, ਨਾ ਭਾਰਤ ਦੇ ਨਾਲ। ਜੇ ਬਰਾਬਰ ਦੇ ਸਮਝ ਕੇ ਚਲਣ ਤਾਂ ਸੰਭਵ ਹੋ ਸਕਦਾ ਹੈ। ਪਰ ਸੱਚੀ ਗੱਲ ਆਖਾਂ ਤਾਂ ਅਜਿਹਾ ਹੋਣਾ ਸੰਭਵ ਲੱਗਦਾ ਨਹੀਂ।” ਸੰਤ ਭਿੰਡਰਾਂਵਾਲਿਆਂ ਵਲੋਂ ਕਿਸੇ ਪੱਤਰਕਾਰ ਨੂੰ ਦਿੱਤੀ ਇਹ ਅੰਤਮ ਭੇਂਟ ਵਾਰਤਾ ਸੀ।

ਮੌਕੇ ਦੇ ਗਵਾਹਾਂ ਨੇ ਭੇਤ ਖੋਲ੍ਹਿਆ ਹੈ ਕਿ ਸੰਤ ਭਿੰਡਰਾਂਵਾਲਿਆਂ ਨੇ ਸਖਤ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਜਦ ਤਕ ਫ਼ੌਜਾਂ ਦਰਬਾਰ ਸਾਹਿਬ ਦੇ ਅੰਦਰ ਦਾਖਲ ਨਹੀਂ ਹੁੰਦੀਆਂ, ਇਕ ਵੀ ਗੋਲੀ ਨਾ ਚਲਾਈ ਜਾਏ। ਉਨ੍ਹਾਂ ਦੇ ਦਰਬਾਰ ਸਾਹਿਬ ਦੇ ਚੌਗਿਰਦੇ ਵਿਚ ਮੋਰਚੇ ਕਾਇਮ ਕਰ ਲਏ ਹੋਏ ਸਨ-ਕੇਵਲ ਬਚਾਅ ਵਜੋਂ ਹਮਲੇ ਲਈ ਨਹੀਂ। ਜਿਵੇਂ ਕਿ ਮੌਕੇ ਦੇ ਗਵਾਹਾਂ ਨੇ ਦਸਿਆ ਹੈ, ਸੰਤ ਭਿੰਡਰਾਂਵਾਲਿਆਂ ਦੇ ਆਦਮੀਆਂ ਨੇ ਗੋਲੀ ਕੇਵਲ ਉਦੋਂ ਚਲਾਈ ਜਦੋਂ ਫ਼ੌਜ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋ ਗਈ। ਉਨ੍ਹਾਂ ਦੇ ਬੇਮਿਸਾਲ ਜਜ਼ਬੇ ਦੇ ਬਾਵਜੂਦ ਉਹ ਗਿਣਤੀ ਪੱਖੋਂ ਜਾਂ ਅਸਲੇ ਬਾਰੂਦ ਪੱਖੋਂ ਫ਼ੌਜ ਦਾ ਕਿਸੇ ਤਰ੍ਹਾਂ ਵੀ ਮੁਕਾਬਲਾ ਨਹੀਂ ਸਨ ਕਰ ਸਕਦੇ।

ਫ਼ੌਜ ਜਦੋਂ ਦਰਬਾਰ ਸਾਹਿਬ ਅੰਦਰ ਦਾਖਲ ਹੋਈ ਤਾਂ ਮੇਜਰ ਜਨਰਲ ਸ਼ਬੇਗ ਸਿੰਘ ਦੀ ਕਮਾਨ ਨੇ ਮੁਕਾਬਲਾ ਕੀਤਾ ਅਤੇ ਬੜੀ ਸਖਤ ਲੜਾਈ ਸ਼ੁਰੂ ਹੋ ਗਈ। ਫ਼ੌਜਾਂ, ਜੋ ਕਿ ਪਹਿਲੀ ਜੂਨ ਤੋਂ ਰੁਕ ਰੁਕ ਕੇ ਗੋਲੀਬਾਰੀ ਕਰ ਰਹੀਆਂ ਸਨ ਨੇ 4 ਜੂਨ ਤੋਂ ਗੋਲੀਬਾਰੀ ਬੜੀ ਤੇਜ਼ ਕਰ ਦਿੱਤੀ ਤੇ ਇਹ ਬਿਨਾਂ ਰੁਕੇ ਚਲਦੀ ਰਹੀ। ਲਾਈਟ ਮਸ਼ੀਨ ਗੰਨਾਂ ਤੇ ਮੀਡੀਅਮ ਮਸ਼ੀਨ ਗੰਨਾਂ ਦੀ ਵਰਤੋਂ ਦੇ ਨਾਲ ਨਾਲ ਫ਼ੌਜੀ ਜਵਾਨਾਂ ਨੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਅੰਦਰ ਕਈ ਥਾਵਾਂ ਤੇ ਹੱਥਗੋਲੇ ਅਤੇ ਜ਼ਹਿਰੀਲੀ ਗੈਸ ਦੇ ਗੋਲੇ ਵੀ ਦਾਗੇ। ਫ਼ੌਜੀ ਜਰਨੈਲਾਂ ਦਾ ਅਨੁਮਾਨ ਸੀ ਕਿ ਸਾਰੀ ਕਾਰਵਾਈ ਕੁੱਝ ਘੰਟਿਆਂ ਤੋਂ ਵੱਧ ਨਹੀਂ ਚਲੇਗੀ ਪਰ ਸਿੱਖ ਨੌਜਵਾਨਾਂ ਵਲੋਂ ਦ੍ਰਿੜਤਾ ਨਾਲ ਕੀਤੇ ਗਏ ਮੁਕਾਬਲੇ ਸਦਕਾ, ਲੜਾਈ ਲਗਭਗ ਚਾਰ ਦਿਨ ਤਕ ਚਲਦੀ ਰਹੀ। ‘ਸੰਡੇ ਟਾਈਮਜ਼’ ਲੰਡਨ ਦੀ ਪੱਤਰਕਾਰ ਮੇਰੀ ਐਨੇ ਵੀਵਰ ਨੇ ਲਿਖਿਆ, “ਫ਼ੌਜ ਨੂੰ ਯਕੀਨ ਸੀ ਕਿ ਉਹ ਦਰਬਾਰ ਸਾਹਿਬ ’ਚੋਂ ਸਿੱਖ ਖਾੜਕੂਆਂ ਨੂੰ 48 ਘੰਟੇ ਅੰਦਰ ਬਾਹਰ ਕੱਢ ਮਾਰੇਗੀ। ਪਰ ਇਸ ਨੂੰ ਚਾਰ ਦਿਨ ਲੱਗ ਗਏ। ਮੁਕਾਬਲਾ ਏਨਾ ਸਖਤ ਹੋਇਆ ਜਿੰਨਾ ਕਿ ਤੇਜ਼ ਮਿਜ਼ਾਜ ਸੰਤ ਭਿੰਡਰਾਂਵਾਲਿਆਂ ਨੇ ਪਹਿਲਾਂ ਕਹਿ ਦਿੱਤਾ ਸੀ-“ਜੇ ਫ਼ੌਜ ਅੰਦਰ ਆਈ ਤਾਂ ਅਸੀਂ ਉਨ੍ਹਾਂ ਨੂੰ ਅਜਿਹਾ ਸਬਕ ਸਿਖਾਵਾਂਗੇ ਕਿ ਇੰਦਰਾ ਦੀ ਗੱਦੀ ਹਿਲ ਜਾਵੇਗੀ...।” ਉਹ ਆਖਰੀ ਬੰਦੇ ਅਤੇ ਆਖਰੀ ਗੋਲੀ ਤਕ ਲੜਨ ਲਈ ਦ੍ਰਿੜ-ਸੰਕਲਪ ਸਨ। ਪਹਿਲੇ ਦੋ ਦਿਨਾਂ ਵਿਚ ਫ਼ੌਜ ਨੇ ਹਮਲੇ ਦੌਰਾਨ ਮਸ਼ੀਨ ਗੰਨਾਂ, ਮਾਰਟਰ ਅਤੇ ਰਾਕਟ ਵਰਤੋਂ ਵਿਚ ਲਿਆਂਦੇ ਪਰ ਸਖ਼ਤ ਨੁਕਸਾਨ ਉਠਾਉਣ ਮਗਰੋਂ ਵੀ ਕੋਈ ਸਫਲਤਾ ਪ੍ਰਾਪਤ ਨਾ ਕਰ ਸਕੀ। ਸੁਭਾਸ਼ ਕਿਰਪੇਕਰ ਜੋ ਆਪਣੇ ਹੋਟਲ ਦੇ ਕਮਰੇ ’ਚ ਸਭ ਕੁੱਝ ਵੇਖ ਰਿਹਾ ਸੀ, ਉਸ ਨੇ ਲਿਖਿਆ, “ਪਹਿਲੀ ਵਾਰੀ ਮੈਂ ਦੇਖ ਰਿਹਾ ਹਾਂ ਕਿ ਮੇਰੇ ਦੋਸਤ ਹੈਰਾਨ ਹੋ ਰਹੇ ਹਨ ਕਿ ਫ਼ੌਜ ਨੇ ਕੰਮ ਖਤਮ ਕਰਨ ਲਈ ਏਨਾ ਸਮਾਂ ਕਿਉਂ ਲਿਆ ਹੈ ਇਕ ਇਕੱਲੇ ਸੰਤ ਨੇ ਤਿੰਨ ਦਿਨਾਂ ਤੋਂ ਉਨ੍ਹਾਂ ਨੂੰ ਨੇੜੇ ਆਉਣੋਂ ਰੋਕਿਆ ਹੋਇਆ ਹੈ। ਦਰਬਾਰ ਸਾਹਿਬ ਦੇ ਚੌਗਿਰਦੇ ਦੀਆਂ ਕਈ ਮਾਰਕੀਟਾਂ ਅੱਗ ਦੀ ਲਪੇਟ ਵਿਚ ਆ ਚੁਕੀਆਂ ਹਨ। ਮੈਨੂੰ ਉਚੀਆਂ ਲਾਟਾਂ ਅਸਮਾਨ ਵਲ ਸ਼ੈਤਾਨੀ ਨਾਚ ਨਚਦੀਆਂ ਹੋਈਆਂ ਨਜ਼ਰ ਆ ਰਹੀਆਂ ਹਨ। ਜੇ ਅੱਗ ਫੈਲਦੀ ਗਈ ਤਾਂ ਮੈਨੂੰ ਡਰ ਹੈ ਕਿ ਸਾਰੇ ਸ਼ਹਿਰ ਨੂੰ ਕਲਾਵੇ ਵਿਚ ਲੈ ਲਵੇਗੀ।”

ਕਾਹਲੀ ਨਾਲ ਸਲਾਹ ਮਸ਼ਵਰੇ ਹੋਣ ਲੱਗੇ ਅਤੇ ਪ੍ਰਤੱਖ ਹੈ ਕਿ ਅਜਿਹੇ ਹੁਕਮ ਉਪਰੋਂ ਪ੍ਰਾਪਤ ਕਰ ਲਏ ਗਏ ਕਿ ਆਰਟਿਲਰੀ ਤੇ ਟੈਂਕਾਂ ਦੀ ਵਰਤੋਂ ਕਰ ਲਈ ਜਾਵੇ। ਆਪਣੀ ਕਿਸਮ ਦੀ ਇਹ ਪਹਿਲੀ ਕਾਰਵਾਈ ਸੀ ਜਿਸ ਵਿਚ ਫ਼ੌਜ ਦੀਆਂ ਸੱਤ ਡਵੀਜ਼ਨਾਂ ਤੈਨਾਤ ਕੀਤੀਆਂ ਗਈਆਂ ਸਨ ਅਤੇ ਫ਼ੌਜ ਦੇ ਤਿੰਨੇ ਭਾਗ-ਜਲ ਸੈਨਾ, ਥਲ ਸੈਨਾ ਤੇ ਹਵਾਈ ਸੈਨਾ ਨੂੰ ਇਕ ਘਰੇਲੂ ਸਮੱਸਿਆ ਦੇ ਹੱਲ ਲਈ ਝੋਕ ਦਿੱਤਾ ਗਿਆ ਸੀ। ਯੋਜਨਾ ਬਨਾਉਣ ਵਾਲੇ ਸ਼ਾਇਦ ਇਹ ਸੋਚਦੇ ਸਨ ਕਿ ਗੋਲੀ ਸਿੱਕੇ ਦਾ ਜ਼ਬਰਦਸਤ ਵਿਖਾਵਾ ਅਤੇ ਫ਼ੌਜ ਦੇ ਤਿੰਨਾਂ ਭਾਗਾਂ ਦੀ ਗਰਜ ਸੰਤ ਭਿੰਡਰਾਂਵਾਲਿਆਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਡਰਾ ਦੇਵੇਗੀ ਤੇ ਉਹ ਗੋਡੇ ਟੇਕ ਦੇਣਗੇ। ਪਰ ਉਹ ਭੁਲੇਖੇ ਵਿਚ ਸਨ, ਕਿਉਂਕਿ ਗੋਲੀਆਂ ਦੀ ਤੜ ਤੜ ਅਤੇ ਮਸ਼ੀਨਾਂ ਦੀ ਗੜ ਗੜ ਦਰਬਾਰ ਸਾਹਿਬ ਦੀ ਰਾਖੀ ਕਰਨ ਵਾਲਿਆਂ ਨੂੰ ਡੁਲਾ ਨਾ ਸਕੀ। ਇਕ ਬਰਤਾਨਵੀਂ ਪੱਤਰਕਾਰ ਮੇਰੀ ਐਨੇ ਵੀਵਰ ਨੇ ‘ਸੰਡੇ ਟਾਈਮਜ਼’ ਨੂੰ ਭੇਜੀ ਆਪਣੀ ਰੀਪੋਰਟ (7 ਜੂਨ, 1984) ਵਿਚ ਲਿਖਿਆ,” ਆਜ਼ਾਦੀ ਮਗਰੋਂ ਇਸ ਤੋਂ ਪਹਿਲਾਂ ਕਦੀ ਵੀ ਏਨੀ ਗਿਣਤੀ ਵਿਚ ਫ਼ੌਜ ਦੀ ਵਰਤੋਂ ਨਹੀਂ ਸੀ ਕੀਤੀ ਗਈ। ਲਗਭਗ 15000 ਜਵਾਨ ਸਿੱਧੇ ਹਮਲੇ ਵਿਚ ਸ਼ਾਮਲ ਹੋਏ ਤੇ 35000 ਅੰਦਰੂਨੀ ਬਗਾਵਤ ਨੂੰ ਕੁਚਲਣ ਲਈ ਤਿਆਰ ਖੜੇ ਸਨ। ਅੰਗਰੇਜ਼ੀ ਰਾਜ ਦੇ ਬੜੇ ਸਖਤੀ ਵਾਲੇ ਦਿਨਾਂ ਵਿਚ ਵੀ ਏਨੇ ਮਹੱਤਵਪੂਰਨ ਧਰਮ-ਅਸਥਾਨ ਤੇ ਹਮਲਾ ਕਰਨ ਲਈ ਫ਼ੌਜ ਦੀ ਵਰਤੋਂ ਨਹੀਂ ਸੀ ਕੀਤੀ ਗਈ।”

ਸੰਤ ਭਿੰਡਰਾਂਵਾਲਿਆਂ ਦੇ ਸਾਥੀਆਂ ਨੇ ਭਾਰਤੀ ਫ਼ੌਜ ਦਾ ਦੋ ਦਿਨ ਡੱਟ ਕੇ ਮੁਕਾਬਲਾ ਕੀਤਾ ਪਰ ਉਨ੍ਹਾਂ ਕੋਲ ਜੋ ਸੀਮਿਤ ਜਹੇ ਹਥਿਆਰ ਸਨ, ਉਨ੍ਹਾਂ ਨਾਲ ਟੈਂਕਾਂ ਦੇ ਹਮਲੇ ਦਾ ਮੁਕਾਬਲਾ ਕਰਨਾ ਸੰਭਵ ਨਹੀਂ ਸੀ। ਜਿਵੇਂ ਕਈ ਮੌਕੇ ਦੇ ਗਵਾਹਾਂ ਨੇ ਦਸਿਆ, ਦਰਬਾਰ ਸਾਹਿਬ ਦੀ ਫ਼ੌਜ ਤੋਂ ਰਾਖੀ ਕਰਨ ਵਾਲਿਆਂ ਦੀ ਗਿਣਤੀ 50 ਤੋਂ ਲੈ ਕੇ 100 ਤੱਕ ਸੀ। ਹਮਲੇ ਦੌਰਾਨ 13 ਟੈਂਕਾਂ ਦੀ ਵਰਤੋਂ ਕੀਤੀ ਗਈ। ਇਨ੍ਹਾਂ ’ਚੋਂ ਸੱਤ ਟੈਂਕ ਅਕਾਲ ਤਖ਼ਤ ਸਾਹਿਬ ਉਤੇ ਹਮਲਾ ਕਰਨ ਲਈ ਵਰਤੇ ਗਏ। ਉਨ੍ਹਾਂ ’ਚੋਂ ਇਕ ਨੂੰ 16 ਸਾਲ ਦੇ ਇਕ ਭੁਝੰਗੀ ਨੇ, ਆਪਣੇ ਜਿਸਮ ਦੁਆਲੇ ਬਾਰੂਦ ਬੰਨ੍ਹ ਕੇ ਅਤੇ ਚਲਦੇ ਟੈਂਕ ਵਿਚ ਛਾਲ ਮਾਰ ਕੇ, ਤਬਾਹ ਕਰ ਦਿੱਤਾ। ਪੁੱਜੇ ਨੁਕਸਾਨ ਸਦਕਾ, ਟੈਂਕ ਬਾਬਾ ਦੀਪ ਸਿੰਘ ਦੀ ਸਮਾਧੀ ਸਾਹਮਣੇ ਪਰਕਰਮਾ ਵਿਚ ਜਾਮ ਹੋ ਕੇ ਰਹਿ ਗਿਆ। ਮਗਰੋਂ ਫ਼ੌਜ ਨੇ ਬੜੀ ਮੁਸ਼ਕਲ ਨਾਲ ਉਥੋਂ ਹਟਾਇਆ। ਬ੍ਰਹਮ ਚੇਲਾਨੀ ਨੇ ਲਿਖਿਆ, “6 ਜੂਨ ਨੂੰ ਰਾਤ ਨੌਂ ਵਜੇ ਦੇ ਕਰੀਬ, 7 ਲੱਖ ਦੀ ਵਸੋਂ ਵਾਲਾ ਸਾਰਾ ਸ਼ਹਿਰ ਬਿਜਲੀ ਬੰਦ ਹੋਣ ਨਾਲ ਹਨੇਰੇ ਵਿਚ ਡੁੱਬ ਗਿਆ। ਅੱਧੇ ਘੰਟੇ ਮਗਰੋਂ, ਅੰਮ੍ਰਿਤਸਰ ਸ਼ਹਿਰ ਜ਼ੋਰਦਾਰ ਧਮਾਕਿਆਂ, ਮਾਰਟਰ ਫਟਣ ਅਤੇ ਮਸ਼ੀਨ-ਗੰਨ ਦੀ ਉਗਲਦੀ ਅੱਗ ਨਾਲ ਕੰਬ ਉਠਿਆ। ਵੱਡੀ ਜੰਗ ਸ਼ੁਰੂ ਹੋ

**ਬਾਕੀ ਸਫ਼ਾ 30 ’ਤੇ**

# ਨਰਿੰਦਰ ਮੋਦੀ ਦੀ ਜਿੱਤ ਕਾਰਨ ਭਗਵਾਂਵਾਦੀ ਕਲਚਰ ਹਾਵੀ

- **ਬੇਰੁਜ਼ਗਾਰੀ, ਖੇਤੀ ਸੰਕਟ, ਘੱਟ ਗਿਣਤੀਆਂ ਦੀ ਸੁਰੱਖਿਆ ਚਿੰਤਾ ਦਾ ਵਿਸ਼ਾ ਬਣੀ**
- **ਫਿਰਕੂਵਾਦ ਦੇਸ਼ ਦੀ ਅਖੰਡਤਾ ਦੇ ਲਈ ਖਤਰਨਾਕ**

**ਗੁਰਮੀਤ ਸਿੰਘ ਪਲਾਹੀ**

17 ਵੀਂ ਲੋਕ ਸਭਾ ਲਈ 542 ਸਾਂਸਦ ਚੁਣੇ ਗਏ ਹਨ। ਲੋਕ ਸਭਾ ਵਿੱਚ ਚੁਣੇ ਜਾਣ ਵਾਲੇ ਸਾਂਸਦਾਂ ਵਿੱਚ 300 ਮੈਂਬਰ ਪਹਿਲੀ ਵੇਰ ਚੁਣੇ ਗਏ ਹਨ, 197 ਦੁਬਾਰਾ ਚੁਣੇ ਗਏ ਹਨ, ਜਦ ਕਿ 45 ਪਹਿਲਾਂ ਹੀ ਰਹਿ ਚੁਕੇ ਸਾਂਸਦ ਚੋਣ ਜਿੱਤੇ ਹਨ। ਪਹਿਲੀ ਵੇਰ ਦੇਸ਼ ਦੀ ਲੋਕ ਸਭਾ ਵਿੱਚ 78 ਔਰਤਾਂ ਚੁਣੀਆਂ ਗਈਆਂ ਹਨ। ਦੇਸ਼ ਦੀ ਲੋਕ ਸਭਾ ਵਿੱਚ 12 ਫੀਸਦੀ ਮੈਂਬਰ 40 ਤੋਂ ਘੱਟ ਉਮਰ ਦੇ ਹਨ ਜਦ ਕਿ 6 ਫੀਸਦੀ ਮੈਂਬਰ 70 ਸਾਲ ਦੀ ਉਮਰ ਤੋਂ ਵੱਧ ਦੇ ਹਨ।

ਦੇਸ਼ ਵਿੱਚ ਐਨ.ਡੀ. ਏ. ਨੇ 542 ਸੀਟਾਂ ਵਿੱਚੋਂ 353 ਸੀਟਾਂ ਜਿੱਤੀਆਂ ਹਨ ਜਿਸ ਵਿੱਚ ਮੁੱਖ ਸਿਆਸੀ ਪਾਰਟੀ ਭਾਜਪਾ ਹੈ, ਜਿਸ ਦੇ ਹਿੱਸੇ 303 ਸੀਟਾਂ ਹਨ ਆਈਆਂ । ਯੂਪੀਏ ਦੇ ਹਿੱਸੇ 91 ਸੀਟਾਂ, ਜਿਸ ਵਿੱਚ ਕਾਂਗਰਸ ਦੀਆਂ 51 ਸੀਟਾਂ ਆਈਆਂ ਹਨ ਜਦ ਕਿ 98 ਸੀਟਾਂ ਹੋਰ ਦਲਾਂ ਦੇ ਖਾਤੇ ਵਿੱਚ ਆਈਆਂ ਹਨ। ਦੇਸ਼ ਵਿੱਚ ਚੋਣਾਂ ਸੱਤ ਪੜ੍ਹਾਵਾਂ ਵਿੱਚ ਹੋਈਆਂ ਜੋ ਕਿ ਦੇਸ਼ ਵਿੱਚ ਪਹਿਲਾਂ ਹੋਈਆਂ ਚੋਣਾਂ ਨਾਲੋਂ ਕਿਤੇ ਵੱਧ ਸਮੇਂ ਵਿਚ ਸੰਪਨ ਕੀਤੀਆਂ ਗਈਆਂ। ਦੇਸ਼ ਦੇ ਸਿਆਸੀ ਲੋਕ ਤਿੰਨ ਮਹੀਨੇ ਤੋਂ ਵੱਧ ਸਮਾਂ ਚੋਣ-ਮੋਡ ਵਿੱਚ ਰਹੇ। ਭਾਜਪਾ ਜਿਸਨੂੰ ਸ਼ਹਿਰੀ ਪਾਰਟੀ ਕਿਹਾ ਜਾਂਦਾ ਸੀ, ਇਸ ਵੇਰ 207 ਪੇਂਡੂ ਸੀਟਾਂ ਉਤੇ ਜਿੱਤ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਜਦ ਕਿ 108 ਸ਼ਹਿਰੀ ਸੀਟਾਂ ਵਿੱਚੋਂ ਉਸਨੂੰ 58 ਸੀਟਾਂ ਮਿਲਦੀਆਂ। ਮਹਾਂਨਗਰਾਂ ਦੀਆਂ 82 ਵਿੱਚੋਂ 40 ਸੀਟਾਂ ਉਤੇ ਭਾਜਪਾ ਨੇ ਕਬਜਾ ਕੀਤਾ। ਇੰਜ ਭਾਜਪਾ ਨੇ ਇਸ ਵੇਰ ਸ਼ਹਿਰੀ ਪਾਰਟੀ ਕਹੇ ਜਾਣ ਦਾ ਭਰਮ ਤੋੜ ਕੇ ਪੇਂਡੂ ਖੇਤਰਾਂ ਤੱਕ ਆਪਣੀ ਧਾਕ ਜਮ੍ਹਾਂ ਲਈ। ਕਿਹਾ ਜਾ ਰਿਹਾ ਹੈ ਕਿ ਪੇਂਡੂ ਖੇਤਰਾਂ ਵਿਚ ਲੈਟਰੀਨਾਂ ਬਨਾਉਣਾ ਅਤੇ ਮੁਫ਼ਤ ਰਸੋਈ ਗੈਸ ਕੁਨੇਕਸ਼ਨ, ਪਿੰਡ-ਪਿੰਡ ਬਿਜਲੀ ਅਤੇ ਕਿਸਾਨਾਂ ਨੂੰ ਦਿੱਤੀ 2000 ਰੁਪਏ ਦੀ ਰਾਸ਼ੀ ਉਸਦੀ ਪਿੰਡਾਂ ਵਿਚ ਸਫਲਤਾ ਦਾ ਕਾਰਨ ਬਣੀ। 2009 ਤੇ 2014 ਦੇ ਮੁਕਾਬਲੇ ਭਾਜਪਾ ਦੀ ਗਰੀਬ ਵਰਗਾਂ ਅਤੇ ਐਸ ਸੀ ਐਸ ਟੀ ਵਰਗਾਂ ਤੱਕ ਪਹੁੰਚ ਵਧੀ। ਦੇਸ਼ ਦੇ ਲਗਭਗ 67 ਫੀਸਦੀ ਵੋਟਰਾਂ ਨੇ ਦੇਸ਼ ਦੇ ਵੱਖੋ-ਵੱਖਰੇ ਖਿੱਤਿਆਂ ਵਿੱਚ ਇਹ ਚੋਣਾਂ ਵਿਚ ਵੱਖੋ-ਵੱਖਰੀਆਂ ਪਾਰਟੀਆਂ ਨੂੰ ਵੋਟ ਦਿੱਤਾ। ਇਹਨਾ ਵੋਟਰਾਂ ਵਿੱਚ ਪਿਛਲੇ ਪੰਜ ਸਾਲਾਂ ਵਿੱਚ ਬਣੇ ਨਵੇਂ 10 ਕਰੋੜ ਵੋਟਰ ਵੀ ਸ਼ਾਮਲ ਸਨ, ਜਿਹਨਾ ਵਿੱਚ ਨੌਜਵਾਨਾਂ ਦੀ ਵੱਡੀ ਗਿਣਤੀ ਸੀ।



ਦੇਸ਼ ਦੇ ਸਾਹਮਣੇ ਵੱਡੀ ਸਮੱਸਿਆ ਰੁਜ਼ਗਾਰ ਸਿਰਜਨ ਦੀ ਹੈ, ਦੇਸ਼ ਵਿੱਚ ਖੇਤੀ ਸੰਕਟ ਬਹੁਤ ਹੀ ਵੱਡਾ ਹੈ। ਪਿਛਲੀ ਮੋਦੀ ਸਰਕਾਰ ਵਲੋਂ ਚਾਲੂ ਕੀਤੀਆਂ 134 ਯੋਜਨਾਵਾਂ ਵਿੱਚੋਂ ਬਹੁਤੀਆਂ ਅਸਫ਼ਲ ਸਾਬਤ ਹੋਈਆਂ। ਨੋਟ ਬੰਦੀ ਤੇ ਜੀ ਐਸ ਟੀ ਨੇ ਆਮ ਲੋਕਾਂ ਨੂੰ ਅਸੁਵਿਧਾ ਵਿੱਚ ਪਾਇਆ ਤੇ ਇਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਵੀ ਹੋਏ, ਪਰ ਜਿਸ ਢੰਗ ਨਾਲ ਰੋਸ ਅਤੇ ਅਸੰਤੋਸ਼ ਦੀ ਕੜਵਾਹਟ 1977 ਵਿੱਚ ਵਿਰੋਧੀ ਦਲਾਂ ਨੇ 'ਇੰਦਰਾ ਹਟਾਓ' ਲਹਿਰ ਨਾਲ ਪੈਦਾ ਕੀਤੀ ਸੀ, ਹੁਣ ਦੀ ਵਿਰੋਧੀ ਧਿਰ ਲੋਕਾਂ ਨੂੰ ਲਾਮਬੰਦ ਨਾ ਕਰ ਸਕੀ। ਇਹ ਸਭ ਕੁਝ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਕਾਰਨ ਹੋਇਆ ਸੀ, ਜਿਸ ਲਈ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਉਹਨਾਂ ਦੇ ਸਪੁੱਤਰ ਸੰਜੈ ਗਾਂਧੀ ਨੂੰ ਜ਼ਿੰਮੇਵਾਰ ਮੰਨਿਆ ਗਿਆ ਸੀ। ਇਸ ਵੇਰ ਵੀ ਦੇਸ਼ ਦੇ ਕਈ ਨੇਤਾਵਾਂ ਨੇ ਮੋਦੀ ਹਟਾਓ ਦਾ ਨਾਹਰਾ ਲਾਇਆ ਪਰ ਇਸ ਨਾਹਰੇ ਨੂੰ ਜਿਆਦਾਤਰ ਵੋਟਰਾਂ ਨੇ ਨਾਕਾਰ ਦਿੱਤਾ। ਅਸਲ ਗੱਲ ਤਾਂ ਇਹ ਸੀ ਕਿ ਮੋਦੀ ਦੇ ਵੱਡੇ ਵੱਡੇ ਵਾਅਦਿਆਂ ਨੂੰ ਪੂਰਾ ਨਾ ਹੋਣ ਦੇ ਬਾਵਜੂਦ ਵੀ, ਦੇਸ਼ ਦੇ ਵਿਰੋਧੀ ਧਿਰ ਦੇ ਗੱਠਜੋੜ ਉਤੇ ਬੇ-ਭਰੋਸਗੀ ਕਰਕੇ, ਮੋਦੀ ਨੂੰ ਹੀ ਵੋਟ ਦਿੱਤੀ ਤੇ ਉਸਨੂੰ ਇਕ ਹੋਰ ਮੌਕਾ ਦੇ ਦਿੱਤਾ ਹੈ। ਦੇਸ਼ ਦੀ ਹਾਲਤ ਦਿਨ ਪ੍ਰਤੀ ਦਿਨ ਬਦਤਰ ਹੋ ਰਹੀ ਹੈ। ਵਧ ਰਹੀ ਜਨਸੰਖਿਆ ਲਈ ਭੋਜਨ ਦੀ ਵਿਵਸਥਾ ਦੇਸ਼ ਦੇ ਸਾਹਮਣੇ ਵੱਡਾ ਚੈਲਿੰਜ ਹੈ। ਭੁੱਖਮਰੀ, ਬੇਰੁਜ਼ਗਾਰੀ ਨੇ ਦੇਸ਼ ਦੇ ਲੋਕਾਂ ਲਈ ਜੀਵਨ ਜੀਊਣ 'ਚ ਅਸੁਵਿਧਾ ਪੈਦਾ ਕੀਤੀ ਹੋਈ ਹੈ। ਸਮਾਜ ਵਿੱਚ ਪਾਟੋ-ਧਾੜ ਵੱਧ ਰਹੀ ਹੈ। ਕੱਟੜਤਾ, ਬਹੁ-ਗਿਣਤੀ ਦਾ ਘੱਟ ਗਿਣਤੀ ਲੋਕਾਂ ਵਿਚ ਵੱਧ ਰਿਹਾ ਸਹਿਮ ਉਹਨਾਂ ਨੂੰ ਉਪਰਾਮ ਕਰ ਰਿਹਾ ਹੈ। ਹਿੰਦੂਤਵ ਦਾ ਹਿੰਸਕ ਪ੍ਰਚਾਰ ਵਧਿਆ ਹੈ। ਰਾਸ਼ਟਰਵਾਦ ਦੇ ਨਾਮ ਉਤੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਮੋਦੀ ਸਰਕਾਰ ਨੇ ਸੀ.ਬੀ.ਆਈ., ਈ.ਡੀ., ਚੋਣ ਕਮਿਸ਼ਨ, ਰਿਜ਼ਰਵ ਬੈਂਕ ਜਿਹੀਆਂ ਖੁਦਮੁਖਤਿਆਰ ਸੰਸਥਾਵਾਂ ਉਤੇ ਆਪਣਾ ਗਲਬਾ ਵਧਾ ਦਿੱਤਾ ਹੈ। ਸੁਪਰੀਮ ਕੋਰਟ ਦੀ ਅਜ਼ਾਦਾਨਾ ਹਸਤੀ ਵੀ ਖਤਰੇ ਵਿਚ ਪੈ ਗਈ ਹੈ।

ਇਹੋ ਜਿਹੇ ਹਾਲਾਤ ਵਿੱਚ ਜਿਸ ਢੰਗ ਨਾਲ ਇਕ ਸਿਆਸੀ ਧਿਰ ਨੂੰ ਜੋ ਬਹੁਮਤ ਮਿਲਿਆ ਹੈ, ਉਹ ਉਹਨਾ ਹਾਲਤਾਂ ਵਿੱਚ ਦੇਸ਼ ਲਈ ਘਾਤਕ ਵੀ ਹੋ ਸਕਦਾ ਹੈ, ਜੇਕਰ ਉਹ ਆਪਣੇ ਚੋਣ ਏਜੰਡੇ ਨੂੰ ਲਾਗੂ ਕਰਦਿਆਂ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਅਤੇ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਅਤੇ 35-ਏ ਨੂੰ ਖ਼ਤਮ ਕਰਨ ਲਈ ਕਦਮ ਪੁੱਟਦਾ ਹੈ। ਇਸ ਨਾਲ ਦੇਸ਼ ਟੁੱਟਣ ਦਾ ਕੀ ਖ਼ਤਰਾ ਨਹੀਂ ਵਧੇਗਾ ?

ਪਿਛਲੇ ਪੰਜ ਸਾਲ ਤਾਂ ਮੋਦੀ ਸਰਕਾਰ ਨੇ ਸਕੀਮਾਂ ਘੜਕੇ, ਲੋਕਾਂ ਨੂੰ ਪੁਚਕਾਰਕੇ, ਉਹਨਾਂ ਦੀ ਝੋਲੀ ਕੁਝ-ਕੁਝ ਪਾਕੇ ਆਪਣਾ ਸਮਾਂ ਬਿਤਾਇਆ ਹੈ, ਪਰ ਦੇਸ਼ ਦੀਆਂ ਮੁੱਖ ਸਮੱਸਿਆਵਾਂ ਨੂੰ ਹੱਲ ਕਰਨ ਦਾ ਕੋਈ ਵੱਡਾ ਉਪਰਾਲਾ ਨਹੀਂ ਕੀਤਾ। ਅੱਛੇ ਦਿਨ ਆਨੇ ਵਾਲੇ ਹੈ, ਸਭ ਕਾ ਸਾਥ ਸਭ ਕਾ ਵਿਕਾਸ ਸਿਰਫ਼ ਜੁਮਲੇ ਸਾਬਤ ਹੋਏ ਹਨ। ਪਰ ਇਹ ਸਭ ਕੁਝ ਕੀ ਬਹੁਤਾ ਸਮਾਂ ਚਲ ਸਕੇਗਾ ?ਜੇਕਰ ਦੇਸ਼ ਦੇ ਹਾਲਾਤ ਸੁਧਾਰਨੇ ਹਨ ਤੇ ਇਥੇ ਲੋਕਤੰਤਰ ਕਾਇਮ ਰੱਖਣਾ ਹੈ ਤਾਂ ਅਗਲੇ ਪੰਜ ਸਾਲ ਜਿਥੇ ਸਰਕਾਰ ਨੂੰ ਸਖ਼ਤ ਮਿਹਨਤ ਕਰਨ ਦੀ ਲੋੜ ਪਵੇਗੀ ਉਥੇ ਦੇਸ਼ ਦੀ ਵਿਰੋਧੀ ਧਿਰ ਨੂੰ ਵੀ ਆਪਣੀ ਜ਼ਿੰਮੇਵਾਰੀ ਗੰਭੀਰਤਾ ਨਾਲ ਨਿਭਾਉਣੀ ਪਵੇਗੀ।

# ਅਕਾਲੀ ਦਲ ਵਿਚੋਂ ਮਨਜੀਤ ਸਿੰਘ ਜੀਕੇ ਦੀ ਛੁੱਟੀ

**ਨਵੀਂ ਦਿੱਲੀ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਵਿੱਚ ਸਿਰਫ ਦੋ ਸੀਟਾਂ 'ਤੇ ਸਿਮਟ ਜਾਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਅੰਦਰ ਮੁੜ ਖਾਨਾਜੰਗੀ ਤੇਜ਼ ਹੋ ਗਈ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਤਿੱਖੇ ਸਵਾਲ ਉਠਾਉਂਦਿਆਂ ਸਿੱਖ ਕੌਮ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਚਿੱਠੀ ਵਿੱਚ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ 'ਤੇ ਸਵਾਲ ਉਠਾਇਆ ਹੈ। ਇਸ ਮਗਰੋਂ ਪਾਰਟੀ ਜੀਕੇ ਖਿਲਾਫ ਐਕਸ਼ਨ ਲੈਣ ਦੀ ਗੱਲ ਕਰ ਰਹੀ ਹੈ। ਬਾਦਲ ਅਕਾਲੀ ਦਲ ਦੀ ਦਿੱਲੀ ਇਕਾਈ ਨੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਜੀਕੇ ਨੂੰ ਪਾਰਟੀ ਵਿਚੋਂ ਕੱਢਣ ਦਾ ਮਤਾ ਪਾਸ ਕੀਤਾ ਹੈ। ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਜੀਕੇ ਵਿਰੁੱਧ ਪਾਸ ਮਤਾ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਮਨਜ਼ੂਰ ਕਰ ਲਿਆ ਹੈ ਅਤੇ ਮਨਜੀਤ ਸਿੰਘ ਜੀਕੇ ਦੀ ਸ਼੍ਰੋਮਣੀ ਅਕਾਲੀ ਦਲ ਵਿਚੋਂ ਛੁੱਟੀ ਹੋ ਗਈ ਹੈ। ਉਧਰ ਜੀਕੇ ਦਾ ਕਹਿਣਾ ਹੈ ਕਿ ਜੋ ਲੋਕ ਪੰਥ ਵਿਚੋਂ ਕੱਢ ਦਿੱਤੇ ਗਏ ਹਨ ਉਹ ਉਨ੍ਹਾਂ ਨੂੰ ਪਾਰਟੀ ਵਿਚੋਂ ਬਾਹਰ ਕੱਢਣ ਦਾ ਫ਼ੈਸਲਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਦਸੰਬਰ 20



18 ਵਿਚ ਹੀ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇ ਚੁੱਕੇ ਹਨ। ਅਜਿਹੇ ਵਿਚ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦੀ ਗੱਲ ਸਿਰਫ ਪ੍ਰਚਾਰ ਹਾਸਲ ਕਰਨ ਦਾ ਇਕ ਤਰੀਕਾ ਹੈ। ਬੀਤੇ ਦਿਨੀਂ ਅਕਾਲੀ ਦਲ ਬਾਦਲ ਦੀ ਦਿੱਲੀ ਇਕਾਈ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਇੰਚਾਰਜ ਬਲਵਿੰਦਰ ਸਿੰਘ ਭੂੰਦੜ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਹਰਮੀਤ ਸਿੰਘ ਕਾਲਕਾ, ਕੁਲਵੰਤ ਸਿੰਘ ਬਾਠ ਸਮੇਤ ਹੋਰ ਅਹੁਦੇਦਾਰ ਮੌਜੂਦ ਸਨ। ਮੀਟਿੰਗ ਵਿਚ ਜੀਕੇ ਵਿਰੁੱਧ ਅਦਾਲਤ ਵਿਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਮੁਕੱਦਮਿਆਂ ਨੂੰ ਆਧਾਰ ਬਣਾ ਕੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਮਤਾ ਪਾਸ ਕੀਤਾ ਗਿਆ। ਇਸ ਬਾਰੇ ਜੀਕੇ ਨੇ ਕਿਹਾ ਕਿ ਪਾਰਟੀ ਦੀ ਦਿੱਲੀ ਇਕਾਈ ਭੰਗ ਹੈ। ਅਜਿਹੇ ਵਿਚ ਸੂਬਾ ਇਕਾਈ ਦੀ ਕੋਰ ਕਮੇਟੀ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਫ਼ੈਸਲਾ ਕਿਸ ਤਰ੍ਹਾਂ ਲੈ ਲਿਆ। ਉਨ੍ਹਾਂ ਕਿਹਾ ਕਿ ਮੋਦੀ ਲਹਿਰ ਦੇ ਬਾਵਜੂਦ ਪੰਜਾਬ ਵਿਚ ਅਕਾਲੀ ਦਲ ਦੇ ਦਸ ਵਿਚੋਂ ਅੱਠ ਉਮੀਦਵਾਰਾਂ ਦੀ ਕਰਾਰੀ ਹਾਰ ਹੋਈ ਹੈ। ਖਡੂਰ ਸਾਹਿਬ ਵਰਗੀ ਪੰਥਕ ਸੀਟ ਜਿਸ ਨੂੰ ਅਕਾਲੀ ਦਲ ਨੇ ਕਦੇ ਨਹੀਂ ਹਾਰਿਆ ਉੱਥੇ ਵੀ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਅੰਦਰ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੈ ਕਿ ਬਾਦਲ ਪਰਿਵਾਰ ਨੇ ਆਪਣੀਆਂ ਦੋਵੇਂ ਸੀਟਾਂ ਜਿੱਤਣ ਲਈ ਸਾਰਾ ਟਿੱਲ ਲਾ ਦਿੱਤਾ ਜਿਸ ਕਰਕੇ ਦੂਜੀਆਂ ਸੀਟਾਂ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਸਕਿਆ। ਦੇਸ਼ ਵਿੱਚ ਮੋਦੀ ਲਹਿਰ ਤੇ ਕੈਪਟਨ ਸਰਕਾਰ ਖਿਲਾਫ ਲੋਕ ਰੋਹ ਹੋਣ ਦੇ ਬਾਵਜੂਦ ਅਕਾਲੀ ਦਲ ਚੰਗੀ ਕਾਰਗੁਜ਼ਾਰੀ ਨਹੀਂ ਵਿਖਾ ਸਕਿਆ। ਅਗਲੇ ਦਿਨਾਂ ਦੌਰਾਨ ਅਕਾਲੀ ਦਲ ਅੰਦਰ ਹੋਰ ਹਿੱਲਜੁਲ ਹੋਣ ਦੇ ਆਸਾਰ ਹਨ।

# ਨਵੇਂ ਗ੍ਰਹਿ ਮੰਤਰੀ ਹੋ ਸਕਦੇ ਹਨ ਸ਼ਾਹ

**ਨਵੀਂ ਦਿੱਲੀ/ਏਟੀ ਨਿਊਜ਼ :**

ਮੋਦੀ ਦੀ ਨਵੀਂ ਕੈਬਨਿਟ ਵਿਚ ਅਮਿਤ ਸ਼ਾਹ ਗ੍ਰਹਿ ਮੰਤਰੀ ਬਣਾਏ ਜਾ ਸਕਦੇ ਹਨ। ਉਨ੍ਹਾਂ ਦੀ ਹੈਸੀਅਤ ਨੰਬਰ ਦੋ ਦੀ ਹੋਵੇਗੀ। ਮੌਜੂਦਾ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਰੱਖਿਆ ਮੰਤਰੀ ਬਣਾਇਆ ਜਾ ਸਕਦਾ ਹੈ। ਇਹ ਵੀ ਚਰਚਾ ਹੈ ਕਿ ਸਿਹਤ ਠੀਕ ਨਾ ਰਹਿਣ ਕਾਰਨ ਵਿੱਤ ਮੰਤਰੀ ਅਰੁਣ ਜੇਤਲੀ ਕੈਬਨਿਟ ਤੋਂ ਦੂਰ ਰਹਿ ਸਕਦੇ ਹਨ। ਇਲਾਜ ਲਈ ਅਮਰੀਕਾ ਗਏ ਹੋਣ ਕਰਕੇ ਉਨ੍ਹਾ ਦੀ ਥਾਂ ਬਜਟ ਰੇਲ ਮੰਤਰੀ ਪੀਯੂਸ਼ ਗੋਇਲ ਨੇ ਪੇਸ਼ ਕੀਤਾ ਸੀ। ਉਮੀਦ ਹੈ ਕਿ ਗੋਇਲ ਹੀ ਅਗਲੇ ਵਿੱਤ ਮੰਤਰੀ ਹੋਣਗੇ। ਸਿਹਤ ਦੇ ਆਧਾਰ 'ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੀ ਵੀ ਮੰਤਰੀ ਬਣਨ ਦੀ ਸੰਭਾਵਨਾ ਨਹੀਂ। ਉਨ੍ਹਾ ਐਤਕੀਂ ਚੋਣ ਵੀ ਨਹੀਂ ਲੜੀ। ਖੇਤੀ ਮੰਤਰੀ ਰਾਧਾ ਮੋਹਨ ਸਿੰਘ ਤੇ ਉਮਾ ਭਾਰਤੀ ਵੀ ਕੈਬਨਿਟ ਤੋਂ ਬਾਹਰ ਹੋ ਸਕਦੇ ਹਨ। ਰਾਮ ਵਿਲਾਸ ਪਾਸਵਾਨ ਵੀ ਸਿਹਤ ਠੀਕ ਨਾ ਹੋਣ ਕਾਰਨ ਆਪਣੇ ਬੇਟੇ ਚਿਰਾਗ ਪਾਸਵਾਨ ਨੂੰ ਮੰਤਰੀ ਬਣਾਉਣ ਦੀ ਗੱਲ ਕਹਿ ਚੁੱਕੇ ਹਨ। ਚੋਣ ਹਾਰਨ ਕਾਰਨ ਹਰਦੀਪ ਸਿੰਘ ਪੁਰੀ, ਰੇਲ ਰਾਜ ਮੰਤਰੀ ਮਨੋਜ ਸਿਨਹਾ, ਸੈਰ-ਸਪਾਟਾ ਮੰਤਰੀ ਅਲਫੋਂਸ ਤੇ ਵਿੱਤ ਰਾਜ ਮੰਤਰੀ ਪੀ ਰਾਧਾਕ੍ਰਿਸ਼ਨਨ ਦਾ ਪੱਤਾ ਕੱਟਿਆ ਜਾ ਸਕਦਾ ਹੈ। ਮੌਜੂਦਾ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੂੰ ਕੋਈ ਹੋਰ ਵਿਭਾਗ ਮਿਲੇਗਾ। ਉਹ ਵਣਜ ਮੰਤਰੀ ਵੀ ਰਹਿ ਚੁੱਕੇ ਹਨ। ਪਹਿਲੀ ਵਾਰ ਲੋਕ ਸਭਾ ਚੋਣ ਜਿੱਤਣ ਵਾਲੇ ਕਾਨੂੰਨ ਮੰਤਰੀ ਰਵੀਸ਼ੰਕਰ ਨੂੰ ਕੋਈ ਹੋਰ ਅਹਿਮ ਮੰਤਰਾਲਾ ਮਿਲ ਸਕਦਾ ਹੈ। ਅਮੇਠੀ ਵਿਚ ਰਾਹੁਲ ਨੂੰ ਹਰਾਉਣ ਵਾਲੀ ਕੱਪੜਾ ਮੰਤਰੀ ਸਿਮਰਤੀ ਈਰਾਨੀ ਤੇ ਘੱਟ ਗਿਣਤੀ ਭਲਾਈ ਮੰਤਰੀ ਦਾ ਕੱਦ ਵੀ ਵਧ ਸਕਦਾ ਹੈ। ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਪ੍ਰਕਾਸ਼ ਜਾਵਡੇਕਰ ਦਾ ਮਹਿਕਮਾ ਬਦਲ ਸਕਦਾ ਹੈ। ਜੇ ਪੀ ਨੱਢਾ, ਧਰਮਿੰਦਰ ਪ੍ਰਧਾਨ ਤੇ ਗਿਰੀਰਾਜ ਸਿੰਘ ਨੂੰ ਵੀ ਅਹਿਮ ਮਹਿਕਮੇ ਮਿਲ ਸਕਦੇ ਹਨ। ਰਾਜੀਵ ਪ੍ਰਤਾਪ ਰੂੜੀ ਫਿਰ ਮੰਤਰੀ ਬਣ ਸਕਦੇ ਹਨ। ਨਿਤਿਸ਼ ਦੀ ਪਾਰਟੀ ਜਨਤਾ ਦਲ ਯੂਨਾਈਟਿਡ ਦੇ ਆਰ ਸੀ ਪੀ ਸਿੰਘ, ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਦੇ ਬੇਟੇ ਰਾਮਨਾਥ ਸਿੰਘ ਤੇ ਮਧੇਪੁਰਾ ਵਿਚ ਸ਼ਰਦ ਯਾਦਵ ਨੂੰ ਹਰਾਉਣ ਵਾਲੇ ਦਿਨੇਸ਼ ਚੰਦਰ ਯਾਦਵ ਨੂੰ ਮੰਤਰੀ ਬਣਾਇਆ ਜਾ ਸਕਦਾ ਹੈ। ਇਸੇ ਸਾਲ ਹਰਿਆਣਾ, ਝਾਰਖੰਡ ਤੇ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਨ੍ਹਾਂ ਸੂਬਿਆਂ ਤੋਂ ਨਵੇਂ ਮੰਤਰੀ ਲਏ ਜਾ ਸਕਦੇ ਹਨ। ਝਾਰਖੰਡ ਤੋਂ ਨਿਸ਼ੀਕਾਂਤ ਦੂਬੇ ਤੇ ਅਰਜੁਨ ਮੁੰਡਾ ਦੀ ਚਰਚਾ ਹੈ। ਮਹਾਰਾਸ਼ਟਰ ਤੋਂ ਸ਼ਿਵ ਸੈਨਾ ਦੀ ਨੁਮਾਇੰਦਗੀ ਵਧਾਈ ਜਾ ਸਕਦੀ ਹੈ। ਪੱਛਮੀ ਬੰਗਾਲ ਵਿਚ ਉਮਦਾ ਪ੍ਰਦਰਸ਼ਨ ਲਈ ਮੁਕੁਲ ਰਾਏ ਨੂੰ ਇਨਾਮ ਮਿਲ ਸਕਦਾ ਹੈ। ਪੱਛਮੀ ਬੰਗਾਲ ਵਿਚ ਦੋ ਸਾਲ ਬਾਅਦ ਵਿਧਾਨ ਸਭਾ ਚੋਣਾਂ ਹੋਣੀਆਂ ਹਨ।



# ਫਾਰਗ ਪੰਜ ਪਿਆਰਿਆਂ ਵਿੱਚੋਂ ਇਕ ਨੂੰ ਸ਼੍ਰੋਮਣੀ ਕਮੇਟੀ ਦੀ ਨੌਕਰੀ ਮਿਲੀ

**ਅੰਮ੍ਰਿਤਸਰ/ਏਟੀ ਨਿਊਜ਼ :**

ਸ਼੍ਰੋਮਣੀ ਕਮੇਟੀ ਵੱਲੋਂ ਫਾਰਗ ਕੀਤੇ ਗਏ ਪੰਜ ਪਿਆਰਿਆਂ ਵਿੱਚ ਵਖਰੇਵੇਂ ਪੈਦਾ ਹੋ ਗਏ ਹਨ, ਜਿਸ ਕਾਰਨ ਇਨ੍ਹਾਂ ਵਿੱਚੋਂ ਇਕ ਮੰਗਲ ਸਿੰਘ ਨੇ ਮੁੜ ਸ਼੍ਰੋਮਣੀ ਕਮੇਟੀ ਦੀ ਨੌਕਰੀ ਪ੍ਰਾਪਤ ਕਰ ਲਈ ਹੈ, ਜਿਸ ਨੂੰ ਤਖ਼ਤ ਦਮਦਮਾ ਸਾਹਿਬ ਵਿੱਚ ਬਤੌਰ ਗ੍ਰੰਥੀ ਨਿਯੁਕਤ ਕੀਤਾ ਗਿਆ ਹੈ। ਸਤੰਬਰ 2015 ਵਿੱਚ ਅਕਾਲ ਤਖਤ ਤੋਂ ਡੇਰਾ ਸਿਰਸਾ ਦੇ ਮੁਖੀ ਨੂੰ ਬਿਨਾਂ ਮੁਆਫ਼ੀ ਮੰਗਿਆਂ ਹੀ ਮੁਆਫ਼ ਕਰਨ ਦੇ ਮਾਮਲੇ ਵਿੱਚ ਅਕਾਲ ਤਖ਼ਤ ਤੋਂ ਪੰਜ ਪਿਆਰਿਆਂ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ, ਜਿਸ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ। ਇਨ੍ਹਾਂ ਵਿੱਚ ਸਤਨਾਮ ਸਿੰਘ ਖੰਡਾ, ਮੰਗਲ ਸਿੰਘ, ਤਰਲੋਕ ਸਿੰਘ, ਮੇਜਰ ਸਿੰਘ ਅਤੇ ਸਤਨਾਮ ਸਿੰਘ ਸ਼ਾਮਲ ਸਨ। ਭਾਈ ਮੇਜਰ ਸਿੰਘ ਉਸ ਵੇਲੇ ਸੇਵਾਮੁਕਤ ਹੋ ਗਏ ਸਨ ਪਰ ਬਾਕੀ ਚਾਰਾਂ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ। ਇਸ ਮਾਮਲੇ 'ਤੇ ਮੰਗਲ ਸਿੰਘ ਨੇ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਹੱਲ ਹੋ ਚੁੱਕਾ ਹੈ। ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਲਈ ਆਰਥਿਕ ਸਹਾਇਤਾ ਦੀ ਵੀ ਲੋੜ ਸੀ, ਜਿਸ ਲਈ ਉਹ ਮੁੜ ਸ਼੍ਰੋਮਣੀ ਕਮੇਟੀ ਦੀ ਨੌਕਰੀ ਵਿੱਚ ਸ਼ਾਮਲ ਹੋ ਗਏ ਹਨ।



## ਮੁਸਲਮਾਨਾਂ ਵਿਰੁਧ ਹਿੰਸਾ ਕਰਨ ਵਾਲੇ ਪੰਜ ਗਊ ਰੱਖਿਅਕ ਗ੍ਰਿਫ਼ਤਾਰ

**ਸਿਓਨੀ (ਮੱਧ ਪ੍ਰਦੇਸ਼)/ਏਟੀ ਨਿਊਜ਼ :**

ਮੱਧ ਪ੍ਰਦੇਸ਼ ਦੇ ਸਿਓਨੀ ਜ਼ਿਲ੍ਹੇ ਵਿੱਚ ਕਥਿਤ ਤੌਰ 'ਤੇ ਗਊ ਮਾਸ ਲਿਜਾ ਰਹੇ ਤਿੰਨ ਮੁਸਲਮਾਨਾਂ ਦਿਲੀਪ ਮਾਲਵੀਆ, ਸਮਾ ਅੰਸਾਰੀ ਅਤੇ ਤੌਸੀਫ਼ ਖ਼ਾਨ ਦੀ ਕੁੱਟਮਾਰ ਕਰਨ ਦੇ ਮਾਮਲੇ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਮਗਰੋਂ ਪੁਲੀਸ ਨੇ ਪੰਜ ਗਊ ਰੱਖਿਅਕਾਂ ਸ਼ੁਭਮ ਬਘੇਲ, ਯੋਗੇਸ਼ ਓਆਈਕ, ਦਿਲੀਪ ਨਾਮਦੇਵ, ਰੋਹਿਤ ਯਾਦਵ ਅਤੇ ਸ਼ਿਆਮ ਲਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਧਿਕਾਰੀ ਅਨੁਸਾਰ ਇਨ੍ਹਾਂ ਪੰਜ ਗਊ ਰੱਖਿਅਕਾਂ ਨੇ ਇੱਕ ਪੀੜਤ ਨੂੰ ਆਪਣੇ ਨਾਲ ਜਾ ਰਹੀ ਔਰਤ ਦੀ ਚੱਪਲਾਂ ਨਾਲ ਕੁੱਟਮਾਰ ਕਰਨ ਲਈ ਵੀ ਮਜਬੂਰ ਕੀਤਾ। ਪੁਲੀਸ ਨੇ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਦੀ ਕੁੱਟਮਾਰ ਕੀਤੀ ਗਈ, ਉਨ੍ਹਾਂ ਨੂੰ 22 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਕਿਉਂਕਿ ਮੱਧ ਪ੍ਰਦੇਸ਼ ਵਿੱਚ ਗਊ ਮਾਸ ਰੱਖਣਾ, ਲਿਜਾਣਾ ਅਤੇ ਵੇਚਣਾ ਗੈਰਕਾਨੂੰਨੀ ਹੈ।

### ਬੇਕਸੂਰ ਮੁਸਲਮਾਨਾਂ ਦੀ ਕੁੱਟਮਾਰ ਹੌਲਨਾਕ: ਮਹਿਬੂਬਾ

ਜੰਮੂ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਟਵੀਟ ਕੀਤਾ, "ਗਊ ਰੱਖਿਅਕਾਂ ਵਲੋਂ ਬੇਕਸੂਰ ਮੁਸਲਮਾਨਾਂ ਦੀ ਕੁੱਟਮਾਰ ਦੀ ਘਟਨਾ ਹੌਲਨਾਕ ਹੈ। ਮੱਧ ਪ੍ਰਦੇਸ਼ ਸਰਕਾਰ ਜਲਦੀ ਸਖ਼ਤ ਕਾਰਵਾਈ ਕਰੇ।" ਜੰਮੂ ਕਸ਼ਮੀਰ ਦੇ ਇੱਕ ਹੋਰ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਇਹ ਤਾਂ ਸ਼ੁਰੂਆਤ ਹੈ ਅਤੇ ਉਨ੍ਹਾਂ ਭਵਿੱਖ ਵਿੱਚ ਇਸ ਤੋਂ ਵੀ ਬੁਰਾ ਹੋਣ ਦਾ ਖ਼ਦਸ਼ਾ ਹੈ।

## ਰਾਹੁਲ ਦਾ ਅਸਤੀਫ਼ਾ ਅਪ੍ਰਵਾਨ

**ਨਵੀਂ ਦਿੱਲੀ/ਏਟੀ ਨਿਊਜ਼ :** ਲੋਕ ਸਭਾ ਚੋਣਾਂ ਵਿਚ ਦੇਸ਼ ਭਰ ਵਿਚ ਕਰਾਰੀ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਅਸਤੀਫ਼ੇ ਦੀ ਪੇਸ਼ਕਸ਼ ਕੀਤੀ ਹੈ, ਪਰ ਪਾਰਟੀ ਦੀ ਕਾਰਜਕਾਰੀ ਕਮੇਟੀ ਨੇ ਉਨ੍ਹਾਂ ਦੀ ਪੇਸ਼ਕਸ਼ ਨੂੰ ਖਾਰਜ ਕਰ ਦਿੱਤਾ ਹੈ। ਇਸ ਦੇ ਨਾਲ ਹੀ ਰਾਹੁਲ ਗਾਂਧੀ ਨੇ ਪਾਰਟੀ ਨੂੰ ਪੁਨਰਗਠਿਤ ਕਰਨ ਦੀ ਮੰਗ ਕੀਤੀ ਹੈ। ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਕਿਹਾ ਕਿ ਮੀਟਿੰਗ ਵਿਚ ਪਾਸ ਪ੍ਰਸਤਾਵ ਵਿਚ ਕਿਹਾ ਗਿਆ ਹੈ, 'ਕਾਰਜਕਰਨੀ ਕਮੇਟੀ 2019 ਦੇ ਜਨਾਦੇਸ਼ ਨੂੰ ਨਿਮਰਤਾ ਨਾਲ ਸਵੀਕਾਰ ਕਰਦੀ ਹੈ। ਮੀਟਿੰਗ ਵਿਚ 12.13 ਕਰੋੜ ਵੋਟਰਾਂ ਨੂੰ ਧੰਨਵਾਦ ਦਿੱਤਾ ਗਿਆ, ਜਿਨ੍ਹਾਂ ਨੇ ਕਾਂਗਰਸ ਵਿਚ ਆਪਣਾ ਵਿਸ਼ਵਾਸ ਜਤਾਇਆ ਹੈ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

**Sunday June 9th, 2019 San Francisco**

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।



### ਬੇਨਤੀ ਕਰਤਾ:

- ਗੁਰਦੁਆਰਾ ਸਾਹਿਬ ਫਰੀਮਾਂਟ
- ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
- ਗੁਰਦੁਆਰਾ ਸਾਹਿਬ ਸਟਾਕਟਨ
- ਗੁਰਦੁਆਰਾ ਸਾਹਿਬ ਐਲ ਸਬਰਾਂਟੇ
- ਗੁਰਦੁਆਰਾ ਸਾਹਿਬ ਸੈਨਹੋਜ਼ੇ
- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ
- ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
- ਸਿੱਖ ਟੈਂਪਲ ਮੋਡੈਸਟੋ
- ਗੁਰਦੁਆਰਾ ਸਾਹਿਬ ਸੈਲਮਾ
- ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
- ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
- ਸਿੱਖ ਟੈਂਪਲ ਲੋਡਾਈ
- ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
- ਗੁਰਦੁਆਰਾ ਟਾਇਰਾ ਬਿਊਨਾ ਯੂਬਾ ਸਿਟੀ
- ਗੁਰਦੁਆਰਾ ਸਾਹਿਬ ਟਰਲਕ
- ਗੁਰਦੁਆਰਾ ਸਾਹਿਬ ਮਡੇਰਾ
- ਗੁਰਦੁਆਰਾ ਸਾਹਿਬ ਨਾਨਕਸਰ ਚੈਰੀ ਰੋਡ ਫਰਿਜ਼ਨੋ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ

ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...



ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons
open 6am to midnight

Phone: 765-478-6300

Star Alliance BROKERAGE

# Indianapolis, Indiana...

## ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

ੴ ਸਤਿਗੁਰ ਪ੍ਰਸਾਦਿ ।

ਜਨਮ ਮਰਨ ਦੁਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।।

# ਹਾਲੀਵੁੱਡ ਸਿੱਖ ਗੁਰਦੁਆਰਾ, ਲਾਸ ਏਂਜਲਸ

1966 N Vermont Ave. Los Angles CA-90027 Phone 323-665-7707

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ



ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ
ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ

## ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ

## ਐਤਵਾਰ, ਜੂਨ 16, 2019

ਨੂੰ ਮਨਾਈ ਜਾ ਰਹੀ ਹੈ

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ
ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇੱਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਅੱਜ ਸਾਰਾ ਪੰਜਾਬ ਉਹਨਾਂ ਦੀ ਬਖ਼ਸ਼ਿਸ਼ ਸਦਕਾ ਹੀ ਸਾਰੇ ਸੰਸਾਰ ਵਿਚ ਉਜਵਲ ਇਤਿਹਾਸ ਸਿਰਜ ਰਿਹਾ ਹੈ।

### ਉਚੇਚੇ ਤੌਰ 'ਤੇ ਪਹੁੰਚ ਰਹੇ ਕੀਰਤਨੀ ਜਥੇ

ਭਾਈ ਰਵਿੰਦਰ ਸਿੰਘ ਰਸੀਆ ਅਤੇ ਜਥਾ
ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ
ਭਾਈ ਅਜੀਤ ਸਿੰਘ ਅਤੇ ਜਥੇ ਤੋਂ ਇਲਾਵਾ
ਹੋਰ ਵੀ ਮਹਾਨ ਕੀਰਤਨੀ ਜਥੇ ਪਹੁੰਚ ਰਹੇ ਹਨ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 14, 2019**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ

**ਐਤਵਾਰ ਜੂਨ 16, 2019**
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10:00 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ
ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫ਼ੋਨ ਨੰਬਰ : 323-665-7707, ਅਮਰੀਕ ਸਿੰਘ 818-331-1459, ਸ. ਹਰਭਜਨ ਸਿੰਘ 818-486-6579

### ਸੇਵਾਦਾਰ ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ

ਪਾਲ ਸਿੰਘ ਲੁਬਾਣਾ ਬ੍ਰਦਰ, ਸੁਰਜੀਤ ਸਿੰਘ ਬਾਵਾ ਅਤੇ ਬ੍ਰਦਰ, ਸਤਪਾਲ ਗੋਤਰਾ ਅਤੇ ਬ੍ਰਦਰ ਜਗਦੀਪ ਸਿੰਘ, ਸੰਤ ਸਿੰਘ ਅਤੇ ਬ੍ਰਦਰ, ਬਲੀ ਗੋਤਰਾ, ਸੰਤੋਖ ਸਿੰਘ, ਗੁਰਬਚਨ ਸਿੰਘ ਮੁਲਤਾਨੀ, ਬਲਦੇਵ ਸਿੰਘ ਮੁਲਤਾਨੀ, ਨਿਰੰਜਨ ਸਿੰਘ, ਨਿਰਮਲ ਸਿੰਘ, ਫੌਜੀ ਕੁਲਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ ਬ੍ਰਦਰ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਸੁੱਚਾ ਸਿੰਘ, ਮਸਤਾਨ ਸਿੰਘ, ਤਜਿੰਦਰ ਸਿੰਘ ਖਲੀਲ ਐਂਡ ਬ੍ਰਦਰ, ਨਿਧਾਨ ਸਿੰਘ, ਅਮਰਦੀਪ ਸਿੰਘ ਜੌਨੀ, ਜੋਗਿੰਦਰ ਸਿੰਘ ਬਿੱਲਾ, ਅਜਮੇਰ ਸਿੰਘ, ਲਖਵੀਰ ਸਿੰਘ ਬ੍ਰਦਰ, ਜਗਜੀਤ ਸਿੰਘ ਗੋਤਰਾ, ਜਸਵਿੰਦਰ ਸਿੰਘ ਘੋਤੜਾ,ਬਲਕਾਰ ਸਿੰਘ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ ਬ੍ਰਦਰ, ਨਿਰਮਲ ਸਿੰਘ ਪਰਿਵਾਰ, ਰਨਜੀਤ ਸਿੰਘ ਬ੍ਰਦਰ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਸੇਠੀ, ਅਮਰੀਕ ਸਿੰਘ, ਸੁਰਿੰਦਰ ਕੌਰ, ਜਸਵਿੰਦਰ ਸਿੰਘ, ਰੁਪਿੰਦਰ ਸਿੰਘ, ਅਮਰੀਕ ਸਿੰਘ ਰਸੀਆ, ਬਲਜਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਖਲੀਲ, ਸੁਖਦੇਵ ਸਿੰਘ ਮੁਲਤਾਨੀ, ਗੁਰਮੀਤ ਸਿੰਘ ਮੁਲਤਾਨੀ, ਹਰਭਜਨ ਸਿੰਘ ਮੁਲਤਾਨੀ, ਕੁਲਵਿੰਦਰ ਸਿੰਘ, ਰਵੀ ਸੇਠੀ, ਕਰਪਾਲ ਸਿੰਘ, ਜੰਗਸ਼ੇਰ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਬ੍ਰਦਰ, ਗੁਰਦੇਵ ਸਿੰਘ ਅਤੇ ਜਸਵਿੰਦਰ ਸਿੰਘ ਬਿੱਲਾ।

**Hollywood Sikh Temple, 1966 N, Vermont Ave, Los Angeles, CA 90027 (323-665-7707)**

www.hollywoodsikhtemple.com • Follow us on : Facebook

# Royal Castle Banquet Hall

## FOR ALL TYPES OF FUNCTIONS & EVENTS



### Facilities

- Wedding Reception
- Birthday Parties
- Naming Ceremony
- Business Meetings
- Graduation Parties
- And More







**5560 Palm Ave Sacramento CA 95841**

**Phone : 209-918-9700 , www.royalcastlebanquethall.com**

follow us on Facebook and Instagram #royalcastlebanquethall



**Raja SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।






COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# ਨੀਵੇਂ ਵਿਹੜਿਆਂ ਦਾ ਸਿਰਨਾਵਾਂ ਤੇ ਪੰਜਾਬ ਦਾ ਹਮਦਰਦ ਬਲਵਿੰਦਰ ਅੰਬੇਡਕਰ

**ਬਲਵਿੰਦਰਪਾਲ ਸਿੰਘ (ਪ੍ਰੋ.)**

ਨੀਵੇਂ ਵਿਹੜਿਆਂ ਗਰੀਬੀ ਵਿਚ ਪਲਿਆ ਬਲਵਿੰਦਰ ਅੰਬੇਡਕਰ ਦੋ ਲੱਖ ਤੋਂ ਵੱਧ ਵੋਟ ਲੈਕੇ ਜਲੰਧਰ ਵਿਚ ਇਤਿਹਾਸ ਸਿਰਜਿਆ। ਬਸਪਾ ਦੇ ਉਮੀਦਵਾਰ ਬਲਵਿੰਦਰ ਕੁਮਾਰ ਨੇ 2,04,783 ਵੋਟਾਂ ਹਾਸਲ ਕਰਕੇ ਆਪਣੀ ਪਾਰਟੀ ਦੇ 2009 ਵਿਚ ਸਭ ਤੋਂ ਵੱਧ 93 ਹਜ਼ਾਰ ਵੋਟਾਂ ਹਾਸਲ ਕਰਨ ਵਾਲੇ ਰਿਕਾਰਡ ਨੂੰ ਤੋੜ ਦਿੱਤਾ ਹੈ। ਬਲਵਿੰਦਰ ਗੁਰੂਆਂ ਦੀ ਧਰਤੀ ਪੰਜਾਬ ਵਿਚ ਜਾਗਦੀ ਜਮੀਰਾਂ ਦਾ ਪ੍ਰਤੀਨਿਧ ਹੈ ਜੋ ਲੋਕ ਸੰਪਰਕ ਵਿਭਾਗ ਦੀ ਅਫਸਰੀ ਨੂੰ ਠੋਕਰ ਮਾਰ ਕੇ ਪੰਜਾਬ ਦੀ ਰਾਜਨੀਤੀ ਵਿਚ ਦੱਬੇ ਕੁਚਲਿਆਂ ਦੀਆਂ ਉਮੀਦਾਂ ਬਣ ਉਭਰਿਆ ਹੈ। ਦਲਿਤ ਵੋਟਾਂ ਦਾ ਜਨੂੰਨ ਤਹਿਤ ਉਸ ਦੇ ਹੱਕ ਵਿਚ ਡਟਨਾ, ਕਾਫੀ ਸਿਖਾਂ ਦਾ ਉਸ 'ਤੇ ਵਿਸ਼ਵਾਸ ਬਝਣਾ। ਪਰਵਾਸੀ ਦਲਿਤਾਂ ਤੇ ਸਿਖਾਂ ਦਾ ਪੰਜਾਬ ਦੀ ਆਸ ਕਿਰਨ ਵਜੋਂ ਦੇਖਣਾ ਬਲਵਿੰਦਰ ਤੇ ਬਸਪਾ ਦੀ ਅਹਿਮ ਪ੍ਰਾਪਤੀ ਹੈ। ਜਦੋਂ ਬਸਪਾ ਤੇ ਪੰਥਕ ਧਿਰਾਂ ਦਾ ਗਠਜੋੜ ਹੋਵੇਗਾ, ਇਮਾਨਦਾਰੀ ਨਾਲ ਪੰਜਾਬ ਹਿੱਤਾਂ ਲਈ ਯਤਨ ਹੋਣਗੇ ਤਾਂ ਇਤਿਹਾਸ ਸਿਰਜਿਆ ਜਾਵੇਗਾ। ਪੰਜਾਬ ਬਲਵਿੰਦਰ ਅੰਬੇਦਕਰ ਦੀ ਪੰਜਾਬ ਪੱਖੀ ਨੀਤੀ ਨੂੰ ਉਡੀਕ ਕਰ ਰਿਹਾ। ਜਦੋਂ ਪੰਜਾਬ ਦੇ ਵੱਡੀਆਂ ਪਾਰਟੀਆਂ ਤੇ ਜਿਤੇ ਐਮ ਪੀ ਲੋਕ ਸਭਾ ਵਿਚ ਗੁੰਗੇ ਤੋਤੇ ਬਣ ਬੈਠਣਗੇ ਤਾਂ ਪੰਜਾਬੀਆਂ ਨੂੰ ਆਪਣੇ ਇਸ ਕਰਮ 'ਤੇ ਬਹੁਤ ਨਿਰਾਸ਼ਾ ਹੋਵੇਗੀ। ਉਸ ਸਮੇਂ ਜਦੋ ਬਲਵਿੰਦਰ ਪੰਜਾਬ ਦੇ ਪਾਣੀਆਂ, ਪੰਜਾਬ ਦੀ ਸਿਹਤ, ਬੇਰੁਜ਼ਗਾਰੀ ਤੇ ਭਾਰਤ ਵਿਚ ਹੋ ਰਹੇ ਦਲਿਤਾਂ ਤੇ ਘੱਟ ਗਿਣਤੀਆਂ ਦੇ ਵਿਤਕਰੇ ਵਿਰੁਧ ਅਵਾਜ਼ ਬੁਲੰਦ ਕਰੇਗਾ ਤਾਂ ਕਾਂਸ਼ੀ ਰਾਮ ਵੇਲੇ ਵਾਲਾ ਪੰਜਾਬ ਫਿਰ ਜਾਗੇਗਾ। ਵੈਸੇ ਜਦੋਂ ਦੋ ਧਨਾਢ ਉਮੀਦਵਾਰ ਕਾਂਗਰਸ ਤੇ ਅਕਾਲੀਆਂ ਦੇ ਲੋਕ ਸਭਾ ਚੋਣ ਲੜ ਰਹੇ ਹੋਣ ਤਾਂ ਗਰੀਬਾਂ ਦਾ ਮੁੰਡਾ ਬਲਵਿੰਦਰ ਅੰਬੇਡਕਰ ਲੋਕਾਂ ਤੇ ਆਪਣੀ ਰੂਹਾਨੀ ਤਾਕਤ ਸਿਰ ਚੁਣੌਤੀ ਦੇਵੇ ਤਾਂ ਇਹ ਪੰਜਾਬ ਦੇ ਲੋਕਾਂ ਦੀ ਤਾਕਤ ਹੈ। ਅੱਜ ਤੋਂ ਕਾਫੀ ਚਿਰ ਪਹਿਲਾਂ 1989 ਦੌਰਾਨ ਬਾਬਾ ਜੋਗਿੰਦਰ ਸਿੰਘ ਰੋਡੇ ਤੇ ਕਾਂਸ਼ੀ ਰਾਮ ਜੀ ਦੇ ਗਠਜੋੜ ਨੇ ਲੋਕ ਸਭਾ ਚੋਣਾਂ ਦੌਰਾਨ 9 ਸੀਟਾਂ ਜਿੱਤ ਕੇ ਕਾਂਗਰਸ ਤੇ ਰਵਾਇਤੀ ਅਕਾਲੀ ਦਲ ਨੂੰ ਭਾਜੜਾਂ ਪਾਈਆਂ ਸਨ। ਮੈਨੂੰ ਆਸ ਹੈ ਕਿ ਬਲਵਿੰਦਰ ਅੰਬੇਡਕਰ ਦੀਆਂ ਮਸੂਮ ਮੁਸਕਰਾਟਾਂ ਦੁਬਾਰਾ ਇਤਿਹਾਸ ਸਿਰਜਣਗੀਆਂ।



ਜੇ ਬਸਪਾ ਹਾਈਕਮਾਂਡ ਬਲਵਿੰਦਰ ਅੰਬੇਦਕਰ ਨੂੰ ਵੱਡੀ ਜਿੰਮੇਵਾਰੀ ਦੇਂਦੀ ਹੈ ਤਾਂ ਉਹ ਪੰਜਾਬ ਦੀ ਰਾਜਨੀਤੀ ਤਬਦੀਲ ਕਰਨ ਦੀ ਵੱਡੀ ਸਮਰਥਾ ਰੱਖਦਾ ਹੈ। ਜਟ ਤੇ ਸਿਖ ਭਾਈਚਾਰੇ ਨਾਲ ਨੇੜਤਾ ਤੇ ਉਹਨਾਂ ਦੇ ਦੁਖਾਂ ਸੁਖਾਂ ਵਿਚ ਖੜਨਾ ਬਲਵਿੰਦਰ ਦੀ ਜਾਦੂਗਰੀ ਹੈ। ਬਲਵਿੰਦਰ ਅੰਬੇਦਕਰ ਸਹੀ ਰਾਜਨੀਤਕ ਮਾਰਗ ਤੇ ਹੈ। ਇਹੀ ਮਾਰਗ ਭਾਰਤ ਦੇ ਨਾਇਕ ਪੰਜਾਬੀ ਪੁੱਤਰ ਕਾਂਸ਼ੀ ਰਾਮ ਜੀ ਨੇ ਦਿੱਤਾ ਸੀ। ਇਹ ਪੰਜਾਬ ਦੀ ਰਾਜਨੀਤੀ ਵਿਚ ਡੈਂਟ ਪਾ ਸਕਦਾ ਹੈ। ਬਸਪਾ ਨੇ ਜੇ ਪੰਜਾਬ ਵਿਚ ਰਾਜਨੀਤਕ ਖੜੋਤ ਤੋੜਨੀ ਹੈ ਤਾਂ ਉਸਨੂੰ ਗਠਜੋੜ ਰਾਜਨੀਤੀ ਵਲ ਵਧਦਿਆਂ ਪੰਜਾਬ ਤੇ ਸਿਖ ਮਸਲਿਆਂ ਵਲ ਧਿਆਨ ਕਰਨਾ ਪਵੇਗਾ। ਅਜੇ ਰਾਜਨੀਤਕ ਸਫਰ ਲੰਬਾ ਹੈ।

ਨਵੀਂ ਕਿਤਾਬ




ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

+91-8968225990 /sikhsiyasat Web: sikhsiyasat.net | sikhsiyasat.com | sikhsiyasat.info

# ਟੋਰਾਂਟੋ-ਅੰਮ੍ਰਿਤਸਰ ਵਿਚਾਲੇ ਹਵਾਈ ਸੇਵਾ ਲਈ ਕੈਨੇਡਾ ਸੰਸਦ 'ਚ ਉੱਠੀ ਮੰਗ

**ਨਿਊਯਾਰਕ/ਟੋਰਾਂਟੋ/ਰਾਜ ਗੋਗਨਾ :**
ਟੋਰਾਂਟੋ-ਅੰਮ੍ਰਿਤਸਰ ਵਿਚਕਾਰ ਫਲਾਈਟ ਸ਼ੁਰੂ ਕਰਨ ਲਈ ਕੈਨੇਡੀਅਨ ਐਮ.ਪੀਜ਼ ਵਲੋਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਕੈਨੇਡਾ ਦੀ ਸੰਸਦ 'ਚ ਇਸ ਦੀ ਮੰਗ ਰੱਖੀ ਗਈ ਹੈ। ਕੈਨੇਡਾ ਦੇ ਉੱਤਰੀ ਬਰੈਂਪਟਨ ਤੋਂ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਕੈਨੇਡਾ ਦੇ ਟੋਰਾਂਟੋ ਅਤੇ ਵੈਨਕੂਵਰ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਾਉਣ ਲਈ ਆਪਣੀ ਸਰਕਾਰ ਅੱਗੇ ਮੰਗ ਰੱਖੀ ਸੀ। ਰੂਬੀ ਨੂੰ ਕੈਨੇਡੀਅਨ ਪਾਰਲੀਮੈਂਟ ਵਿਚ ਪਟੀਸ਼ਨ ਦਾਖ਼ਲ ਕਰਨ ਲਈ 'ਫਲਾਈ ਅੰਮ੍ਰਿਤਸਰ ਮੁਹਿੰਮ' ਵਲੋਂ ਧੰਨਵਾਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਐਮਪੀ. ਰਣਦੀਪ ਸਰਾਏ ਵੱਲੋਂ ਪਾਏ ਯੋਗਦਾਨ ਲਈ ਉਨ੍ਹਾਂ ਦਾ ਵੀ ਧੰਨਵਾਦ ਕੀਤਾ ਗਿਆ।



ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦਾ ਸਿੱਧਾ ਫਾਇਦਾ ਪੰਜਾਬੀ ਕਿਸਾਨਾਂ ਨੂੰ ਹੋਵੇਗਾ, ਜਿਨ੍ਹਾਂ ਦੀਆਂ ਸਬਜ਼ੀਆਂ, ਫਲ ਤੇ ਫੁੱਲ ਕੈਨੇਡਾ 'ਚ ਵਿਕਣਗੇ ਅਤੇ ਵਧੀਆ ਮੁੱਲ ਮਿਲੇਗਾ। ਅਨੰਤਦੀਪ ਸਿੰਘ ਢਿੱਲੋਂ 'ਫਲਾਈ ਅੰਮ੍ਰਿਤਸਰ ਮੁਹਿੰਮ' ਦੇ ਉੱਤਰੀ ਅਮਰੀਕਾ ਦੇ ਕਨਵੀਨਰ ਹਨ। ਉਨ੍ਹਾਂ ਨੇ ਪ੍ਰੈੱਸ ਨੂੰ ਜਾਰੀ ਬਿਆਨ 'ਚ ਕਿਹਾ ਹੈ ਕਿ ਐਮਪੀ. ਸਹੋਤਾ ਨੇ ਇਸ ਸੰਬੰਧੀ ਏਅਰ ਕੈਨੇਡਾ ਦੇ ਨੁਮਾਇੰਦੇ ਨਾਲ ਵੀ ਇੱਕ ਵਿਸ਼ੇਸ਼ ਮੀਟਿੰਗ ਕਰਕੇ ਉਨ੍ਹਾਂ ਨੂੰ ਕੈਨੇਡਾ 'ਚ ਵੱਸਦੇ ਪੰਜਾਬੀਆਂ ਲਈ ਇਨ੍ਹਾਂ ਉਡਾਣਾਂ ਦੀ ਲੋੜ ਤੋਂ ਜਾਣੂ ਕਰਵਾਇਆ। ਪਾਰਲੀਮੈਂਟ 'ਚ ਦਾਖਲ ਪਟੀਸ਼ਨ ਦੀ ਵੀਡੀਓ ਅਤੇ ਏਅਰ ਕੈਨੇਡਾ ਨਾਲ ਮੀਟਿੰਗ ਬਾਰੇ ਜਾਣਕਾਰੀ ਉਨ੍ਹਾਂ ਨੇ ਆਪਣੀ ਫੇਸਬੁੱਕ 'ਤੇ ਪਾਈ ਹੈ।ਫਲਾਈ ਅੰਮ੍ਰਿਤਸਰ ਮੁਹਿੰਮ ਦੇ ਗਲੋਬਲ ਕਨਵੀਨਰ ਸ. ਗੁਮਟਾਲਾ ਨੇ ਕੈਨੇਡਾ ਦੇ ਦੂਸਰੇ ਪਾਰਲੀਮੈਂਟ ਮੈਂਬਰਾਂ ਅਤੇ ਲੀਡਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਏਅਰ ਕੈਨੇਡਾ ਅਤੇ ਹੋਰਨਾਂ ਹਵਾਈ ਕੰਪਨੀਆਂ ਨਾਲ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਾਉਣ ਵਾਸਤੇ ਅੱਗੇ ਆਉਣ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਸਤੰਬਰ 2017 ਵਿਚ ਮੈਡਮ ਸਹੋਤਾ ਨਾਲ ਇਸ ਸਬੰਧੀ ਮੀਟਿੰਗ ਵੀ ਕੀਤੀ ਸੀ।

ਵਰਣਨਯੋਗ ਹੈ ਕਿ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਨੁਮਾਇੰਦਿਆਂ ਦੀ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੀ ਅੰਮ੍ਰਿਤਸਰ ਫੇਰੀ ਸਮੇਂ ਕੈਨੇਡੀਅਨ ਪਾਰਲੀਮੈਂਟ ਮੈਂਬਰ ਮਾਣਯੋਗ ਸੁੱਖ ਧਾਲੀਵਾਲ ਤੇ ਰਣਦੀਪ ਸਰਾਏ ਨਾਲ ਮੀਟਿੰਗ ਦੌਰਾਨ ਦੋਵਾਂ ਪਾਰਲੀਮੈਂਟ ਮੈਂਬਰਾਂ ਨੇ ਯਕੀਨ ਦੁਆਇਆ ਸੀ ਕਿ ਉਹ ਇਸ ਮਸਲੇ ਲਈ ਏਅਰ ਕੈਨੇਡਾ ਨਾਲ ਗੱਲਬਾਤ ਕਰਨਗੇ।

# 'ਪੰਜਾਬ ਲੋਕ ਰੰਗ' ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਖੇਡਿਆ ਜਾਵੇਗਾ ਨਾਟਕ 'ਮਿਟੀ ਧੁੰਧ ਜਗ ਚਾਨਣ ਹੋਆ'

**ਫਰੀਮੌਂਟ/ਐੱਸ.ਅਸ਼ੋਕ. ਭੌਰਾ :**
ਉੱਤਰੀ ਅਮਰੀਕਾ ਵਿਚ ਪਿਛਲੇ ਡੇਢ ਦਹਾਕੇ ਤੋਂ ਪੰਜਾਬੀ ਰੰਗ ਮੰਚ ਦੇ ਖੇਤਰ ਵਿਚ ਸਰਗਰਮ 'ਪੰਜਾਬ ਲੋਕ ਰੰਗ' ਵਲੋਂ ਆਪਣਾ ਅਗਲਾ ਨਾਟਕ 'ਮਿਟੀ ਧੁੰਧ ਜਗ ਚਾਨਣ ਹੋਆ' ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ 'ਤੇ ਅਮਰੀਕਾ ਅਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡਿਆ ਜਾਵੇਗਾ। ਇਹ ਨਾਟਕ 'ਪੰਜਾਬ ਲੋਕ ਰੰਗ' ਦੇ ਨਿਰਦੇਸ਼ਕ ਸੁਰਿੰਦਰ ਧਨੋਆ ਦਾ ਲਿਖਿਆ ਹੋਇਆ ਹੈ ਤੇ ਉਨ੍ਹਾਂ ਦੀ ਹੀ ਨਿਰਦੇਸ਼ਨਾ ਹੇਠ ਖੇਡਿਆ ਜਾ ਰਿਹਾ ਹੈ। ਇੱਥੇ ਗੋਲਡਨ ਇੰਡੀਆ ਰੈਸਟੋਰੈਂਟ ਵਿਖੇ ਪੰਜਾਬ ਲੋਕ ਰੰਗ ਵਲੋਂ ਇਕ ਵਿਸ਼ੇਸ਼ ਪ੍ਰੈੱਸ ਮਿਲਣੀ ਦੇ ਅਯੋਜਨ ਦੌਰਾਨ ਸੁਰਿੰਦਰ ਧਨੋਆ ਨੇ ਕਿਹਾ ਕਿ ਅਮਰੀਕਾ ਦੀ ਧਰਤੀ 'ਤੇ ਇਸ ਨਾਟਕ ਦੇ ਮੰਚਨ ਕਰਨ ਵਿਚ ਭਾਵੇਂ ਬਹੁਤ ਸਾਰੀਆਂ ਸਮੱਸਿਆਵਾਂ ਹਨ ਅਤੇ ਸਿੱਖ ਧਰਮ ਦੀ ਮਾਣ ਮਰਿਆਦਾ ਅਤੇ ਪ੍ਰੰਪਰਾਵਾਂ ਨੂੰ ਧਿਆਨ ਵਿਚ ਰੱਖਣਾ ਪਵੇਗਾ ਪਰ ਉਨ੍ਹਾਂ ਨੂੰ ਯਕੀਨ ਹੈ ਕਿ ਉਹ ਇਸ ਨਾਟਕ ਨਾਲ ਇਕ ਨਵਾਂ ਇਤਿਹਾਸ ਸਿਰਜਣਗੇ ਕਿਉਂਕਿ ਇਹ ਵਰ੍ਹਾ ਸਿੱਖ ਕੌਮ ਲਈ ਆਪਣੇ ਆਪ ਵਿਚ ਵੀ ਇਕ ਇਤਿਹਾਸ ਬਣੇਗਾ। ਉਨ੍ਹਾਂ ਇਸ ਮੌਕੇ 'ਤੇ ਨਾਟਕ ਦੀ ਪਟਕਥਾ ਦਾ ਕੁਝ ਹਿੱਸਾ ਵੀ ਮੀਡੀਆ ਨਾਲ ਸਾਂਝਾ ਕੀਤਾ।

ਯਾਦ ਰਹੇ ਕਿ ਪੰਜਾਬ ਲੋਕ ਰੰਗ ਇਕ ਦਰਜਨ ਦੇ ਕਰੀਬ ਪਹਿਲਾਂ ਵੀ ਨਾਟਕਾਂ ਦੀ ਪੇਸ਼ਕਾਰੀ ਕਰ ਚੁੱਕਾ ਹੈ ਅਤੇ ਹਾਲ ਹੀ ਵਿਚ ਆਖਰੀ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਬਾਰੇ 'ਮਹਾਰਾਣੀ ਜਿੰਦਾਂ' ਨਾਟਕ ਨੂੰ ਉੱਤਰੀ ਅਮਰੀਕਾ ਵਿਚ ਬੇਹੱਦ ਮਾਣ 'ਤੇ ਸਤਿਕਾਰ



ਮਿਲਿਆ। ਹਾਲਾਂ ਵੀ ਇਸ ਨਾਟਕ ਦਾ ਮੰਚਨ ਵੱਖ-ਵੱਖ ਸ਼ਹਿਰਾਂ ਵਿਚ ਜਾਰੀ ਹੈ। 'ਮਿੱਟੀ ਰੁਦਨ ਕਰੇ', 'ਸਰਦਲ ਦੇ ਆਰ-ਪਾਰ', 'ਗੁਰੂ ਮਾਨਿਓ ਗੰਥ', 'ਪੱਤਣਾਂ 'ਤੇ ਰੋਣ ਖੜ੍ਹੀਆਂ' ਆਦਿ ਅਜਿਹੇ ਨਾਟਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ , ਜਿਨ੍ਹਾਂ ਦੀ ਪੰਜਾਬ ਲੋਕ ਰੰਗ ਦੀ ਬਿਹਤਰੀਨ ਪੇਸ਼ਕਾਰੀ ਦਰਸ਼ਕਾਂ ਦੇ ਮਨਾਂ ਵਿਚ ਸਮੋਈ ਬੈਠੀ ਹੈ। ਇਸ ਮੌਕੇ ਤੇ ਗਲੋਬਲ ਹਾਕ ਦੇ ਜਸਵੀਰ ਸਿੰਘ ਥਾਂਦੀ ਅਤੇ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਹਰਜਿੰਦਰ ਸਿੰਘ ਧਾਮੀ ਤੇ ਸ੍ਰ. ਔਲਖ ਵਲੋਂ ਪੰਜਾਬ ਲੋਕ ਰੰਗ ਨੂੰ 'ਮਿੱਟੀ ' ਨਾਟਕ ਦੀ ਤਿਆਰੀ ਕਰਨ ਅਤੇ ਸਫਲਤਾ ਲਈ ਵੱਡੀ ਵਿੱਤੀ ਸਹਾਇਤਾ ਵੀ ਦਿੱਤੀ। ਇਸ ਮੌਕੇ 'ਤੇ ਹਾਜ਼ਰ ਸਖਸ਼ੀਅਤਾਂ ਵਿਚ ਡਾ. ਸੁਖਮਿੰਦਰ ਸਿੰਘ, ਡਾ. ਜੇ.ਪੀ. ਸਿੰਘ, ਪੰਜਾਬ ਲੋਕ ਰੰਗ ਦੇ ਆਰਗੇਨਾਈਜ਼ਰ ਪਾਲੀ ਧਨੌਲਾ, ਹਰਮੀਤ ਚੌਧਰੀ, ਰੇਡੀਓ ਮਿਰਚੀ ਦੇ ਐੱਸ.ਪੀ ਸਿੰਘ, ਬਲਵੰਤ ਸਿੰਘ ਮੱਲ੍ਹਾ, ਜਗਤਾਰ ਗਿੱਲ, ਹਰਜਿੰਦਰ ਸਿੰਘ ਧਾਮੀ, ਡਾ. ਹਰਮੇਸ਼ ਕੁਮਾਰ, ਜਸਬੀਰ ਸਿੰਘ ਥਾਂਦੀ ਨੇ ਵੀ ਆਪਣੇ ਵਿਚਾਰਾਂ ਵਿਚ ਇਸ ਇਸ ਨਾਟਕ ਦੀ ਸਫਲਤਾ ਲਈ ਦੁਆਵਾਂ ਕਰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਸੁਰਿੰਦਰ ਧਨੋਆ ਨੇ 'ਪੰਜਾਬ ਲੋਕ ਰੰਗ' ਰਾਹੀਂ ਪੰਜਾਬੀ ਮਾਂ ਬੋਲੀ, ਵਿਰਸਾ, ਵਿਰਾਸਤ, ਸੱਭਿਆਚਾਰ ਅਤੇ ਸਿੱਖ ਇਤਿਹਾਸ ਨੂੰ ਸਾਂਭਣ ਦਾ ਅਜਿਹਾ ਯਤਨ ਪਹਿਲਾਂ ਕੀਤਾ ਹੈ, ਉਹ ਇਸ ਨਾਟਕ ਨਾਲ ਸਫਲਤਾ ਵਿਚ ਹੋਰ ਵੀ ਦੋ ਕਦਮ ਅੱਗੇ ਰੱਖਣਗੇ। ਇਸ ਮੌਕੇ 'ਤੇ ਹਾਜ਼ਰ ਪਤਵੰਤਿਆਂ ਵਿਚ ਜਸਵਿੰਦਰ ਕੌਰ ਧਨੋਆ, ਜਸਵਿੰਦਰ ਸੱਗੀ, ਸ਼ਕਤੀ ਮਾਣਕ, ਸੋਨੀਆ ਚੇੜਾ, ਸੋਨੂੰ ਰਾਣਾ, ਪਰਮਪਾਲ ਸਿੰਘ ਓਬਰਾਏ ਤੇ ਸ਼੍ਰੀਮਤੀ ਓਬਰਾਏ, ਅਨੂਪ ਚੀਮਾ, ਦਰਸ਼ਨ ਔਜਲਾ, ਸੇਵਾ ਸਿੰਘ ਸਰਾਂ, ਸ਼ਾਨ ਸੇਖੋਂ, ਪਿੰਕੀ ਸੰਧੂ, ਜਸਮੀਨ ਅਤੇ ਹੋਰ ਅਨੇਕਾਂ ਪੰਜਾਬ ਲੋਕ ਰੰਗ ਦੇ ਮੈਂਬਰ ਅਤੇ ਪ੍ਰਸ਼ੰਸ਼ਕ, ਹਮਦਰਦ ਹਾਜ਼ਰ ਸਨ।




1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।



ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com

Sandhu Herbals™

# ਸੰਧੂ ਹਰਬਲਜ਼

## ਤੰਦਰੁਸਤ ਸਿਹਤ

VEGETARIAN

Buy Sugar Destroyer Tea Get Karela Capsules Free

SanGluco



### ਸ਼ੂਗਰ ਲਈ

- ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
- 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ
- Supports blood sugar levels already within optimal range*
- Promotes healthy weight management*
- Bitter Melon also known as karela, it helps regulate normal glucose tolerance*

Price : $ 30

SanPhala
Soft • Gentle • Clean



### ਕਬਜ਼ ਅਤੇ ਪੇਟ ਸਾਫ਼ ਲਈ

- ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ
- Helps relieve occasional constipation*
- Provides a gentle colon cleanse and detox action. *
- Supports colon health, regulates intestines to remove stagnant waste.

Buy now : $ 14.99

FREE SHIPPING

SanLipid
Living Science



### ਕਲੈਸਟਰੋਲ ਲਈ

- ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ
- Helps maintain cholesterol levels already within normal range*
- Supports heart health.*

Buy now : $ 19.99

SanAshwa
MINDFUL LIFE SCIENCE



### ਤਣਾਅ, ਚਿੰਤਾ ਅਤੇ ਤਾਕਤ ਲਈ

- ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ
- SanAshwa® is a cutting-edge scientific formula rooted in the ancient wisdom of herbs to help you live a happier, healthier life*.
- Designed by pharmacists and herbal experts, SanAshwa® has undergone rigorous scientific testing to ensure it is safe and effective.*

Price : $ 49.99

# SANDHU HERBALS

Livermore, CA 94551 U.S.A.

ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849

www.sandhuherbals.com | Toll Free : 1 800 570 8849 | MON-SAT 9 AM TO 6 PM

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
# Punjabi RADIO USA
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਪੰਜਾਬ ਤੇ ਕੇਰਲਾ ਤੋਂ ਬਗੈਰ ਸਾਰੇ ਹਿੰਦੋਸਤਾਨ ਨੇ ਬੋਲੀ "ਭਾਰਤ ਮਾਤਾ ਦੀ ਜੈ"




## ਮੋਦੀ ਦੀ ਜਿੱਤ ਤੇ ਮੁਸਲਿਮ ਮੀਡੀਆ

ਵਿਸ਼ਵ ਦੇ ਮੀਡੀਆ ਵਿੱਚ ਨਰਿੰਦਰ ਮੋਦੀ ਦੀ ਜਿੱਤ ਨੂੰ ਹਿੰਦੂ ਰਾਸ਼ਟਰਵਾਦੀ ਪਾਰਟੀ ਦੀ ਜਿੱਤ ਕਿਹਾ ਜਾ ਰਿਹਾ ਹੈ। ਅਰਬ ਨਿਊਜ਼ ਵਿੱਚ ਤਲਮੀਜ਼ ਅਹਿਮਦ ਨੇ ਲਿਖਿਆ ਕਿ ਮੋਦੀ ਨੇ ਆਪਣੇ ਪਹਿਲੇ ਕਾਰਜਕਾਲ ਵਿੱਚ ਖਾੜੀ ਦੇਸਾਂ ਨਾਲ ਮਜ਼ਬੂਤ ਰਿਸ਼ਤੇ ਕਾਇਮ ਕੀਤੇ ਸੀ ਤੇ ਇਹ ਅੱਗੇ ਵੀ ਜਾਰੀ ਰਹਿਣਗੇ।

ਪਾਕਿਸਤਾਨੀ ਅਖਬਾਰ 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਇੱਕ ਰਿਪੋਰਟ ਵਿੱਚ ਲਿਖਿਆ ਹੈ, "ਭਾਰਤ ਵਿੱਚ ਮੁਸਲਮਾਨਾਂ ਦੇ ਖਿਲਾਫ਼ ਬੰਬ ਹਮਲੇ ਦੀ ਮੁਲਜ਼ਮ ਹਿੰਦੂ ਯੋਗੀ ਪ੍ਰਗਿਆ ਸਿੰਘ ਠਾਕੁਰ ਨੂੰ ਵੀ ਭੋਪਾਲ ਤੋਂ ਹਿੰਦੂ ਰਾਸ਼ਟਰਵਾਦੀ ਦਲ ਭਾਜਪਾ ਦੇ ਟਿਕਟ 'ਤੇ ਜਿੱਤ ਮਿਲੀ ਹੈ। ਇਹ ਪਹਿਲੀ ਵਾਰ ਹੈ ਕਿ ਅੱਤਵਾਦੀ ਹਮਲਿਆਂ ਵਿੱਚ ਸ਼ਾਮਲ ਹੋਣ ਦਾ ਇਲਜ਼ਾਮ ਝੱਲ ਰਹੀ ਆਗੂ ਭਾਰਤੀ ਸੰਸਦ ਵਿੱਚ ਪਹੁੰਚੇਗੀ।"

ਪਾਕਿਸਤਾਨ ਦੇ ਮਸ਼ਹੂਰ ਅਖ਼ਬਾਰ 'ਡਾਨ' ਨੇ ਲਿਖਿਆ, "ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੇ ਦੱਸ ਦਿੱਤਾ ਹੈ ਕਿ ਉੱਥੇ ਫਿਰਕੂ ਸਿਆਸਤ ਕਾਫੀ ਵੱਧ ਰਹੀ ਹੈ। ਹੁਣ ਚੋਣਾਂ ਖਤਮ ਹੋ ਗਈਆਂ ਹਨ ਤੇ ਉਮੀਦ ਹੈ ਕਿ ਮੋਦੀ ਨੇ ਜਿਸ ਹਿੰਦੂ ਕੱਟੜਵਾਦ ਦਾ ਸਹਾਰਾ ਲਿਆ ਉਸ ਨੂੰ ਕਾਬੂ ਵਿੱਚ ਰੱਖਣਗੇ ਤਾਂਕਿ ਘਟਗਿਣਤੀ ਦੇ ਮਨਾਂ ਵਿੱਚ ਵੀ ਸੁਰੱਖਿਆ ਦੀ ਭਾਵਨਾ ਕਾਇਮ ਰਹੇ।"

'ਗਲਫ਼ ਨਿਊਜ਼ ਨੇ ਆਪਣੇ ਇੱਕ ਓਪੀਨਿਅਨ ਪੀਸ ਵਿੱਚ ਲਿਖਿਆ ਹੈ ਕਿ ਮੋਦੀ ਆਪਣੇ ਪਹਿਲੇ ਕਾਰਜਕਾਲ ਤੋਂ ਵੱਧ ਹਿੰਮਤੀ ਕਦਮ ਚੁੱਕ ਸਕਦੇ ਹਨ। ਕਤਰ ਦੇ ਮਸ਼ਹੂਰ ਮੀਡੀਆ ਨੈੱਟਵਰਕ ਅਲ-ਜਜ਼ੀਰਾ ਨੇ ਲਿਖਿਆ, "ਭਾਜਪਾ ਨੇ ਕੰਪੇਨ ਨੂੰ ਇੰਝ ਚਲਾਇਆ ਜਿਵੇਂ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਹੋ ਰਹੀ ਹੋਵੇ।

**ਨਵੀਂ ਦਿੱਲੀ/ਏਟੀ ਨਿਊਜ਼ :**
ਰਾਸ਼ਟਰਪਤੀ ਭਵਨ ਵੱਲੋਂ ਜਾਰੀ ਇਕ ਬਿਆਨ ਮੁਤਾਬਕ ਰਾਸ਼ਟਰਪਤੀ ਕੋਵਿੰਦ ਨੇ ਭਾਜਪਾ ਤੇ ਐਨਡੀਏ ਸੰਸਦੀ ਦਲ ਦੇ ਨੇਤਾ ਨਰਿੰਦਰ ਮੋਦੀ ਨੂੰ ਮਨੋਨੀਤ ਪ੍ਰਧਾਨ ਮੰਤਰੀ ਥਾਪ ਦਿੱਤਾ ਗਿਆ ਹੈ। ਸ੍ਰੀ ਮੋਦੀ ਨਾਲ ਰਾਸ਼ਟਰਪਤੀ ਭਵਨ ਜਾਣ ਵਾਲੇ ਆਗੂਆਂ ਵਿੱਚ ਭਾਜਪਾ ਪ੍ਰਧਾਨ ਅਮਿਤ ਸ਼ਾਹ, ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ, ਰਾਜਨਾਥ ਸਿੰਘ, ਨਿਤੀਸ਼ ਕੁਮਾਰ, ਰਾਮ ਵਿਲਾਸ ਪਾਸਵਾਨ, ਸੁਸ਼ਮਾ ਸਵਰਾਜ, ਊਧਵ ਠਾਕਰੇ, ਨਿਤੀਨ ਗਡਕਰੀ, ਕੇ.ਪਲਾਨੀਸਵਾਮੀ, ਕੋਨਰਾਡ ਸੰਗਮਾ ਤੇ ਨੇਫੀਓ ਰੀਓ ਸ਼ਾਮਲ ਸਨ। ਰਾਸ਼ਟਰਪਤੀ ਨੂੰ ਐਨਡੀਏ ਵਿਚਲੇ ਭਾਈਵਾਲਾਂ ਦੀ ਹਮਾਇਤ ਵਾਲਾ ਪੱਤਰ ਵੀ ਸੌਂਪਿਆ ਗਿਆ।

**ਮੋਦੀ ਦੀ ਹੂੰਝਾਫੇਰ ਜਿੱਤ-**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਡਿਤ ਜਵਾਹਰਲਾਲ ਤੇ ਇੰਦਰਾ ਗਾਧੀ ਤੋਂ ਬਾਅਦ ਸਪਸ਼ਟ ਬਹੁਮਤ ਦੇ ਨਾਲ ਲਗਾਤਾਰ ਦੂਜੀ ਵਾਰ ਸੱਤਾ ਦੇ ਸਿਖਰ 'ਤੇ ਪੁੱਜਣ ਵਾਲੇ ਤੀਜੇ ਪ੍ਰਧਾਨ ਮੰਤਰੀ ਬਣ ਗਏ ਹਨ। ਸਾਲ 2014 ਤੋਂ ਸ਼ੁਰੂ ਹੋਈ 'ਮੋਦੀ ਲਹਿਰ' ਨੂੰ ਹੋਰ ਵਿਆਪਕ ਕਰਦਿਆਂ ਇਸ ਨੂੰ 'ਸੁਨਾਮੀ' ਦਾ ਰੂਪ ਦਿੰਦਿਆਂ ਭਾਜਪਾ ਨੇ ਤਾਜ਼ਾ 2019 ਲੋਕ ਸਭਾ ਚੋਣਾਂ ਵਿਚ ਆਪਣੇ ਦਮ 'ਤੇ 303 ਸੀਟਾਂ ਹਾਸਲ ਕਰਨ ਦਾ ਨਵਾਂ ਇਤਿਹਾਸ ਰਚਿਆ ਹੈ। ਬੇਰੁਜ਼ਗਾਰੀ ਵਿਚ ਜ਼ਬਰਦਸਤ ਵਾਧੇ ਤੇ ਘੋਰ ਖੇਤੀ ਸੰਕਟ ਦੇ ਬਾਵਜੂਦ ਦੇਸ਼ ਦੇ ਬਹੁਤੇ ਵੋਟਰਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਸ਼ਟਰਵਾਦ, ਹਿੰਦੂਆਂ ਦੀ ਆਨ ਤੇ ਸ਼ਾਨ ਅਤੇ ਪਾਕਿਸਤਾਨ ਨੂੰ ਅੰਦਰ ਵੜ ਕੇ ਮਾਰਨ ਦੇ ਭਾਸ਼ਣ ਜ਼ਿਆਦਾ ਸੋਹਣੇ ਲੱਗੇ ਤੇ ਉਨ੍ਹਾਂ ਭਾਜਪਾ ਦੀ ਝੋਲੀ ਵਿਚ ਪਿਛਲੀ ਵਾਰ ਨਾਲੋਂ ਵੀ ਵੱਡੀ ਜਿੱਤ ਪਾ ਦਿੱਤੀ।

ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਨੇ ਚੋਣਾਂ ਵਿਚ ਹੂੰਝਾਫੇਰ ਜਿੱਤ ਹਾਸਲ ਕਰਦਿਆਂ 352 ਸੀਟਾਂ 'ਤੇ ਜਿੱਤ ਹਾਸਲ ਕੀਤੀ। ਮੋਦੀ ਨੇ ਪੂਰਨ ਬਹੁਮਤ ਨਾਲ ਲਗਾਤਾਰ ਦੂਸਰੀ ਵਾਰ ਸੱਤਾ ਵਿਚ ਵਾਪਸੀ ਕੀਤੀ। ਉਨ੍ਹਾਂ ਦੇ ਰਾਸ਼ਟਰਵਾਦ ਦੇ ਸੰਦੇਸ਼, ਸੁਰੱਖਿਆ, ਹਿੰਦੂ ਗੌਰਵ ਅਤੇ 'ਨਿਊ ਇੰਡੀਆ' ਨੂੰ ਦੇਸ਼ ਦੇ ਵੱਡੀ ਗਿਣਤੀ ਵੋਟਰਾਂ ਨੇ ਸਵੀਕਾਰ ਕੀਤਾ। ਐਨ.ਡੀ.ਏ. ਨੇ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ. ਨੂੰ ਬੁਰੀ ਤਰ੍ਹਾਂ ਮਾਤ ਦਿੱਤੀ। ਯੂ.ਪੀ.ਏ. ਨੂੰ ਕੇਵਲ 86 ਸੀਟਾਂ ਹੀ ਮਿਲੀਆਂ ਹਾਲਾਂਕਿ ਕਾਂਗਰਸ ਪਿਛਲੀ ਵਾਰ ਤੋਂ ਕੁਝ ਬਿਹਤਰ ਕਰ ਸਕੀ ਅਤੇ ਉਸ ਨੂੰ 52 ਸੀਟਾਂ ਮਿਲੀਆਂ। ਖੱਬੀਆਂ ਪਾਰਟੀਆਂ ਦਾ ਐਤਕੀਂ ਸੂਬੇ ਵਿਚ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ।

ਮੋਦੀ ਦੀ ਸੁਨਾਮੀ ਅੱਗੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਅਮੇਠੀ ਦਾ ਕਿਲ੍ਹਾ ਵੀ ਢਹਿ ਗਿਆ ਅਤੇ ਉਹ ਇੱਥੋਂ ਭਾਜਪਾ ਉਮੀਦਵਾਰ ਸਮ੍ਰਿਤੀ ਇਰਾਨੀ ਤੋਂ ਹਾਰ ਗਏ, ਹਾਲਾਂਕਿ ਕੇਰਲ ਦੇ ਵਾਇਨਾਡ ਵਿਚ ਰਾਹੁਲ ਨੂੰ ਜਿੱਤ ਮਿਲੀ। ਕਾਂਗਰਸ ਆਗੂ ਸੋਨੀਆ ਗਾਂਧੀ ਨੇ ਰਾਏਬਰੇਲੀ ਸੀਟ 1,67,170 ਵੋਟਾਂ ਨਾਲ ਜਿੱਤ ਲਈ ਹੈ। ਕਾਂਗਰਸ ਨੂੰ ਪੰਜਾਬ ਤੇ ਕੇਰਲ ਤੋਂ ਛੁੱਟ ਬਾਕੀ ਰਾਜਾਂ ਵਿੱਚ ਜ਼ਬਰਦਸਤ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਧਾਨ ਮੰਤਰੀ ਮੋਦੀ ਵਾਰਾਨਸੀ ਤੋਂ 4 ਲੱਖ 79 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤੇ। ਭਾਜਪਾ ਪ੍ਰਧਾਨ ਅਮਿਤ ਸ਼ਾਹ ਗਾਂਧੀ ਨਗਰ ਸੀਟ ਤੋਂ 5 ਲੱਖ 57 ਹਜ਼ਾਰ ਵੋਟਾਂ ਨਾਲ ਜਿੱਤੇ।

ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਟੀਡੀਪੀ ਆਗੂ ਚੰਦਰਬਾਬੂ ਨਾਇਡੂ ਨੇ ਸੰਸਦੀ ਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਮਿਲੀ ਜ਼ਬਰਦਸਤ ਹਾਰ ਮਗਰੋਂ ਅਸਤੀਫਾ ਦੇ ਦਿੱਤਾ ਹੈ। ਜਗਨਮੋਹਨ ਰੈੱਡੀ ਦੀ ਅਗਵਾਈ ਵਾਲੀ ਵਾਈਐੱਸਆਰ ਕਾਂਗਰਸ ਨੇ ਸੂਬੇ ਵਿੱਚ ਸੰਸਦੀ ਤੇ ਅਸੈਂਬਲੀ ਚੋਣ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਾ ਮੁਜ਼ਾਹਰਾ ਕੀਤਾ ਹੈ। ਭਾਜਪਾ ਪੱਛਮੀ ਬੰਗਾਲ ਤੇ ਉੜੀਸਾ ਵਿੱਚ ਕ੍ਰਮਵਾਰ 19 ਤੇ 5 ਸੀਟਾਂ 'ਤੇ ਲੀਡ ਲੈਣ ਵਿੱਚ ਸਫ਼ਲ ਰਹੀ ਹੈ। ਤ੍ਰਿਣਮੂਲ ਕਾਂਗਰਸ ਨੂੰ ਪੱਛਮੀ ਬੰਗਾਲ ਵਿਚ 22 ਸੀਟਾਂ 'ਤੇ ਸਫ਼ਲਤਾ ਮਿਲੀ ਹੈ। ਦੋ ਸੀਟਾਂ ਕਾਂਗਰਸ ਦੇ ਖ਼ਾਤੇ ਵਿਚ ਗਈ ਹੈ।

ਭਾਜਪਾ ਨੇ ਨਾ ਸਿਰਫ਼ ਹਾਲ ਵਿਚ ਵਿਧਾਨ ਸਭਾ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੇ 3 ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਾਂਗਰਸ ਦਾ ਤਕਰੀਬਨ ਸਫਾਇਆ ਕਰਕੇ ਉਸ ਤੋਂ ਸਿਆਸੀ ਬਦਲਾ ਲਿਆ, ਸਗੋਂ ਪਾਰਟੀ ਦੇ 8 ਸਾਬਕਾ ਮੁੱਖ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਕਈ ਰਾਜਾਂ ਵਿਚੋਂ ਵੀ ਕਾਂਗਰਸ ਦੀ ਸੰਸਦ ਦੇ ਅੰਦਰ ਨੁਮਾਇੰਦਗੀ ਪੂਰੀ ਤਰ੍ਹਾਂ ਖ਼ਤਮ ਹੋ ਗਈ। ਕਾਂਗਰਸ ਲਈ ਚੰਗੀ ਖ਼ਬਰ ਕੇਵਲ ਪੰਜਾਬ ਤੋਂ ਹੀ ਹੈ, ਜਿੱਥੇ ਪਾਰਟੀ ਨੇ 8 ਸੀਟਾਂ 'ਤੇ ਜਿੱਤ ਹਾਸਲ ਕੀਤੀ ਪਰ ਇੱਥੋਂ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਗੁਰਦਾਸਪੁਰ ਸੀਟ ਤੋਂ ਸੰਨੀ ਦਿਓਲ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ।

**ਉੱਤਰ ਪ੍ਰਦੇਸ਼ ਵਿਚ ਮਹਾਂਗੱਠਜੋੜ ਠੁੱਸ-**
ਯੂ.ਪੀ. ਵਿਚ ਮਹਾਂਗੱਠਜੋੜ ਦੀ ਮੁਹਿੰਮ ਸਿਰਫ਼ ਖ਼ਬਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ। ਉੱਤਰ ਪ੍ਰਦੇਸ਼ ਵਿਚ ਸਮਾਜਵਾਦੀ ਤੇ ਬਸਪਾ ਦਾ ਗਠਜੋੜ ਕੇਵਲ 15 ਸੀਟਾਂ ਤੱਕ ਸਿਮਟ ਗਿਆ।

## 2024 ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਉਚਾਈਆਂ 'ਤੇ ਲੈ ਕੇ ਜਾਵਾਂਗੇ-ਮੋਦੀ

**ਦਿੱਲੀ/ਏਟੀ ਨਿਊਜ਼ :** ਭਾਜਪਾ ਦੇ ਮੁੱਖ ਦਫ਼ਤਰ ਵਿਖੇ ਵਿਸ਼ੇਸ਼ ਤੌਰ 'ਤੇ ਆਯੋਜਿਤ ਕੀਤੇ ਗਏ ਧੰਨਵਾਦ ਸਮਾਗਮ ਵਿਚ ਮੋਦੀ ਨੇ ਭਾਜਪਾ ਦੀ ਜਿੱਤ ਨੂੰ ਜਨਤਾ ਦੀ ਜਿੱਤ ਕਰਾਰ ਦਿੰਦਿਆਂ ਕਿਹਾ ਕਿ ਮੌਜੂਦਾ ਚੋਣਾਂ ਕਿਸੇ ਪਾਰਟੀ ਜਾਂ ਉਮੀਦਵਾਰ ਜਾਂ ਨੇਤਾ ਨਹੀਂ ਲੜੇ ਸਗੋਂ ਦੇਸ਼ ਦੀ ਜਨਤਾ ਨੇ ਲੜੀਆਂ ਹਨ। ਇਸ ਲਈ ਇਨ੍ਹਾਂ ਚੋਣਾਂ ਦੀ ਜੇਤੂ ਸਿਰਫ ਜਨਤਾ ਹੈ। 2019 ਲੋਕ ਸਭਾ ਚੋਣਾਂ ਦੇ ਨਤੀਜਿਆਂ ਲਈ ਆਯੋਜਿਤ ਧੰਨਵਾਦ ਸਮਾਗਮ ਵਿਚ ਅਗਲੇ 5 ਸਾਲਾਂ ਦਾ ਖਾਕਾ ਉਲੀਕਦਿਆਂ ਮੋਦੀ ਨੇ ਕਿਹਾ ਕਿ 2024 ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਉਚਾਈਆਂ 'ਤੇ ਲੈ ਕੇ ਜਾਣਾ ਹੈ। ਭਾਜਪਾ ਦੇ ਮੁੱਖ ਦਫ਼ਤਰ ਵਿਚ ਹੀ ਹੋਏ ਸਮਾਗਮ ਵਿਚ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੇ ਆਪਣੇ ਸੰਬੋਧਨ ਵਿਚ ਜਿੱਤ ਦਾ ਸਿਹਰਾ ਪ੍ਰਧਾਨ ਮੰਤਰੀ ਦੇ ਸਿਰ ਬੰਨ੍ਹਿਆ ਤਾਂ ਜਿੱਤ ਤੋਂ ਬਾਗੋ ਬਾਗ ਹੋਏ ਪਾਰਟੀ ਕਾਰਜਕਰਤਾਵਾਂ ਨੇ ਮੋਦੀ ਦੇ ਭਾਸ਼ਣ ਵਿਚ ਕਈ ਵਾਰ ਉਨ੍ਹਾਂ ਦਾ ਨਾਂਅ ਲੈ ਕੇ ਨਾਅਰੇ ਲਾਏ।

## ਵਿਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਲੋਂ ਵਧਾਈ

ਭਾਜਪਾ ਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦੀ ਜਿੱਤ ਲਈ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵਧਾਈ ਦਿੰਦਾ ਹਾਂ। ਦੱਖਣੀ ਏਸ਼ੀਆ ਦੀ ਤਰੱਕੀ, ਸ਼ਾਂਤੀ ਤੇ ਖ਼ੁਸ਼ਹਾਲੀ ਲਈ ਮੈਂ ਭਵਿੱਖ ਵਿਚ ਉਨ੍ਹਾਂ ਨਾਲ ਕੰਮ ਕਰਨ ਦਾ ਇੱਛੁਕ ਹਾਂ।
**-ਇਮਰਾਨ ਖਾਨ, ਪ੍ਰਧਾਨ ਮੰਤਰੀ, ਪਾਕਿਸਤਾਨ**

"ਮੈਂ ਤੁਹਾਡੀ ਜਿੱਤ 'ਤੇ ਤੁਹਾਨੂੰ ਵਧਾਈ ਦਿੰਦਾ ਹਾਂ। ਮੈਨੂੰ ਯਕੀਨ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਤੁਸੀਂ ਰੂਸ ਤੇ ਭਾਰਤ ਦੇ ਲੋਕਾਂ ਦੀ ਸਦੀਆਂ ਪੁਰਾਣੀ ਦੋਸਤੀ ਨੂੰ ਹੋਰ ਮਜ਼ਬੂਤ ਕਰੋਗੇ।"
**-ਵਲਾਦੀਮੀਰ ਪੂਤਿਨ, ਰਾਸ਼ਟਰਪਤੀ, ਰੂਸ**

ਅਮਰੀਕੀ ਰਾਸ਼ਟਰਪਤੀ **ਡੋਨਲਡ ਟਰੰਪ** ਨੇ ਵਧਾਈ ਦਿੰਦੇ ਹੋਏ ਕਿਹਾ, "ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਬੀਜੇਪੀ ਨੂੰ ਵੱਡੀ ਜਿੱਤ ਦੇ ਲਈ ਸ਼ੁਭਕਾਮਨਾਵਾਂ। ਪ੍ਰਧਾਨ ਮੰਤਰੀ ਮੋਦੀ ਦੀ ਵਾਪਸੀ ਨਾਲ ਭਾਰਤ ਅਤੇ ਅਮਰੀਕਾ ਸਾਝੇਦਾਰੀ ਲਈ ਕਾਫੀ ਚੰਗਾ ਹੋਣ ਵਾਲਾ ਹੈ। ਮੈਂ ਸਾਡੇ ਮਹੱਤਵਪੂਰਨ ਕੰਮ ਜਾਰੀ ਰੱਖਣ ਦਾ ਇੱਛੁਕ ਹਾਂ"।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ **ਐਂਟੋਨੀਓ ਗੁਤਾਰੇਸ** ਨੇ ਮੋਦੀ ਨੂੰ ਵਧਾਈ ਦਿੱਤੀ। ਸੰਯੁਕਤ ਰਾਸ਼ਟਰ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ, "ਅਸੀ ਨਤੀਜੇ ਦੇਖੇ ਹਨ। ਅਸੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਕੰਮ ਕਰਨ ਦੇ ਇੱਛੁਕ ਹਾਂ। ਜਨਰਲ ਸਕਤਰ ਅਤੇ ਮੋਦੀ ਵਿਚ ਕਈ ਮੁੱਦਿਆਂ 'ਤੇ ਮਜਬੂਤ ਸੰਬੰਧ ਹਨ"।

ਇਜ਼ਰਾਈਲ ਦੇ ਪ੍ਰਧਾਨ ਮੰਤਰੀ **ਬੇਂਜਾਮਿਨ ਨੇਤਨਯਾਹੂ** ਨੇ ਟਵੀਟ ਕਰ ਪੋਸਟ ਕੀਤਾ, "ਮੇਰੇ ਦੋਸਤ ਨਰੇਂਦਰ ਮੋਦੀ ਤੁਹਾਨੂੰ ਪ੍ਰਭਾਵਸ਼ਾਲੀ ਜਿੱਤ 'ਤੇ ਬਹੁਤ ਵਧਾਈ।

## ਸਿੱਖ 'ਤੇ ਹਮਲਾ ਕਰਨ ਦੇ ਦੋਸ਼ੀ ਨੂੰ ਮਿਲੀ ਅਦਭੁੱਤ ਸਜ਼ਾ

### *ਜੱਜ ਨੇ ਹੁਕਮ ਦਿੱਤਾ ਕਿ ਦੋਸ਼ੀ ਸਿੱਖ ਧਰਮ ਦਾ ਅਧਿਐਨ ਕਰੇ*

**ਸਲੇਮ/ਏਟੀ ਨਿਊਜ਼ :** ਅਮਰੀਕਾ ਦੇ ਆਰੇਗਨ ਸੂਬੇ ਦੇ ਇੱਕ ਵਿਅਕਤੀ ਐਂਡ੍ਰਿਓ ਰਾਮਸੇ ਨੂੰ ਸਿੱਖ ਭਾਈਚਾਰੇ ਦੇ ਇੱਕ ਵਿਅਕਤੀ 'ਤੇ ਹਮਲਾ ਕਰਨ ਦੇ ਦੋਸ਼ ਵਿਚ ਜੱਜ ਨੇ ਅਦਭੁੱਤ ਸਜ਼ਾ ਸੁਣਾਈ ਹੈ। ਦੋਸ਼ੀ ਨੂੰ ਸਜ਼ਾ ਦੇ ਤੌਰ 'ਤੇ ਸਿੱਖ ਧਰਮ ਦਾ ਅਧਿਐਨ ਕਰਨ ਅਤੇ ਉਸ 'ਤੇ ਇੱਕ ਰਿਪੋਰਟ ਪੇਸ਼ ਕਰਨ ਨੂੰ ਕਿਹਾ ਗਿਆ ਹੈ। ਗਵਾਹਾਂ ਅਨੁਸਾਰ ਡੋਡ ਨੇ ਬਿਨਾ ਪਛਾਣ ਪੱਤਰ ਦਿਖਾਏ ਰਾਮਸੇ ਨੂੰ ਸਿਗਰਟ ਵੇਚਣ ਤੋਂ ਮਨ੍ਹਾ ਕਰ ਦਿੱਤਾ ਸੀ। ਇਸ ਤੋਂ ਬਾਅਦ ਰਾਮਸੇ ਨੇ ਡੋਡ ਦੀ ਦਾੜ੍ਹੀ ਖਿੱਚੀ, ਧੱਕਾਮੁੱਕੀ ਕੀਤੀ ਤੇ ਉਹਨਾ ਨੂੰ ਜ਼ਮੀਨ 'ਤੇ ਸੁੱਟ ਦਿੱਤਾ। ਉਥੇ ਮੌਜੂਦ ਲੋਕਾਂ ਨੇ ਪੁਲਸ ਆਉਣ ਤੱਕ ਰਾਮਸੇ ਨੂੰ ਫੜ ਕੇ ਰੱਖਿਆ। 'ਦਿ ਸਟੇਟਸਮੈਨ ਜਰਨਲ' ਨੇ ਆਪਣੀ ਇੱਕ ਖ਼ਬਰ ਵਿਚ ਕਿਹਾ ਕਿ ਮਾਰੀਅਨ ਕਾਊਂਟੀ ਦੇ ਜੱਜ ਲਿੰਡਸੇ ਨੇ ਰਾਮਸੇ ਨੂੰ ਸਮੇਲ ਵਿਚ ਜੂਨ ਵਿੱਚ ਸਾਲਾਨਾ ਸਿੱਖ ਪਰੇਡ ਵਿੱਚ ਸ਼ਾਮਲ ਹੋਣ ਦਾ ਆਦੇਸ਼ ਦਿੱਤਾ ਤੇ ਨਾਲ ਹੀ ਕਿਹਾ ਕਿ ਉਹ ਅਦਾਲਤ ਨੂੰ ਦੱਸੇ ਕਿ ਉਸ ਨੇ ਸਿੱਖ ਭਾਈਚਾਰੇ ਅਤੇ ਉਨ੍ਹਾਂ ਦੀ ਸੰਸਕ੍ਰਿਤੀ ਬਾਰੇ ਵਿਚ ਕੀ ਜਾਣਿਆ ਹੈ।

## ਐੱਨਆਈਏ ਵੱਲੋਂ ਖਾੜਕੂ ਹਰਪਾਲ ਸਿੰਘ ਵਿਰੁਧ ਚਾਰਜਸ਼ੀਟ ਦਾਇਰ

**ਮੁੰਬਈ/ਏਟੀ ਨਿਊਜ਼ :** ਵੱਖਰਾ ਰਾਜ ਖਾਲਿਸਤਾਨ ਬਣਾਉਣ ਦੇ ਉਦੇਸ਼ ਨਾਲ ਸਿੱਖ ਖਾੜਕੂਵਾਦ ਪੈਦਾ ਕਰਨ ਦੇ ਕੇਸ ਵਿੱਚ ਕੌਮੀ ਜਾਂਚ ਏਜੰਸੀ ਨੇ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਮਹਾਰਾਸ਼ਟਰ ਏਟੀਐੱਸ ਨੇ ਇਸ ਸਬੰਧੀ ਪੁਣੇ ਤੋਂ ਹਰਪਾਲ ਸਿੰਘ ਨਾਇਕ ਨੂੰ ਗ੍ਰਿਫਤਾਰ ਕਰਕੇ ਦਸੰਬਰ 2018 ਵਿੱਚ ਕੇਸ ਦਰਜ ਕੀਤਾ ਸੀ। ਏਟੀਐੱਸ ਨੇ ਨਾਇਕ ਤੋਂ ਇੱਕ ਹਥਿਆਰ ਤੇ ਪੰਜ ਕਾਰਤੂਸ ਬਰਾਮਦ ਕੀਤੇ ਸਨ। ਨਾਇਕ ਦੀ ਗ੍ਰਿਫ਼ਤਾਰੀ ਤੋਂ ਕੁੱਝ ਦਿਨ ਬਾਅਦ ਮੋਹਿਉਦੀਨ ਸਿੱਦੀਕੀ ਦੀ ਗ੍ਰਿਫ਼ਤਾਰੀ ਹੋਈ ਸੀ ਅਤੇ ਇਸ ਤੋਂ ਬਾਅਦ ਏਟੀਐੱਸ ਨੇ ਇਹ ਕੇਸ ਐਨਆਈਏ ਨੂੰ ਸੌਂਪ ਦਿੱਤਾ ਸੀ। ਐੱਨਆਈਏ ਦੀ ਜਾਂਚ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਸੀ ਕਿ ਨਾਇਕ, ਸਿੱਦੀਕੀ ਅਤੇ ਭਗੌੜੇ ਮੁਲਜ਼ਮ ਗੁਰਜੀਤ ਸਿੰਘ ਨਿੱਝਰ ਨੇ ਖਾਲਿਸਤਾਨ ਕਾਇਮ ਕਰਨ ਲਈ ਹਿੰਸਕ ਵਾਰਦਾਤ ਦੀ ਸਾਜਿਸ਼ ਘੜੀ ਸੀ। ਜਾਂਚ ਏਜੰਸੀ ਨੇ ਕਿਹਾ ਕਿ ਇਹ ਤਿੰਨੇ ਦੇਸ਼ ਦੀ ਅਖੰਡਤਾ, ਸੁਰੱਖਿਆ ਅਤੇ ਪ੍ਰਭੂਸੱਤਾ ਲਈ ਖਤਰਾ ਹਨ ਤੇ ਸਿੱਖ ਖਾੜਕੂਵਾਦ ਮੁੜ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਇਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ, ਜਗਤਾਰ ਸਿੰਘ ਹਵਾਰਾ ਅਤੇ ਅਪਰੇਸ਼ਨ ਬਲਿਊ ਸਟਾਰ ਦੀਆਂ ਵੀਡੀਓ ਤੇ ਫੋਟੋਆਂ ਦੀ ਵੀ ਆਪਣੇ ਮਕਸਦ ਲਈ ਵਰਤੋਂ ਕਰਦੇ ਸਨ। ਇਸ ਕੇਸ ਵਿੱਚ ਪੰਜਾਬ ਵਾਸੀ ਨਿੱਝਰ ਦੇ ਇਸ ਸਮੇਂ ਸਾਈਪਰਸ ਵਿੱਚ ਹੋਣ ਬਾਰੇ ਪਤਾ ਲੱਗਾ ਹੈ। ਚਾਰਜਸ਼ੀਟ ਵਿੱਚ ਇਨ੍ਹਾਂ ਵਿਰੁੱਧ ਦੇਸ਼ਧ੍ਰੋਹ ਆਰਮਜ਼ ਐਕਟ ਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤਹਿਤ ਪੁਣੇ ਦੀ ਵਿਸ਼ੇਸ਼ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕੀਤਾ ਗਿਆ ਹੈ। ਇਸ ਕੇਸ ਵਿੱਚ ਐਨਆਈਏ ਨੇ ਦਿੱਲੀ ਤੋਂ ਸੁੰਦਰ ਲਾਲ ਪ੍ਰਾਸ਼ਰ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਸ ਨੇ ਸਿੱਦੀਕੀ ਨੂੰ ਦੇਸੀ ਪਿਸਤੌਲ ਦਿੱਤਾ ਸੀ।

### ਡਾ. ਵਿਰਕ ਨਾਲ ਪ੍ਰੋ. ਬਲਵਿੰਦਰਪਾਲ ਸਿੰਘ ਦੀ ਵਿਸ਼ੇਸ਼ ਮੁਲਾਕਾਤ

# "ਪੰਜਾਬ ਦੀ ਆਰਥਿਕਤਾ ਨੂੰ ਬਚਾਉਣ ਲਈ ਸਰਕਾਰ ਖੇਤੀ ਉਦਯੋਗ ਸਥਾਪਤ ਕਰੇ"

ਵਿਸ਼ਵ ਪ੍ਰਸਿੱਧ ਖੇਤੀ ਵਿਗਿਆਨੀ ਡਾ. ਦਲਜੀਤ ਸਿੰਘ ਵਿਰਕ 25 ਅਗਸਤ 1944 ਨੂੰ ਤਾਪਿਆਲਾ, ਅੰਮ੍ਰਿਤਸਰ, ਭਾਰਤ ਵਿਚ ਪੈਦਾ ਹੋਏ। 1955-60 ਦੌਰਾਨ ਹਾਈ ਸਕੂਲ, ਲੋਪੋਕੇ (ਅੰਮ੍ਰਿਤਸਰ), 1964 ਈਸਵੀ ਦੌਰਾਨ ਬੀ.ਐਸ.ਸੀ, ਖਾਲਸਾ ਕਾਲਜ, ਅੰਮ੍ਰਿਤਸਰ, 1966 ਵਿਚ ਐਮ. ਐਸ ਸੀ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ (ਪੀਏਯੂ), 1964-66 ਦੌਰਾਨ ਬਰਮਿੰਘਮ ਯੂਨੀਵਰਸਿਟੀ ਵਿਚ ਪੀਐਚ.ਡੀ. ਕੀਤੀ, 1991 ਦੌਰਾਨ ਇੰਟਰਨੈਸ਼ਨਲ ਕੋਆਰਡੀਨੇਟਰ (ਡੀ ਐੱਫ ਆਈ ਐੱਫ ਪੀ ਐੱਸ ਪੀ ਪ੍ਰਾਜੈਕਟਸ) ਅਤੇ ਸੀਨੀਅਰ ਰਿਸਰਚ ਫੈਲੋ, ਸੈਂਟਰ ਫਾਰ ਅਡਵਾਂਸਡ ਰਿਸਰਚ ਇਨ ਐਗਰੀਕਲਚਰਲ ਡਿਵੈਲਪਮੈਂਟ (ਕੈਰੀਏਡ), ਬੈਂਗਰ ਯੂਨੀਵਰਸਿਟੀ, ਬੈਂਗਰ, ਵੇਲਜ਼, ਯੂਕੇ ਰਹੇ। ਪ੍ਰੋ. ਵਿਰਕ 1966-70 ਐਗਰੀਕਲਚਰਲ ਬੋਟੋਨੀ ਦੇ ਲੈਕਚਰਾਰ, ਖਾਲਸਾ ਕਾਲਜ, ਅੰਮ੍ਰਿਤਸਰ, 1970-78 ਦੌਰਾਨ ਅਸਿਸਟੈਂਟ ਪ੍ਰੋਫੈਸਰ, ਪਲਾਂਟ ਬ੍ਰੀਡਿੰਗ, ਪੀਏਯੂ, ਜੈਨਟਿਕਸ ਵਿਚ ਖੋਜ ਫੈਲੋ, 1976-78 ਬਰਮਿੰਘਮ ਯੂਨੀਵਰਸਿਟੀ, ਯੂ.ਕੇ., 1978-80 ਵਿਚ ਐਸੋਸੀਏਟ ਪ੍ਰੋਫੈਸਰ, ਜੈਨੇਟਿਕਸ, ਪੀਏਯੂ, 1980-88 ਬਾਜਰੇ ਬਰੀਡਰ ਅਤੇ ਬਾਜਰੇ ਸੈਕਸ਼ਨ ਦੇ ਮੁਖੀ, ਪ੍ਰੋਫੈਸਰ, 1988 ਦੌਰਾਨ ਪਲਾਂਟ ਬ੍ਰੀਡਿੰਗ (ਸੀਨੀਅਰ ਮਿਲਲੇ ਬ੍ਰੀਡਰ ਅਤੇ ਮਿਲਟ ਸੈਕਸ਼ਨ ਦਾ ਮੁਖੀ), ਰਹੇ ਹਨ।

ਉਹਨਾਂ ਨੂੰ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼, ਇੰਡੀਆ; ਇੰਡੀਅਨ ਨੈਸ਼ਨਲ ਸਾਇੰਸ ਅਕਾਦਮੀ; ਭਾਰਤ ਦੀ ਫਸਲ ਸੁਧਾਰ ਸੁਸਾਇਟੀ; ਲੰਡਨ ਦੇ ਚਾਰਟਰਡ ਜੀਵਲੋਜਿਸਟ ਅਤੇ ਫੈਲੋ ਸੋਸਾਇਟੀ ਆਫ਼ ਬਾਇਓਲੋਜੀ; ਇੰਡੀਅਨ ਸੁਸਾਇਟੀ ਆਫ ਜੈਨੇਟਿਕਸ ਐਂਡ ਪਲਾਂਟ ਬ੍ਰੀਡਿੰਗ.ਰਿਸਰਚ ਖੇਤਰ: ਪਲਾਂਟ ਪ੍ਰਜਨਨ ਅਤੇ ਜੈਨੇਟਿਕਸ, ਸੋਕੇ ਸਹਿਣਸ਼ੀਲਤਾ ਲਈ ਫਸਲਾਂ ਦੇ ਪ੍ਰਜਨਨ, ਬਾਇਓਮੈਟੈਟਿਕ ਜੈਨੇਟਿਕਸ, ਮਾਰਕਰ-ਐਜਿਸਿਟ ਚੋਣ, ਕਲਾਈਂਟ-ਓਰੀਟਿਡ ਪਲਾਂਟ ਪ੍ਰਜਨਨ ਤੇ ਫੈਲੋਸ਼ਿਪ ਮਿਲੇ ਹਨ। ਗਰੀਬਾਂ ਦੀ ਫੂਡ ਸਕਿਉਰਿਟੀ ਲਈ ਐਵਾਰਡ ਮਿਲੇ।

ਅਪ੍ਰੈਲ 2019 ਦੌਰਾਨ ਪ੍ਰੋਫੈਸਰ ਵਿਰਕ ਨੂੰ ਕੌਮਾਂਤਰੀ ਪੱਧਰ 'ਤੇ ਫਸਲਾਂ ਦਾ ਝਾੜ ਵਧਾਉਣ, ਭੁੱਖਮਰੀ ਦੂਰ ਕਰਨ ਅਤੇ ਡਰਬੀ ਵਿਚ ਸਿੱਖਿਆ ਲਈ ਸੇਵਾਵਾਂ ਲਈ ਓ ਬੀ ਈ (ਆਫ਼ੀਸਰ ਆਫ਼ ਦਿ ਆਰਡਰ ਆਫ ਬ੍ਰਿਟਿਸ਼ ਐਂਪਾਇਰ) ਦੇ ਰਾਣੀ ਵਲੋਂ ਦਿੱਤੇ ਆਨਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਉਹ ਸਾਮਾਜਿਕ ਕੰਮ ਵਿੱਚ ਸ਼ਾਮਲ ਹੈ ਅਤੇ ਸਫਲਤਾਪੂਰਵਕ ਯੂ ਕੇ ਸਰਕਾਰ ਦੁਆਰਾ ਫੰਡ ਕੀਤੇ ਸਿੱਖ ਧਰਮ ਨੂੰ ਮੁਫ਼ਤ ਸਕੂਲ- ਪ੍ਰਾਇਮਰੀ ਸਕੂਲ, ਡਰਬੀ, ਯੂਕੇ ਦੇ ਉਦਘਾਟਨ ਦੀ ਅਗਵਾਈ ਕੀਤੀ ਹੈ। ਬੀਤੇ ਦਿਨੀਂ ਉਹਨਾਂ ਨਾਲ ਵਿਸ਼ੇਸ਼ ਗੱਲਬਾਤ ਹੋਈ ਹੈ, ਜਿਸ ਦੇ ਪ੍ਰਮੁਖ ਅੰਸ਼ ਪਾਠਕਾਂ ਲਈ ਪੇਸ਼ ਹਨ-



**? ਤੁਹਾਡੀ ਖੇਤੀ ਵਿਗਿਆਨ ਬਾਰੇ ਕੀ ਦੇਣ ਹੈ ?**

ਜੁਆਬ-ਮੈਂ 4694 ਪਲਾਂਟ ਵਿਗਿਆਨ ਪ੍ਰੋਜੈਕਟ ਦੇ ਅੰਤਰਰਾਸ਼ਟਰੀ ਕੋਰਡੀਨੇਟਰ ਰਿਹਾਂ ਅਤੇ ਭਾਰਤ ਅਤੇ ਅਫਰੀਕਾ ਦੀਆਂ ਕਈ ਯੂਨੀਵਰਸਿਟੀਆਂ ਅਤੇ ਹੋਰ ਅੰਤਰਰਾਸ਼ਟਰੀ ਖੋਜ ਸੰਸਥਾਵਾਂ ਜਿਵੇਂ IRRI ਅਤੇ CIMMY" ਦੇ ਸਹਿਯੋਗ ਨਾਲ ਪਲਾਂਟ ਬਰੀਡਿੰਗ ਦੇ ਤਰੀਕਿਆਂ ਵਿਚ ਕੁਸ਼ਲਤਾ ਅਤੇ ਵੱਖ ਵੱਖ ਕਿਸਮਾਂ ਦੀਆਂ ਫਸਲਾਂ ਦੇ ਪੌਦੇ ਜਿਵੇਂ ਬਾਜਰਾ, ਚਾਵਲ, ਮੱਕੀ, ਕਣਕ ਆਦਿ ਦੀ ਖੋਜ ਕੀਤੀ। ਬੰਗਲਾਦੇਸ, ਨੇਪਾਲ ਵਿਚ ਪੀ-ਵਾਈ-84 ਚਾਵਲਾਂ ਦੀ ਵਰਾਇਟੀ ਦਿੱਤੀ। ਇੰਡੀਆ ਵਿਚ ਇਸ ਦਾ ਨਾਮ ਬੀਬੀਡੀ-111 ਨਾਮ ਰੱਖਿਆ।

ਛੋਟੇ ਕਿਸਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਏਸ਼ੀਆ ਅਤੇ ਅਫਰੀਕਾ ਦੇ ਖੇਤਰਾਂ ਵਿਚ ਬਾਰਿਸ਼ 'ਤੇ ਨਿਰਭਰ ਸਥਾਨਾਂ ਅਨੁਸਾਰ ਨਵੇਂ ਬੀਜਾਂ ਦੀ ਖੋਜ ਕੀਤੀ। ਉਦਾਹਰਣ ਦੇ ਤੌਰ 'ਤੇ ਪੂਰਬੀ ਅਤੇ ਪੱਛਮੀ ਭਾਰਤ ਦੇ ਬਾਰਿਸ਼ 'ਤੇ ਨਿਰਭਰ ਅਤੇ ਗਰੀਬ ਕਬੀਲਿਆਂ ਦੇ ਜੀਵਨ ਨੂੰ ਧਿਆਨ ਵਿਚ ਰੱਖਦੇ ਹੋਏ, ਨਵੀਂ ਉਪਜਾਊ ਚਾਵਲਾਂ ਦੀਆਂ ਕਿਸਮਾਂ (ਅਸ਼ੋਕਾ 2006 ਅਤੇ ਅਸ਼ੋਕਾ 228) ਦੀ ਖੋਜ ਉਹਨਾਂ ਦੀ ਟੀਮ ਵੱਲੋਂ ਕੀਤੀ ਗਈ। ਇਹ ਸੋਕਾਗ੍ਰਸਿਤ ਸਥਾਨ ਸਨ। ਇੱਥੇ ਝੋਨੇ ਦੀ ਅਜਿਹੀ ਫਸਲ ਪੈਦਾ ਕਰਕੇ ਦਿੱਤੀ, ਜਿੱਥੇ ਪਾਣੀ ਦੀ ਨਾ-ਮਾਤਰ ਲੋੜ ਸੀ। ਇਸ ਤੋਂ ਇਲਾਵਾ 350 ਤੋਂ ਜ਼ਿਆਦਾ ਪੇਪਰ ਅਤੇ ਪਲਾਂਟ ਬਰੀਡਿੰਗ ਕਿਤਾਬਾਂ ਪਬਲਿਸ਼ ਕੀਤੀਆਂ। ਯੂ.ਕੇ. ਸਰਕਾਰ ਦੇ ਸਹਿਯੋਗ ਨਾਲ ਸਿੱਖ ਸਕੂਲ- ਅਕਾਲ ਪ੍ਰਾਇਮਰੀ ਸਕੂਲ ਡਰਬੀ ਖੋਲ੍ਹਿਆ ਗਿਆ। ਇਸ ਵਿਚ ਗੋਰੇ ਤੇ ਹੋਰ ਨਸਲਾਂ ਦੇ ਲੋਕ ਸਿੱਖ ਵਿਦਿਆਰਥੀਆਂ ਨਾਲ ਪੜ੍ਹਦੇ ਹਨ ਤੇ ਇਥੇ ਸਿੱਖ ਕਲਚਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।

**? ਪੰਜਾਬ ਦੀ ਖੇਤੀ ਸੰਕਟ ਦਾ ਕੀ ਹੱਲ ਹੈ ?**

ਜੁਆਬ-ਪੰਜਾਬ ਦਾ ਖੇਤੀ ਖੇਤਰ ਘੋਰ ਸੰਕਟ ਦਾ ਸ਼ਿਕਾਰ ਹੈ। ਖੇਤੀ ਆਮਦਨ ਉਨ੍ਹਾਂ ਦੇ ਖਰਚੇ ਪੂਰਾ ਨਹੀਂ ਕਰਦੀ। ਪਿਛਲੇ 15-16 ਸਾਲਾਂ ਵਿਚ 16606 ਤੋਂ ਵੱਧ ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹਤਿਆ ਕਰ ਚੁੱਕੇ ਹਨ। ਇਨ੍ਹਾਂ ਵਿਚ 61 ਪ੍ਰਤੀਸ਼ਤ ਆਤਮ-ਹਤਿਆਵਾਂ ਕਿਸਾਨਾਂ ਅਤੇ 39 ਪ੍ਰਤੀਸ਼ਤ ਖੇਤ ਮਜ਼ਦੂਰਾਂ ਦੀਆਂ ਹਨ। ਭਾਰਤ ਦੇ ਹੋਰ ਇਲਾਕਿਆਂ ਜਿਵੇਂ ਮੱਧ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ, ਕੇਰਲ, ਕਰਨਾਟਕਾ, ਆਂਧਰਾ ਪ੍ਰਦੇਸ਼ ਵਿਚ ਕਿਸਾਨਾਂ ਦੇ ਸਮੂਹ (ਸਹਿਕਾਰੀ ਸੰਗਠਨ, ਕਿਸਾਨਾਂ ਦੇ ਉਤਪਾਦਨ ਸੰਗਠਨ, ਗਰੁੱਪ ਖੇਤੀ) ਬਾਰੇ ਪੰਜਾਬ ਨੂੰ ਕੋਈ ਖਾਸ ਤਜਰਬਾ ਪਿਛਲੇ 25-30 ਸਾਲਾਂ ਤੋਂ ਨਹੀਂ ਹੋ ਰਿਹਾ। ਖੇਤੀ ਮਾਡਲ ਨੇ ਪੰਜਾਬ ਦੀ ਜ਼ਮੀਨ ਖਰਾਬ ਕਰ ਦਿੱਤੀ ਹੈ। ਜ਼ਮੀਨ ਹੇਠਲਾ ਪਾਣੀ ਕਾਫੀ ਹੱਦ ਤੱਕ ਮੁਕਾ ਦਿੱਤਾ ਹੈ, ਕਣਕ ਝੋਨੇ 'ਤੇ ਆਧਾਰਿਤ ਸੂਬੇ ਦੇ ਫਸਲੀ ਚੱਕਰ ਦੀ ਕੌਮੀ ਪਧਰ 'ਤੇ ਲੋੜ ਖਤਮ ਹੋ ਗਈ ਹੈ ਅਤੇ ਜਲਵਾਯੂ ਦੇ ਬਦਲਾਓ ਕਾਰਨ ਤੇ ਮੰਡੀ ਦੇ ਵਧ ਰਹੇ ਜੋਖ਼ਿਮ ਕਾਰਨ ਖੇਤੀ ਵਿਚ ਅਨਿਸਚਿਤਤਾ ਕਾਫੀ ਵਧ ਗਈ। ਇਸ ਸੰਬੰਧ ਵਿਚ ਘੱਟ ਪਾਣੀ ਵਰਤੋਂ ਵਾਲੀਆਂ ਫਸਲਾਂ ਝੋਨਾ, ਕਣਕ ਦੀ ਜ਼ਰੂਰਤ ਹੈ। ਪੰਜਾਬ ਵਿਚ ਵੱਧ ਤੋਂ ਵੱਧ ਖੇਤੀ ਆਧਾਰਿਤ ਉਦਯੋਗ ਸਥਾਪਤੀ ਲਈ ਸਰਕਾਰ ਵਲੋਂ ਵਿਸ਼ੇਸ਼ ਯਤਨ ਆਰੰਭੇ ਜਾਣ ਦੀ ਸਖ਼ਤ ਲੋੜ ਹੈ, ਜੋ ਨਿਸਚਿਤ ਰੂਪ ਵਿਚ ਸੂਬੇ ਦੀ ਖੇਤੀ ਅਤੇ ਅਰਥ-ਵਿਵਸਥਾ ਦੋਵਾਂ ਲਈ ਉਪਯੋਗੀ ਸਿੱਧ ਹੋ ਸਕਦੇ ਹਨ। ਇੰਪੋਰਟ ਤੇ ਐਕਸਪੋਰਟ ਖੇਤੀ ਪ੍ਰੋਡਕਟਾਂ ਲਈ ਸਰਕਾਰ ਨੂੰ ਨੀਤੀ ਘੜਨ ਦੀ ਲੋੜ ਹੈ। ਇਸ ਸੰਬੰਧੀ ਪਾਕਿਸਤਾਨ ਨਾਲ ਵੀ ਵਪਾਰ ਲਾਹੇਵੰਦ ਹੋ ਸਕਦਾ ਹੈ। ਪਰ ਇਸ ਸੰਬੰਧ ਵਿਚ ਸਰਕਾਰਾਂ ਨੂੰ ਉਪਰਾਲੇ ਕਰਨ ਦੀ ਲੋੜ ਹੈ। ਸਰਕਾਰਾਂ ਤੋਂ ਬਿਨਾਂ ਕੋਈ ਕਾਰਵਾਈ ਸਿਰੇ ਨਹੀਂ ਚੜ੍ਹ ਸਕਦੀ। ਮੁਫ਼ਤ ਬਿਜਲੀ ਖਤਮ ਕਰਨ ਦੀ ਲੋੜ ਹੈ, ਨਹੀਂ ਤਾਂ ਪੰਜਾਬ ਦਾ ਪਾਣੀ ਨਹੀਂ ਬਚੇਗਾ।

## ਪੰਜਾਬ ਦੀ ਧਰਤੀ, ਖੇਤੀ ਤੇ ਪਾਣੀ ਨੂੰ ਬਚਾਉਣ ਲਈ ਕੈਪਟਨ ਸਰਕਾਰ ਡਾ. ਵਿਰਕ ਦਾ ਸਹਿਯੋਗ ਕਰੇ-ਖਾਲਸਾ

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਦੇ ਘਰ ਉੱਘੇ ਵਿਸ਼ਵ ਪ੍ਰਸਿੱਧ ਸਾਇੰਸਦਾਨ ਤੇ ਵਿੱਦਿਅਕ ਖੇਤਰ ਵਿਚ ਨਾਮ ਕਮਾਉਣ ਵਾਲੇ ਪ੍ਰੋ: ਦਲਜੀਤ ਸਿੰਘ ਵਿਰਕ ਉਹਨਾਂ ਦੇ ਨਿਵਾਸ ਸਥਾਨ ਆਏ। ਖਾਲਸਾ ਨੇ ਦੱਸਿਆ ਕਿ ਡਾ. ਵਿਰਕ ਨੇ ਪੂਰੇ ਵਿਸ਼ਵ ਵਿਚ ਸਿਖੀ ਦਾ ਨਾਮ ਰੋਸ਼ਨ ਕੀਤਾ ਹੈ। ਉਹਨਾਂ ਨੂੰ ਰਾਸ਼ਟਰੀ ਮੈਰਿਟ ਸਕਾਲਰਸ਼ਿਪ, ਸਰਕਾਰੀ ਭਾਰਤ ਦਾ 1964-66; ਬਰਮਿੰਘਮ ਯੂਨੀਵਰਸਿਟੀ ਵਿਚ 1973-76 ਵਿਚ ਯੂ.ਕੇ. ਲਈ ਕਾਮਨਵੈਲਥ ਸਕਾਲਰਸ਼ਿਪ; ਬਰਮਿੰਘਮ ਯੂਨੀਵਰਸਿਟੀ ਵਿਖੇ 1851 ਦੇ ਪ੍ਰਦਰਸ਼ਨੀ ਲਈ ਰਾਇਲ ਕਮਿਸ਼ਨ ਦੀ ਪੋਸਟਡਾਟਰਲ ਫੈਲੋਸ਼ਿਪ, ਪ੍ਰੋ. ਐਮ. ਜੇ. ਨਰਸਿਮਹਨ ਅਕਾਦਮਿਕ ਮੈਰਿਟ ਐਵਾਰਡ, 1982, ਬੇਸਟ ਪੇਪਰ ਅਵਾਰਡ 1993, ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ 1994, ਸੰਪਾਦਕ ਕਰੋਪ ਇੰਪਰਸਟਮੈਂਟ 1987-93, ਜੇ. ਕ੍ਰੋਪ ਇੰਪਰੂਵੈਂਸ਼ਨ ਹੌਰਥ ਪ੍ਰੈਸ 2004 ਦੇ ਸੰਪਾਦਕੀ ਬੋਰਡ ਤੇ ਤਾਰੀਖ; ਆਈਐਸਆਰਐਨ ਐਗਰੋਨੌਮੀ ਜੇ. ਦੇ ਸੰਪਾਦਕ ਬੋਰਡ ਨੂੰ 2011 ਦੌਰਾਨ ਮਿਲ ਚੁੱਕੇ ਹਨ। ਡਾ. ਵਿਰਕ ਨੂੰ ਬ੍ਰਿਟਿਸ਼ ਸਰਕਾਰ ਵਲੋਂ ਮਹਾਰਾਣੀ ਬਰਤਾਨੀਆ ਨੇ 4 ਅਪ੍ਰੈਲ 2019 ਨੂੰ ਸਨਮਾਨਿਆ ਸੀ। ਡਾ: ਵਿਰਕ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਅਤੇ ਬੈਂਗਰ ਯੂਨੀਵਰਸਿਟੀ ਵੇਲਜ਼ ਵਿਚ ਪ੍ਰੋਫੈਸਰ ਵਜੋਂ ਖੋਜਾਂ ਜਾਰੀ ਰੱਖੀਆਂ ਜਿਸ ਵਿਚ ਝੋਨਾ, ਮੱਕੀ, ਬਾਜਰਾ ਅਤੇ ਕਣਕ ਦੀਆਂ ਦਰਜਨਾਂ ਨਵੀਆਂ ਕਿਸਮਾਂ ਵਿਕਸਤ ਕਰਕੇ ਦੱਖਣੀ ਏਸ਼ੀਆ ਅਤੇ ਅਫ਼ਰੀਕਾ ਦੇ ਕਈ ਦੇਸ਼ਾਂ ਦੇ ਗ਼ਰੀਬ ਕਿਸਾਨਾਂ ਦੀ ਬਿਹਤਰੀ ਕੀਤੀ। ਭਾਰਤ ਦੇ ਗਰੀਬ ਪ੍ਰਾਂਤਾਂ ਬਿਹਾਰ, ਮੱਧ ਪ੍ਰਦੇਸ਼, ਛਤੀਸਗੜ, ਤ੍ਰਿਪੁਰਾ ਆਦਿ ਦੀ ਭੁੱਖਮਰੀ ਦੂਰ ਕੀਤੀ। ਖਾਲਸਾ ਨੇ ਕਿਹਾ ਕਿ ਪੰਜਾਬ ਵਿਚ ਵੀ ਉਹ ਕਿਸਾਨਾਂ ਨੂੰ ਪਾਣੀ ਮੁਕਤ ਝੋਨਾ ਦੇ ਕੇ ਪੰਜਾਬ ਦਾ ਪਾਣੀ ਬਚਾ ਸਕਦੇ ਹਨ ਤੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਦੇ ਹਨ। ਖਾਲਸਾ ਨੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਕਿ ਉਹ ਇਸ ਮਹਾਨ ਸਾਇੰਸਦਾਨ ਦੇ ਸਹਿਯੋਗ ਨਾਲ ਉਪਰਾਲੇ ਕਰਕੇ ਪੰਜਾਬ ਦੀ ਖੇਤੀ ਤੇ ਧਰਤੀ ਨੂੰ ਬਚਾਉਣ ਤੇ ਇਸ ਮਹਾਨ ਸਾਇੰਸਦਾਨ ਦੀ ਯੋਗਤਾ ਨੂੰ ਪੰਜਾਬ ਦੇ ਹਿੱਤਾਂ ਲਈ ਅਪਨਾਉਣ। ਉਹਨਾਂ ਕਿਹਾ ਕਿ ਇਸ ਮਹਾਨ ਸਿੱਖ ਦੇ ਉੱਦਮ ਕਾਰਨ ਪੰਜਾਬ ਦੀ ਆਰਥਿਕਤਾ ਮਜਬੂਤ ਹੋ ਸਕਦੀ ਹੈ ਤੇ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਰੁਕ ਸਕਦੀਆਂ ਹਨ ਜੇ ਪੰਜਾਬ ਸਰਕਾਰ ਨਿਰਛਲ ਹੋਕੇ ਇਮਾਨਦਾਰੀ ਨਾਲ ਡਾ. ਵਿਰਕ ਨੂੰ ਸਹਿਯੋਗ ਦੇਵੇ। ਜਥੇਦਾਰ ਖਾਲਸਾ ਨੇ ਇਸ ਦੌਰਾਨ ਆਪਣੇ ਗ੍ਰਹਿ ਵਿਖੇ ਮੈਡਲ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨ ਕੀਤਾ। ਉਹਨਾਂ ਦੇ ਨਾਲ ਉਹਨਾਂ ਦੇ ਸਾਥੀ ਪ੍ਰੋ. ਬਲਵਿੰਦਰਪਾਲ ਸਿੰਘ ਮੌਜੂਦ ਸਨ, ਜਿਹਨਾਂ ਨੇ ਕਿਹਾ ਕਿ ਡਾ. ਵਿਰਕ ਦੀ ਯੋਗਤਾ ਤੇ ਸਹਿਯੋਗ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਤੇ ਪੰਜਾਬ ਦੀ ਖੇਤੀ ਨੂੰ ਬਚਾਉਣ ਤੇ ਆਰਥਿਕਤਾ ਮਜ਼ਬੂਤ ਕਰਨ ਵਿਚ ਅਹਿਮ ਯੋਗਦਾਨ ਪਾ ਸਕਦੀ ਹੈ। ਇਸ ਸੰਬੰਧ ਵਿਚ ਕੈਪਟਨ ਤੇ ਕੇਂਦਰ ਸਰਕਾਰ ਨੂੰ ਪੂਰੇ ਭਾਰਤ ਵਿਚ ਸਹਿਯੋਗ ਕਰਨਾ ਚਾਹੀਦਾ ਹੈ।

ਇਸ ਦੌਰਾਨ ਡਾ. ਵਿਰਕ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਨੂੰ ਬਚਾਉਣ ਦਾ ਇਕੋ ਇਕ ਰਾਹ ਕਿਸਾਨੀ ਨੂੰ ਮਜ਼ਬੂਤ ਕਰਨਾ ਹੈ, ਕਿਉਂਕਿ ਕਿਸਾਨੀ ਹੀ ਪੰਜਾਬ ਦੀ ਆਰਥਿਕਤਾ ਦਾ ਆਧਾਰ ਹੈ। ਇਸ ਸੰਬੰਧ ਵਿਚ ਪੰਜਾਬ ਸਰਕਾਰ ਨੂੰ ਖੇਤੀ ਉਦਯੋਗ ਲਿਆਉਣਾ ਚਾਹੀਦਾ ਹੈ ਤੇ ਇਪੋਰਟ ਤੇ ਐਕਸਪੋਰਟ ਵਿਸ਼ਵ ਪੱਧਰ 'ਤੇ ਕਰਨ ਦੀ ਸਹੂਲਤ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਦਾ ਕਿਸਾਨ ਮਜ਼ਬੂਤ ਹੋ ਸਕੇ ਤੇ ਪੰਜਾਬ ਦੀ ਬੇਰੁਜ਼ਗਾਰੀ ਰੁਕ ਸਕੇ। ਉਹਨਾਂ ਇਹ ਵੀ ਕਿਹਾ ਕਿ ਪੰਜਾਬ ਦਾ ਪਾਣੀ ਬਚਾਉਣ ਦੇ ਲਈ ਝੋਨੇ ਦੀ ਉਹ ਕਿਸਮ ਵਰਤੋਂ ਵਿਚ ਲਿਆਉਣੀ ਚਾਹੀਦੀ ਹੈ, ਜਿਸ ਲਈ ਪਾਣੀ ਦੀ ਨਾ-ਮਾਤਰ ਲੋੜ ਹੋਵੇ।

# ਡਾਕਟਰ ਭਾਈ ਜੋਧ ਸਿੰਘ

ਰਣਬੀਰ ਸਿੰਘ ਮਹਿਮੀ

ਪੋਠੋਹਾਰ ਦੇ ਇਕ ਗ਼ਰੀਬ ਘਰਾਣੇ ਵਿਚ ਪੈਦਾ ਹੋਏ ਤੇ ਪੰਜਾਬੀ ਦੁਨੀਆ ਵਿਚ ਚਮਕਦੇ ਰਹਿਣ ਵਾਲੇ ਸਿਤਾਰੇ ਡਾਕਟਰ ਭਾਈ ਜੋਧ ਸਿੰਘ ਦਾ ਜਨਮ 31 ਮਈ, 1882 ਨੂੰ ਪਿੰਡ ਘੁੰਗਰੀਲਾ, ਤਹਿਸੀਲ ਗੁੱਜਰਖਾਨ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਬਖ਼ਸ਼ੀ ਰਾਮ ਸੀ, ਜੋ ਇੱਕ ਸਰਕਾਰੀ ਪਟਵਾਰੀ ਦੀ ਸੇਵਾ ਨਿਭਾਅ ਰਹੇ ਸਨ। ਜਦੋਂ ਭਾਈ ਜੋਧ ਸਿੰਘ ਦੋ ਹੀ ਵਰ੍ਹਿਆਂ ਦੇ ਸਨ ਤਾਂ ਉਹ ਪਿਤਾ ਵੱਲੋਂ ਮਿਲਣ ਵਾਲੇ ਪਿਆਰ ਤੋਂ ਵਾਂਝੇ ਹੋ ਗਏ। ਡਾਕਟਰ ਸਾਹਿਬ ਦੇ ਪਾਲਣ-ਪੋਸ਼ਣ ਦਾ ਫ਼ਰਜ਼ ਉਨ੍ਹਾਂ ਦੇ ਬਜ਼ੁਰਗ ਦਾਦਾ ਜੀ ਨੇ ਨਿਭਾਇਆ।

ਪ੍ਰਾਇਮਰੀ ਤੱਕ ਦੀ ਸਿੱਖਿਆ ਆਪ ਨੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਆਪ ਇਸ ਪ੍ਰਾਇਮਰੀ ਸਕੂਲ ਵਿੱਚੋਂ ਰਾਵਲਪਿੰਡੀ ਜ਼ਿਲ੍ਹੇ ਵਿੱਚ ਪਹਿਲੇ ਸਥਾਨ 'ਤੇ ਰਹੇ। ਇਸ ਤੋਂ ਬਾਅਦ ਉਹ ਰਾਵਲਪਿੰਡੀ ਦੇ ਮਿਸ਼ਨ ਹਾਈ ਸਕੂਲ ਵਿੱਚ ਦਾਖ਼ਲ ਹੋ ਗਏ। ਦਸਵੀਂ ਦੀ ਪ੍ਰੀਖਿਆ 1898 ਨੂੰ ਯੂਨੀਵਰਸਿਟੀ ਵਿੱਚੋਂ ਅਵੱਲ ਰਹਿ ਕੇ ਪਾਸ ਕੀਤੀ। ਸੰਨ 1900 ਵਿੱਚ ਉਨ੍ਹਾਂ ਨੇ ਪੀ.ਡਬਲਿਊ.ਡੀ. ਵਿੱਚ ਅਕਾਊਂਟੈਂਟ ਦਾ ਇਮਤਿਹਾਨ ਪਾਸ ਕੀਤਾ ਤੇ ਫਿਰ ਉਨ੍ਹਾਂ ਨੇ ਇੱਕ ਡਾਕਖਾਨੇ ਵਿੱਚ ਨੌਕਰੀ ਕੀਤੀ। ਇਸ ਤੋਂ ਬਿਨਾ ਉਨ੍ਹਾਂ ਨੇ ਟਰਾਂਸਪੋਰਟ ਕਲਰਕੀ ਦੀ ਵੀ ਸੇਵਾ ਨਿਭਾਈ।



ਉਹ ਸੰਨ 1902 ਦੇ ਸ਼ੁਰੂ ਵਿੱਚ ਅੰਮ੍ਰਿਤਸਰ ਆ ਗਏ। ਇੱਥੇ ਉਨ੍ਹਾਂ ਨੇ ਸੁੰਦਰ ਸਿੰਘ ਮਜੀਠੀਆ ਦੇ ਸਪੁੱਤਰਾਂ ਨੂੰ ਟਿਊਸ਼ਨ ਪੜ੍ਹਾ ਕੇ ਆਪਣੀ ਰੋਜ਼ੀ ਕਮਾਉਣੀ ਸ਼ੁਰੂ ਕੀਤੀ। ਜੂਨ 1902 ਵਿੱਚ ਇਨ੍ਹਾਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ 'ਚ ਦਾਖ਼ਲਾ ਲਿਆ। ਇੱਥੇ ਉਨ੍ਹਾਂ ਨੇ ਬੀਏ. ਦੀ ਪ੍ਰੀਖਿਆ ਪੰਜਾਬ ਭਰ ਵਿਚ ਪਹਿਲੇ ਦਰਜੇ 'ਤੇ ਰਹਿ ਕੇ ਪਾਸ ਕੀਤੀ। ਇਸੇ ਸਾਲ ਹੀ ਵਿਸਾਖੀ ਦੇ ਮੌਕੇ ਅੰਮ੍ਰਿਤਸਰ ਵਿਚ ਮਹਾਰਾਜਾ ਪਟਿਆਲਾ ਵੱਲੋਂ ਕਰਵਾਏ ਗਏ ਇਕ ਖ਼ਾਸ ਸਮਾਗਮ ਵਿਚ ਇੱਕ ਹੀਰੇ ਦੀ ਮੁੰਦਰੀ ਆਪ ਜੀ ਨੂੰ ਇਨਾਮ ਵਜੋਂ ਦਿੱਤੀ ਗਈ। ਉਨ੍ਹਾਂ ਨੂੰ ਸੰਨ 1905 ਵਿੱਚ ਖ਼ਾਲਸਾ ਕਾਲਜ ਵਿੱਚ ਧਾਰਮਿਕ ਵਿਸ਼ੇ ਦੇ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਉਨ੍ਹਾਂ ਨੇ ਸੰਨ 1906 ਵਿਚ ਐਮ.ਏ. (ਗਣਿਤ) ਦੇ ਇਮਤਿਹਾਨ ਵਿੱਚੋਂ ਇੱਕ ਵਾਰ ਫਿਰ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

ਖ਼ਾਲਸਾ ਕਾਲਜ ਵਿਚ ਬਤੌਰ ਧਾਰਮਿਕ ਪ੍ਰੋਫੈਸਰ ਆਪ ਨੇ ਅਜੇ 7 ਸਾਲ ਹੀ ਪੂਰੇ ਕੀਤੇ ਸਨ ਕਿ ਇਸ ਕਾਲਜ ਦਾ ਪ੍ਰਬੰਧ ਸਰਕਾਰ ਨੇ ਆਪਣੇ ਹੱਥਾਂ ਵਿਚ ਲੈ ਲਿਆ। ਉਸ ਸਮੇਂ ਦੀ ਸਰਕਾਰ ਇਨ੍ਹਾਂ ਦੇ ਵਿਚਾਰਾਂ ਤੋਂ ਘ੍ਰਿਣਾ ਕਰਨ ਲੱਗ ਪਈ ਅਤੇ ਉਨ੍ਹਾਂ ਨੂੰ 'ਤੇ ਬਾਗ਼ੀਆਨਾ ਪ੍ਰਚਾਰ ਦਾ ਦੋਸ਼ ਮੜ੍ਹ ਕੇ ਕਾਲਜ ਵਿੱਚੋਂ ਕੱਢ ਦਿੱਤਾ ਗਿਆ। ਆਪ ਨੇ ਸੰਨ 1913 ਵਿੱਚ ਲਾਇਲਪੁਰ ਵਿਖੇ ਮੁੱਖ ਅਧਿਆਪਕ ਦਾ ਅਹੁਦਾ ਸੰਭਾਲਿਆ। ਇੱਥੇ ਸਾਢੇ ਪੰਜ ਸਾਲ ਬਿਤਾਉਣ ਮਗਰੋਂ ਆਪ ਨੇ ਖ਼ਾਲਸਾ ਕਾਲਜ ਗੁੱਜਰਾਂਵਾਲਾ ਵਿਖੇ ਬਤੌਰ ਪ੍ਰਿੰਸੀਪਲ ਦੀ ਪਦਵੀ ਸੰਭਾਲੀ। ਇੱਥੇ ਪ੍ਰਬੰਧਕ ਕਮੇਟੀ ਨਾਲ ਕੁਝ ਮਤਭੇਦ ਹੋ ਜਾਣ ਕਾਰਨ ਆਪ ਨੂੰ ਇਸ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਫਿਰ ਅੰਮ੍ਰਿਤਸਰ ਆ ਕੇ ਉਹ ਕੁਝ ਸਮਾਂ ਖ਼ਾਲਸਾ ਐਡਵੋਕੇਟ (ਅੰਗਰੇਜ਼ੀ ਸਪਤਾਹਿਕ) ਅਤੇ ਖ਼ਾਲਸਾ (ਰੋਜ਼ਾਨਾ ਪੰਜਾਬੀ) ਨਾਲ ਪੱਤਰਕਾਰੀ ਅਤੇ ਇਤਿਹਾਸ ਵਿਚ ਇੱਕ ਮੀਲ ਪੱਥਰ ਸਥਾਪਤ ਕਰ ਗਏ।

ਖ਼ਾਲਸਾ ਕਾਲਜ ਦਾ ਪ੍ਰਬੰਧ ਸੰਨ 1923 ਵਿਚ ਫਿਰ ਸਿੱਖਾਂ ਨੇ ਆਪਣੇ ਹੱਥਾਂ ਵਿੱਚ ਲੈ ਲਿਆ। ਗਿਆਰਾਂ ਸਾਲਾਂ ਬਾਅਦ ਫਿਰ ਡਾ. ਜੋਧ ਸਿੰਘ ਨੂੰ ਕਾਲਜ ਦਾ ਪ੍ਰਿੰਸੀਪਲ ਬਣਾ ਦਿੱਤਾ ਗਿਆ ਅਤੇ ਆਪ ਨੇ ਇੱਥੇ ਸੰਨ 1952 ਤਕ ਪ੍ਰੋਫੈਸਰ, ਪ੍ਰਬੰਧਕ ਅਤੇ ਪ੍ਰਿੰਸੀਪਲ ਦੀ ਸੇਵਾ ਨਿਭਾਈ। ਤਿੰਨ ਵਾਰ ਆਪ ਨੂੰ ਸਿੱਖ ਐਜੂਕੇਸ਼ਨ ਕਾਨਫਰੰਸ ਦਾ ਪ੍ਰਧਾਨ ਬਣਨ ਦਾ ਮੌਕਾ ਮਿਲਿਆ। ਆਪ 30 ਸਾਲ ਦੇ ਕਰੀਬ ਪੰਜਾਬ ਯੂਨੀਵਰਸਿਟੀ ਦੇ ਫੈਲੋ ਤੇ ਕੋਈ 19 ਸਾਲ ਇਸੇ ਹੀ ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨਿਟ ਦੇ ਪ੍ਰਤੀਨਿਧ ਰਹੇ। ਰਾਜਸੀ ਦੁਨੀਆ ਵਿਚ ਵੀ ਭਾਈ ਜੋਧ ਸਿੰਘ ਦਾ ਨਾਂ ਕੋਈ ਘੱਟ ਮਾਣਯੋਗ ਨਹੀਂ। ਭਾਈ ਜੋਧ ਸਿੰਘ ਨੇ ਸਿੰਘ ਸਭਾ ਲਹਿਰ ਤੇ ਚੀਫ ਖ਼ਾਲਸਾ ਦੀਵਾਨ ਦੀਆਂ ਨੀਂਹਾਂ ਤਾਂ ਪੱਕੀਆਂ ਕੀਤੀਆਂ ਹੀ, ਸਗੋਂ ਪੰਜਾਬ ਦੀ ਹਰ ਲਹਿਰ ਵਿਚ ਪਾਰਟੀ ਨੂੰ ਆਪਣੀ ਸੂਝਬੂਝ ਤੇ ਖਿਆਲਾਂ ਮੁਤਾਬਕ ਚਲਾਉਣ ਵਿਚ ਸਫ਼ਲਤਾ ਪ੍ਰਾਪਤ ਕੀਤੀ। ਆਪ ਸੰਨ 1924 ਤੋਂ 1926 ਤਕ ਪੰਜਾਬ ਕੌਂਸਲ ਦੇ ਮੈਂਬਰ ਬਣੇ ਰਹੇ। ਸੰਨ 1952 ਵਿਚ ਆਪ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਚੁਣੇ ਗਏ।

ਇੱਕ ਸਮਾਜ ਸੁਧਾਰਕ ਚੋਣ ਦੇ ਨਾਲ ਆਪ ਸਫ਼ਲ ਲੇਖਕ ਵੀ ਸਨ। ਇਨ੍ਹਾਂ ਦੀਆਂ ਲਿਖਤਾਂ ਵਿਚ ਵੱਡੀ ਖ਼ੂਬੀ ਸੰਜਮ ਹੈ। ਪੰਜਾਬੀ ਸਾਹਿਤ ਵਿਚ ਇਨ੍ਹਾਂ ਨੇ ਆਧੁਨਿਕ ਯੁੱਗ ਦੀਆਂ ਵਿਗਿਆਨਕ ਲੀਹਾਂ ਅਨੁਸਾਰ

**ਬਾਕੀ ਸਫ਼ਾ 30 'ਤੇ**

# ਸਰਬ ਸਾਂਝੀਵਾਲਤਾ ਦਾ ਕੇਂਦਰ ਮਜ਼ਾਰ ਸਾਈਂ ਮੀਆਂ ਮੀਰ (ਲਾਹੌਰ)

**ਬੂਟਾ ਸਿੰਘ ਭੰਦੋਹਲ**



ਹਜ਼ਰਤ ਮੀਆਂ ਮੀਰ ਇੱਕ ਪ੍ਰਸਿੱਧ ਸੂਫ਼ੀ ਸੰਤ ਹੋਏ ਹਨ। ਉਨ੍ਹਾਂ ਦਾ ਜਨਮ 11 ਅਗਸਤ 1550 ਈਸਵੀ ਨੂੰ ਸਿੰਧ ਨੇੜੇ ਸੇਵਾਸਤਨ (ਸਿਸਤਨ) ਅੱਜ ਕੱਲ੍ਹ ਪਾਕਿਸਤਾਨ ਵਿੱਚ, ਮਾਤਾ ਬੀਬੀ ਫ਼ਾਤਿਮਾ ਦੀ ਕੁੱਖੋਂ ਹੋਇਆ। ਆਪ ਦੇ ਪਿਤਾ ਦਾ ਨਾਮ ਕਾਜ਼ੀ ਸਾਈਂ ਦਿੱਤਾ ਸੀ ਜੋ ਕਿ ਕਾਜ਼ੀ ਕਲੰਦਰ ਫ਼ਾਰੂਕੀ ਦਾ ਪੁੱਤਰ ਸੀ। ਆਪ ਦਾ ਪਰਿਵਾਰ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧ ਰੱਖਦਾ ਸੀ। ਸਾਈਂ ਜੀ ਦੇ ਚਾਰ ਭਰਾ ਕਾਜ਼ੀ ਬੋਲਾਂ,ਕਾਜ਼ੀ ਮੁਹੰਮਦ ਉਸਮਾਨ, ਕਾਜ਼ੀ ਤਾਹਿਰ ਅਤੇ ਕਾਜ਼ੀ ਮੁਹੰਮਦ ਸਨ ਅਤੇ ਆਪ ਦੀਆਂ ਦੋ ਭੈਣਾਂ ਬੀਬੀ ਜਾਮਲ ਖਾਤੂਨ ਤੇ ਬੀਬੀ ਹਾਦੀਆ ਸਨ। ਸੱਤ ਸਾਲ ਦੀ ਉਮਰ ਵਿੱਚ ਹੀ ਆਪ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ। ਆਪ ਦੀ ਮਾਤਾ ਬੀਬੀ ਫ਼ਾਤਿਮਾ ਬਹੁਤ ਹੀ ਧਾਰਮਿਕ ਅਕੀਦੇ ਵਾਲੀ ਔਰਤ ਸੀ ਜਿਸ ਨੇ ਸਾਈਂ ਜੀ ਨੂੰ ਬਚਪਨ ਵਿੱਚ ਹੀ ਧਾਰਮਿਕ ਲਿਆਕਤ ਪ੍ਰਦਾਨ ਕੀਤੀ। ਆਪ ਦੀ ਮਾਤਾ ਦੀ ਧਾਰਮਿਕ ਸਿੱਖਿਆ ਅਤੇ ਆਪ ਉੱਤੇ ਖ਼ੁਦਾਬੰਦ ਕਰੀਮ ਦੀ ਰਹਿਮਤ ਸਦਕਾ ਆਪ ਦਾ ਮਨ ਦੁਨੀਆ ਤੋਂ ਉਪਰਾਮ ਹੋ ਗਿਆ ਅਤੇ ਆਪਣੀ ਮਾਤਾ ਤੋਂ ਆਗਿਆ ਲੈ ਕੇ ਇਨ੍ਹਾਂ ਨੇ ਘਰ ਬਾਰ ਤਿਆਗ ਦਿੱਤਾ ਅਤੇ ਸੱਚ ਦੀ ਖ਼ੋਜ ਲਈ ਨਿਕਲ ਪਏ। ਕਾਫ਼ੀ ਭਾਲ ਤੋਂ ਬਾਅਦ ਆਪ ਹਜ਼ਰਤ ਸ਼ੇਖ਼ ਖ਼ਿਜ਼ਰ ਦੇ ਚੇਲੇ ਬਣ ਗਏ ਜੋ ਕਿ ਸੂਫ਼ੀਆਂ ਦੇ ਕਾਦਰੀ ਫ਼ਿਰਕੇ ਨਾਲ ਸਬੰਧਤ ਸਨ। ਹਜ਼ਰਤ ਸ਼ੇਖ਼ ਖ਼ਿਜ਼ਰ ਦੀ ਸੰਗਤ ਦੌਰਾਨ ਸਾਈਂ ਮੀਆਂ ਮੀਰ ਨੇ ਬਹੁਤ ਸਾਰੀ ਧਾਰਮਿਕ ਸਿੱਖਿਆ ਗ੍ਰਹਿਣ ਕੀਤੀ ਅਤੇ ਇੱਕ ਦਿਨ ਹਜ਼ਰਤ ਸ਼ੇਖ਼ ਖ਼ਿਜ਼ਰ ਨੇ ਆਪ ਨੂੰ ਕਿਹਾ ਕਿ ਹੁਣ ਤੁਹਾਡੀ ਧਾਰਮਿਕ ਤਾਲੀਮ ਪੂਰੀ ਹੋ ਚੁੱਕੀ ਹੈ, ਜਿੱਥੇ ਕਿਤੇ ਜੀਅ ਕਰਦਾ ਹੈ ਜਾਉ ਤੇ ਲੋਕਾਂ ਨੂੰ ਸੱਚ ਅਤੇ ਸੱਚੇ ਪਰਵਦਗਾਰ ਦੇ ਲੜ ਲਾਉ। ਉਸ ਵਕਤ ਆਪ ਦੀ ਉਮਰ ਪੱਚੀ ਸਾਲ ਸੀ ਅਤੇ ਆਪ ਆਪਣੇ ਮੁਰਸ਼ਦ ਦੀ ਆਗਿਆ ਦਾ ਪਾਲਣ ਕਰਦੇ ਹੋਏ ਲਾਹੌਰ ਆ ਗਏ। ਇੱਥੇ ਆਪ ਨੇ ਮੌਲਾਨਾ ਸਾਦਉੱਲਾ ਦੇ ਮਦਰੱਸੇ ਵਿੱਚੋਂ ਸਾਦਉੱਲਾ ਅਤੇ ਉਸ ਦੇ ਸ਼ਾਗਿਰਦ ਨਿਆਮਤ ਉੱਲਾ ਪਾਸੋਂ ਵਿੱਦਿਆ ਗ੍ਰਹਿਣ ਕੀਤੀ। ਆਪ ਨੇ ਲਾਹੌਰ ਦੇ ਦੱਖਣ ਪੂਰਬ ਵੱਲ ਪਿੰਡ ਹਾਸਿਮਪੁਰ ਵਿੱਚ ਡੇਰਾ ਲਾ ਲਿਆ। ਸਾਈਂ ਜੀ ਲੋਕਾਂ ਨੂੰ ਬਹੁਤ ਘੱਟ ਮਿਲਿਆ ਕਰਦੇ ਸਨ ਅਤੇ ਆਪ ਰੁੱਖਾਂ ਦੇ ਹੇਠਾਂ ਅਤੇ ਦਰਿਆਵਾਂ ਦੇ ਕੰਢੇ ਇਕਾਂਤ ਥਾਵਾਂ 'ਤੇ ਬੈਠ ਕੇ ਅੱਲਾ ਦੀ ਬੰਦਗੀ ਕਰਦੇ ਰਹਿੰਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਰਾਜੇ,ਬਾਦਸ਼ਾਹ ਆਪਣੇ ਕਾਫ਼ਲਿਆਂ ਅਤੇ ਫ਼ੌਜਾਂ ਸਮੇਤ ਉਨ੍ਹਾਂ ਕੋਲ ਆਉਣ। ਆਪ ਬਹੁਤ ਹੀ ਘੱਟ ਬੋਲਦੇ ਸਨ ਅਤੇ ਕਈ ਕਈ ਰਾਤਾਂ ਆਪਣਾ ਧਿਆਨ ਅੱਲਾ ਤਾਲਾ ਦੇ ਚਰਨਾਂ ਵਿੱਚ ਜੋੜ ਕੇ ਅਹਿੱਲ ਬੈਠੇ ਰਹਿੰਦੇ ਸਨ।

ਸਾਈਂ ਜੀ ਸਿੱਖਾਂ ਦੇ ਪੰਜਵੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੂੜ੍ਹੇ ਮਿੱਤਰ ਸਨ ਕਿਉਂ ਕਿ ਦੋਵਾਂ ਵਿੱਚ ਵਿਚਾਰਧਾਰਕ ਅਤੇ ਸਿਧਾਂਤਕ ਸਾਂਝ ਸੀ ਅਤੇ ਦੋਵੇਂ ਇੱਕ ਹੀ ਮੰਜ਼ਿਲ ਦੇ ਪਾਂਧੀ ਸਨ। ਜਦੋਂ ਕਦੇ ਵੀ ਗੁਰੂ ਜੀ ਲਾਹੌਰ ਜਾਂਦੇ ਜਾਂ ਸਾਈਂ ਜੀ ਅੰਮ੍ਰਿਤਸਰ ਆਉਂਦੇ ਤਾਂ ਦੋਵੇਂ ਇੱਕ ਦੂਜੇ ਨੂੰ ਮਿਲੇ ਬਿਨਾਂ ਵਾਪਸ ਨਹੀਂ ਸਨ ਆਉਂਦੇ। ਸਰਬ ਧਰਮ ਸਾਂਝੀਵਾਲਤਾ ਦੇ ਸਿਧਾਂਤ ਨੂੰ ਹੋਰ ਪ੍ਰਪੱਕ ਕਰਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚੇਚੇ ਤੌਰ 'ਤੇ ਸੁਨੇਹਾ ਭੇਜ ਕੇ ਦਰਵੇਸ ਸੂਫ਼ੀ ਸੰਤ ਸਾਈਂ ਮੀਆਂ ਮੀਰ ਜੀ ਨੂੰ ਅੰਮ੍ਰਿਤਸਰ ਬੁਲਾਇਆ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਖੁਦਵਾਏ ਗਏ ਸਰੋਵਰ ਵਿਚਕਾਰ ਉਸਾਰੇ ਜਾਣ ਵਾਲੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ 1 ਮਾਘ ਸੰਮਤ 1647 ਯਾਨੀ ਕਿ 3 ਜਨਵਰੀ 1588 ਈਸਵੀ ਨੂੰ ਸਾਈਂ ਮੀਆਂ ਮੀਰ ਜੀ ਦੇ ਹੱਥੋਂ ਰਖਵਾਈ। ਕਾਫ਼ੀ ਸਮੇਂ ਬਾਅਦ ਦੀਵਾਨ ਚੰਦੂ ਮੱਲ ਦੀਆਂ ਕੋਝੀਆਂ ਚਾਲਾਂ ਅਤੇ ਗੱਲਾਂ ਵਿੱਚ ਆ ਕੇ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰ ਲਿਆ ਅਤੇ ਲਾਹੌਰ ਵਿੱਚ

ਬਾਕੀ ਸਫ਼ਾ 30 'ਤੇ

## 31 ਮਈ ਤੰਬਾਕੂ ਵਿਰੋਧੀ ਦਿਵਸ ਤੇ ਵਿਸ਼ੇਸ਼

# ਤੰਬਾਕੂ ਨਹੀਂ ਜ਼ਿੰਦਗੀ ਚੁਣੋ




**ਇਕਵਾਕ ਸਿੰਘ ਪੱਟੀ**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।

ਨਸ਼ਾ ਕਿਸੇ ਵੀ ਤਰ੍ਹਾਂ ਦਾ, ਕਿਸੇ ਵੀ ਰੂਪ ਵਿੱਚ ਹੋਵੇ, ਸਰੀਰ ਲਈ ਹਮੇਸ਼ਾ ਨੁਕਸਾਨਦਾਇਕ ਹੀ ਹੁੰਦਾ ਹੈ। ਇਹੀ ਕਾਰਣ ਹੈ ਕਿ ਸਮੇਂ ਸਮੇਂ 'ਤੇ ਡਾਕਟਰੀ ਵਿਗਿਆਨ ਵੱਲੋਂ ਮਨੁੱਖਤਾ ਨੂੰ



ਨਸ਼ਿਆਂ ਤੋਂ ਮੁਕਤ ਰਹਿਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ। ਕੁਝ ਨਸ਼ੇ ਤਾਂ ਐਸੇ ਵੀ ਹੁੰਦੇ ਹਨ ਜਿਹਨਾਂ ਦੀ ਵਰਤੋਂ ਕਰਨ ਵਾਲੇ ਤਾਂ ਕਈ ਬਿਮਾਰੀਆਂ ਨਾਲ ਪੀੜਿਤ ਹੋ ਜਾਂਦੇ ਹਨ, ਪਰ ਉਹਨਾਂ ਨਸ਼ਿਆਂ ਨੂੰ ਸੇਵਨ ਕਰਨ ਵਾਲੇ ਵਿਅਕਤੀਆਂ ਦੇ ਨੇੜੇ ਰਹਿਣ ਵਾਲੇ ਵਿਅਕਤੀ ਵੀ, ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਹਨਾਂ ਵਿੱਚੋਂ ਹੀ ਇੱਕ ਹੈ ਸਭ ਤੋਂ ਸਸਤਾ ਅਤੇ ਆਮ ਮਿਲ ਜਾਣ ਵਾਲਾ ਖ਼ਤਰਨਾਕ ਨਸ਼ਾ 'ਤੰਬਾਕੂ' ਹੈ।

ਦੇਸ਼ ਦੁਨੀਆਂ ਵਿੱਚ 50 ਲੱਖ ਤੋਂ ਵਧੇਰੇ ਮੌਤਾਂ ਇਸ ਤੰਬਾਕੂ ਕਰਕੇ ਹੁੰਦੀਆਂ ਹਨ। ਤੰਬਾਕੂ ਦਾ ਸੇਵਨ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਈ ਰੂਪਾਂ ਵਿੱਚ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚੋਂ ਪਾਨ, ਸੁਪਾਰੀ, ਖੈਨੀ, ਜ਼ਰਦਾ, ਸਿਗਾਰ, ਹੁੱਕਾ, ਗੁਟਖਾ ਅਤੇ ਸਿਗਰੇਟ/ਬੀੜੀ ਵਗ਼ੈਰਾ ਖਾਸ ਕਰਕੇ ਮਸ਼ਹੂਰ ਹਨ। ਇਤਿਹਾਸਕ ਸੰਦਰਭ ਵਿੱਚ ਤੰਬਾਕੂ ਦੀ ਵਰਤੋਂ ਇੱਕ ਧਾਰਮਿਕ ਤਿਉਹਾਰ ਮੌਕੇ ਪੂਜਾ ਦੇ ਰੂਪ ਵਿਚ ਅਤੇ ਪੂਜਾ ਦੇ ਨਾਂ ਤੇ ਸੇਵਨ ਕਰਕੇ ਆਪਣੇ ਆਪ ਨੂੰ ਮਸਤੀ ਵਿਚ ਲਿਆਉਣ ਲਈ ਕੀਤੀ ਜਾਂਦੀ ਰਹੀ ਹੈ ਅਤੇ ਭਾਰਤ ਵਿਚ ਅੱਜ ਵੀ ਜਾਰੀ ਹੈ। ਲੋਕ ਪਹਿਲਾਂ ਇਸ ਦੀ ਵਰਤੋਂ ਕਰਨ ਲਈ ਤੰਬਾਕੂ ਦੇ ਪੱਤਿਆਂ ਨੂੰ ਕਾਗਜ਼ ਵਿਚ ਰੱਖ ਕੇ, ਸੂਟੇ ਲਾਇਆ ਕਰਦੇ ਸਨ ਅਤੇ ਫਿਰ ਇਸ ਤੋਂ ਹੋਰ ਕਿਸਮਾਂ ਜਿਵੇਂ ਚਿੱਥ ਕੇ, ਸੁੰਘ ਕੇ ਜਾਂ ਪਾਈਪ ਵਗੈਰਾ ਰਾਹੀਂ ਇਸ ਦੀ ਵਰਤੋਂ ਕਰਦੇ ਰਹੇ। ਇੱਕ ਅਮਰੀਕੀ ਵਿਗਿਆਨੀ ਜੇਮਸ ਅਲਬਰਟ ਬੋਨਸੈਕ ਨੇ ਸੰਨ 1880 ਵਿਚ ਸਿਗਰੇਟ ਬਣਾਉਣ ਵਾਲੀ ਮਸ਼ੀਨ ਤਿਆਰ ਕਰ ਲਈ ਤਾਂ ਲੋਕਾਂ ਨੇ ਇਹ ਨਸ਼ਾ ਸਿਗਰੇਟ ਰਾਹੀਂ ਲੈਣਾ ਸ਼ੁਰੂ ਕਰ ਦਿੱਤਾ। ਇੱਥੋਂ ਹੀ ਸਿਗਰੇਟ ਦੇ ਵੱਖ-ਵੱਖ ਬ੍ਰਾਂਡਾਂ ਦਾ ਦੌਰ ਸ਼ੁਰੂ ਹੋਇਆ ਅਤੇ ਸਮਾਜ ਵਿਚ ਸੋਸ਼ਲ ਡਰਿੰਕਸ ਵਾਂਙ ਪੈਰ ਜਮਾਉਣ ਵਿਚ ਇਸ ਨਸ਼ੇ ਨੇ ਸਫਲਤਾ ਹਾਸਲ ਕੀਤੀ। ਇਸ ਦੇ ਨਾਲ ਹੀ ਮਨੋਰੰਜਨ ਪਰਦੇ (ਸਿਨੇਮਾ) ਰਾਹੀਂ ਕਲਾਕਾਰਾਂ ਵੱਲੋਂ ਇਸ ਦੀ ਵਰਤੋਂ ਨੂੰ ਹੋਰ ਵੀ ਹੱਲਾਸ਼ੇਰੀ ਦਿੱਤੀ, ਜਿਸ ਕਰਕੇ ਆਮ ਜਨਤਾ ਨੇ ਇਸ ਨੂੰ ਫੈਸ਼ਨਪ੍ਰਸਤੀ ਵਜੋਂ ਅਪਣਾ ਲਿਆ। ਭਾਵੇਂ ਕਿ ਹੁਣ ਸਿਨੇਮਾਂ (ਵੱਡੇ ਅਤੇ ਛੋਟੇ ਪਰਦੇ 'ਤੇ) ਸਰਕਾਰ ਵੱਲੋਂ ਅਜਿਹੇ ਦ੍ਰਿਸ਼ਾਂ ਨੂੰ ਵਿਖਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੋਈ ਹੈ ਪਰ ਨੁਕਸਾਨ ਤਾਂ ਹੋ ਚੁੱਕਿਆ ਹੈ।

ਇਹ ਮੰਨਿਆ ਜਾਂਦਾ ਹੈ ਕਿ ਤੰਬਾਕੂ ਉਤਪਾਦ ਵਿਚ ਲਗਭਗ ਚਾਰ ਤੋਂ ਪੰਜ ਹਜ਼ਾਰ ਜ਼ਹਿਰੀਲੇ ਪਦਾਰਥਾਂ ਦਾ ਮਿਸ਼ਰਣ ਹੁੰਦਾ ਹੈ, ਜਿਸ ਵਿਚ ਸਭ ਤੋਂ ਵੱਧ ਜ਼ਹਿਰੀਲੇ ਤੱਤ ਪਹਿਲਾ ਨਿਕੋਟੀਨ, ਦੂਜਾ ਕਾਰਬਨ ਮੋਨੋਆਕਸਾਈਡ ਅਤੇ ਤੀਸਰਾ ਤਾਰ ਹੈ।

ਮਾਹਰਾਂ ਅਨੁਸਾਰ ਤੰਬਾਕੂ ਵਿਚੋਂ 21 ਪ੍ਰਕਾਰ ਦੇ ਜ਼ਹਿਰ ਪੈਦਾ ਹੁੰਦੇ ਹਨ ਅਤੇ ਇਹਨਾਂ ਵਿਚੋਂ ਨਿਕੋਟੀਨ ਸਭ ਤੋਂ ਜਿਆਦਾ ਜ਼ਹਿਰੀਲੀ ਅਤੇ ਸਰੀਰ ਲਈ ਹਾਨੀਕਾਰਕ ਹੁੰਦੀ ਹੈ। ਇੱਕ ਖੋਜ ਅਨੁਸਾਰ ਨਿਕੋਟੀਨ ਦੀ ਇੱਕ ਬੂੰਦ ਨਾਲ 6 ਬਿੱਲੀਆਂ ਜਾਂ 2 ਕੁੱਤੇ ਮਰ ਸਕਦੇ ਹਨ ਅਤੇ 8 ਬੂੰਦਾਂ ਘੋੜੇ ਨੂੰ ਮਾਰਨ ਲਈ ਕਾਫ਼ੀ ਹਨ। ਇਸ ਤੋਂ ਇਲਾਵਾ ਮਨੁੱਖੀ ਸਰੀਰ ਅੰਦਰਲੇ ਢਾਂਚੇ ਨੂੰ ਨਸ਼ਟ ਕਰਨ ਵਿਚ ਇਸ ਦੀ ਅਹਿਮ ਭੂਮਿਕਾ ਮੰਨੀ ਜਾਂਦੀ ਹੈ ਕਿਉਂਕਿ ਇਸ ਦਾ ਸੇਵਨ ਨਾੜੀ ਤੰਤਰ ਦੇ ਫੇਫੜਿਆਂ ਸਮੇਤ ਕੋਮਲ ਅੰਗਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਅੱਖਾਂ ਉੱਤੇ ਵੀ ਇੰਨਾ ਮਾੜਾ ਅਸਰ ਪਾਉਂਦਾ ਹੈ ਕਿ ਵਿਅਕਤੀ ਦੇ ਅੰਨ੍ਹੇ ਹੋਣ ਦੀ ਨੌਬਤ ਆ ਸਕਦੀ ਹੈ। ਡਾਕਟਰੀ ਰਿਪੋਰਟ ਅਨੁਸਾਰ ਤੰਬਾਕੂ ਵਿਚ ਮੌਜੂਦ 'ਅਲਕਤਰੇ' ਦੇ ਹਾਨੀਕਾਰਕ ਪਦਾਰਥ, ਨੱਕ, ਮੂੰਹ, ਬੁੱਲ੍ਹਾਂ, ਗਲੇ, ਜੀਭ, ਗੁਰਦੇ ਅਤੇ ਫੇਫੜਿਆਂ ਵਿੱਚ ਜਾਂਦੇ ਹਨ ਜਿਸ ਨਾਲ ਕੈਂਸਰ ਵਰਗੀ ਭਿਆਨਕ ਬਿਮਾਰੀ ਹੋ ਸਕਦੀ ਹੈ। ਗੁਰਦੇ ਵਿਚ 'ਅਲਕਤਰੇ' ਨਾਲ 'ਐਂਫੀਸੀਮਾ' ਨਾਂ ਦਾ ਰੋਗ ਹੋ ਜਾਂਦਾ ਹੈ ਜੋ ਕੈਂਸਰ ਤੋਂ ਵੀ ਜ਼ਿਆਦਾ ਖਤਰਨਾਕ ਹੁੰਦਾ ਹੈ ਅਤੇ ਰੋਗੀ ਦੀ ਤੜਪ-ਤੜਪ ਕੇ ਜਾਨ ਨਿਕਲਦੀ ਹੈ। ਇਸ ਤੋਂ ਇਲਾਵਾ ਸਾਹ ਨਾਲ ਸਬੰਧਿਤ ਬਿਮਾਰੀਆਂ ਜਿਵੇਂ ਦਮਾ, ਤਾਪਦਿਕ/ਟੀ.ਬੀ., ਫੇਫੜਿਆਂ ਦੀ ਸੋਜ ਨਾਲ ਸਾਹ ਪ੍ਰਣਾਲੀ ਨੂੰ ਦਿੱਕਤ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਕੰਨਾਂ ਤੱਕ ਸਿਗਨਲ ਭੇਜਣ ਵਿਚ ਰੁਕਾਵਟ ਅਤੇ ਦਿਮਾਗ ਦੀਆਂ ਬਿਮਾਰੀਆਂ ਵੀ ਸ਼ਾਮਲ ਹਨ।

ਇਸ ਤੋਂ ਇਲਾਵਾ ਵੀ ਬਹੁਤ ਸਾਰੀਆਂ ਬੁਰੀਆਂ ਅਲਾਮਤਾਂ ਮਨੁੱਖੀ ਸਰੀਰ ਲਈ ਤੰਬਾਕੀਨੋਸ਼ੀ ਕਰਨ ਵਾਲੇ ਸਹੇੜ ਲੈਂਦੇ ਹਨ ਅਤੇ ਉਸ ਦੇ ਨਾਲ ਹੀ ਆਲੇ ਦੁਆਲੇ ਦੇ ਮਾਸੂਮ ਲੋਕ ਜੋ ਨਸ਼ਿਆਂ ਤੋਂ ਕੋਹਾਂ ਦੂਰ ਹੁੰਦੇ ਹੋਏ ਵੀ ਤੰਬਾਕੂਨੋਸ਼ਾਂ ਦੀ ਬਦੌਲਤ ਕਈ ਨਾਮੁਰਾਦ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ, ਜਿਸ ਕਰਕੇ ਤੰਬਾਕੂ ਨੂੰ ਵਾਤਾਵਰਣ ਵਿਰੋਧੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇ ਇਕ ਵਿਅਕਤੀ ਆਪਣੇ ਕੰਮ ਦੇ ਦੌਰਾਨ 10 ਸਿਗਰਟਾਂ ਪੀਂਦਾ ਹੈ ਤਾਂ ਸਮਝੋ ਉਸ ਦੇ ਨਜ਼ਦੀਕ ਕੰਮ ਕਰਨ ਵਾਲੇ ਵਿਅਕਤੀ ਦੇ ਸਰੀਰ ਅੰਦਰ 2 ਜਾਂ 3 ਸਿਗਰਟਾਂ ਦਾ ਧੂੰਆਂ ਪਹੁੰਚ ਜਾਂਦਾ ਹੈ ਜੋ ਉਸ ਦੀ ਸਿਹਤ ਲਈ ਹਾਨੀਕਾਰਕ ਹੈ। ਇਹੀ ਕਾਰਨ ਹੈ ਕਿ ਭਾਰਤ ਸਰਕਾਰ ਵੱਲੋਂ ਜਨਤਕ ਥਾਂਵਾਂ ਦੇ ਤੰਬਾਕੂ ਸੇਵਨ ਨੂੰ ਅਪਰਾਧਿਕ ਸ਼੍ਰੇਣੀਆਂ ਵਿੱਚ ਸ਼ਾਮਲ ਕਰ ਦਿੱਤਾ ਗਿਆ ਹੈ। ਮਾਨਯੋਗ ਸੁਪਰੀਮ ਕੋਰਟ ਵੱਲੋਂ 1 ਮਈ 2004 ਤੋਂ ਜਨਤਕ ਥਾਵਾਂ 'ਤੇ ਸਿਗਰਟ/ਬੀੜੀ ਪੀਣ ਉੱਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜਨਤਕ ਥਾਵਾਂ ਵਿਚ ਸਿਨੇਮੇ, ਪਾਰਕ, ਪੈਦਲ ਰਸਤੇ, ਬੱਸ ਅੱਡੇ, ਰੇਲਵੇ ਸਟੇਸ਼ਨ, ਰੇਲ ਦੇ ਡੱਬੇ, ਜਨਤਕ ਆਵਾਜਾਈ ਦੇ ਸਾਧਨ ਆਦਿ ਸ਼ਾਮਲ ਹਨ। ਪੰਜਾਬ ਵਿਚ ਪ੍ਰਵਾਸੀਆਂ ਦੀ ਬਦੌਲਤ ਤੰਬਾਕੂ ਸੇਵਨ ਵਿਚ ਵਾਧਾ ਦਰਜ ਹੋਇਆ ਹੈ ਜੋ ਕਿ ਚਿੰਤਾਜਨਕ ਹੈ, ਕਿਉਂਕਿ ਕਾਨੂੰਨ ਬਣੇ ਹੋਣ ਦੇ ਬਾਵਜੂਦ ਇਸ ਦੀ ਵਰਤੋਂ ਨਿਰੰਤਰ ਜਾਰੀ ਹੈ। ਸੋ ਪੰਜਾਬ ਸਰਕਾਰ ਨੂੰ ਆਪਣੇ ਨਾਅਰੇ 'ਤੰਬਾਕੂ ਨਹੀਂ, ਜਿੰਦਗੀ ਚੁਣ' 'ਤੇ ਪਹਿਰਾ ਦੇਣ ਲਈ ਸਖਤੀ ਨਾਲ ਯਤਨ ਕਰਨੇ ਚਾਹੀਦੇ ਹਨ।

ਸਿੱਖ ਗੁਰੂਆਂ ਨੇ ਮਨੁੱਖਤਾ ਨੂੰ ਕਿਸੇ ਵੀ ਤਰ੍ਹਾਂ ਦੇ ਨਸ਼ੇ ਕਰਨ ਤੋਂ ਸਖਤੀ ਨਾਲ ਵਰਜਿਆ ਹੈ। ਰਹਿਤਨਾਮਿਆਂ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਜੇਹਾ ਕਿ ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ ਹੈ ਕਿ, 'ਕੁਠਾ, ਹੁਕਾ, ਚਰਸ, ਤੰਬਾਕੂ ॥ ਗਾਂਜਾ, ਟੋਪੀ, ਤਾੜੀ, ਖਾਕੂ ॥ ਇਨਕੀ ਓਰ ਨਾ ਕਬਹੂੰ ਦੇਖੈ ॥ ਰਹਿਤਵੰਤ ਜੋ ਸਿੰਘ ਬਿਸੇਖੈ ॥' ਉਥੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਤੰਮਾਕੂ ਨੂੰ ਜਗਤ ਜੂਠ ਦੀ ਸੰਗਿਆ ਦਿੱਤੀ ਅਤੇ 'ਜਗਤ ਜੂਠ ਤਮਾਕੂ ਨਾ ਸੇਵ' ਦਾ ਸੁਨੇਹਾ ਸਮੁੱਚੀ ਮਾਨਵਤਾ ਨੂੰ ਦਿੱਤਾ ਹੈ। ਇਸੇ ਤਰ੍ਹਾਂ ਸਵਾਮੀ ਦਿਆਨੰਦ ਸਰਸਵਤੀ ਨੇ ਆਪਣੇ ਚੇਲਿਆਂ ਨੂੰ ਬਕਾਇਦਾ ਤਾਕੀਦ ਕੀਤੀ ਸੀ ਕਿ, 'ਮੇਰੇ ਮ੍ਰਿਤਕ ਸਰੀਰ ਨੂੰ ਕੋਈ ਉਹ ਹੱਥ ਨਾ ਲਾਵੇ ਜਿਸ ਨੇ ਕਦੇ ਤੰਬਾਕੂ ਸੇਵਨ ਕੀਤਾ ਹੈ।'

ਸੋ ਸਮੂਹ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਸਾਂਝੇ ਤੌਰ ਤੇ ਦੇਸ਼ ਨੂੰ ਤੰਬਾਕੂਮੁਕਤ ਕਰਨ ਲਈ ਬੀੜਾ ਚੁੱਕਣਾ ਚਾਹੀਦਾ ਹੈ। ਤੰਬਾਕੂ ਦਾ ਸੇਵਨ ਕਰਨ ਵਾਲੇ ਪੀੜਿਤਾਂ ਲਈ ਵੀ ਹਾਂ-ਪੱਖੀ ਰਵੱਈਆਂ ਅਪਨਾ ਕੇ ਉਹਨਾਂ ਨਾਲ ਵਾਰਤਲਾਪ ਕਰਕੇ ਜਾਂ ਹੋਰਨਾਂ ਢੰਗ ਤਰੀਕਿਆਂ ਰਾਹੀਂ ਉਹਨਾਂ ਤੋਂ ਇਹ ਆਦਤ ਛੁਡਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਕੂਲਾਂ/ਕਾਲਜਾਂ ਦੇ ਰਸਤਿਆਂ ਅਤੇ ਜਨਤਕ ਥਾਵਾਂ ਆਦਿ 'ਤੇ ਤੰਬਾਕੂ ਵੇਚਣ ਦੀ ਪੂਰੀ ਪਾਬੰਦੀ ਹੋਣੀ ਚਾਹੀਦੀ ਹੈ।

ਵਿਸ਼ਵ ਸਿਹਤ ਸੰਸਥਾ ਵੱਲੋਂ ਸੰਨ 1987 ਵਿਚ ਰਸਮੀਂ ਤੌਰ 'ਤੇ ਇਸ ਬਾਰੇ ਗੱਲਬਾਤ ਸ਼ੁਰੂ ਕੀਤੀ ਸੀ। ਤੰਬਾਕੂ ਵਿਰੋਧੀ ਦਿਵਸ ਦੀ ਸ਼ੁਰੂਆਤ 7 ਅਪ੍ਰੈਲ 1988 ਤੋਂ ਕੀਤੀ ਗਈ ਸੀ ਪਰ ਬਾਅਦ ਵਿਚ 31 ਮਈ ਪੱਕੇ ਤੌਰ 'ਤੇ ਨਿਰਧਾਰਤ ਕਰ ਦਿੱਤੀ ਗਈ। ਇਸ ਦਾ ਮਕਸਦ ਲੋਕਾਂ ਵਿਚ ਤੰਬਾਕੂ ਪ੍ਰਤੀ ਜਾਗਰੂਕਤਾ ਪੈਦਾ ਕਰਨ, ਆਪਣੀ ਸਿਹਤ ਅਤੇ ਨਰੋਏ ਸਮਾਜ ਪ੍ਰਤੀ ਚੇਤੰਨ ਕਰਨਾ ਹੈ। ਕੋਸ਼ਿਸ਼ ਕਰੀਏ ਕਿ ਆਪ ਅਤੇ ਆਪਣੇ ਨੇੜੇ ਤੇੜੇ ਦੇ ਲੋਕਾਂ ਨੂੰ ਅਜਿਹੀਆਂ ਭੈੜੀਆਂ ਆਦਤਾਂ ਪ੍ਰਤੀ ਸੁਚੇਤ ਕਰਕੇ ਜਿੰਦਗੀ ਨੂੰ ਸੁਹਣੇ ਢੰਗ ਨਾਲ ਜਿਊਣ ਲਈ ਪ੍ਰੇਰਿਤ ਕਰੀਏ। ਆਮੀਨ!

# ਗੁਰੂ ਨਾਨਕ ਜੀ ਦੇ ਨਾਂ ਨਾਲ ਸ਼ਾਹ ਫਕੀਰ ਜੋੜ ਕੇ ਨਵਾਂ ਵਿਵਾਦ ਨਾ ਖੜ੍ਹਾ ਕਰਨ ਡਾ. ਹਿੰਮਤ ਸਿੰਘ, ਨਾਦ ਪ੍ਰਗਾਸ ਅਤੇ ਗਰੇਸ਼ੀਅਸ ਪਬਲੀਕੇਸ਼ਨ

**ਪਰਮਿੰਦਰ ਸਿੰਘ**
ਖੋਜਾਰਥੀ ਪੰਜਾਬੀ ਯੂਨੀਵਰਸਿਟੀ, ਪਟਿਆਲਾ
(parmindersallanh @gmail.com)

ਹਾਲ ਹੀ ਵਿੱਚ ਇਕ ਕਿਤਾਬ 'ਸਯਾਹਤੋ ਬਾਬਾ ਨਾਨਕ' ਦਾ ਜ਼ਿਕਰ ਆਇਆ ਹੈ ਜਿਸ ਦੇ ਮੂਲ ਲੇਖਕ ਦਾ ਨਾਮ ਤਾਜੁਦੀਨ ਮੁਫ਼ਤੀ ਸ਼ਾਹ ਫ਼ਕੀਰ ਦੱਸਿਆ ਗਿਆ ਹੈ। ਇਸ ਦੇ ਉਲੇਖਕਾਰ ਪ੍ਰਿਥੀਪਾਲ ਸਿੰਘ ਅਤੇ ਸੰਪਾਦਕ ਡਾ. ਹਿੰਮਤ ਸਿੰਘ ਹਨ। ਇਹ ਕਿਤਾਬ ਨਾਦ ਪ੍ਰਗਾਸ ਤੇ ਗ੍ਰੇਸ਼ੀਅਸ ਬੁੱਕਸ, ਪਟਿਆਲਾ ਵੱਲੋਂ ਛਾਪੀ ਜਾ ਰਹੀ ਹੈ। ਇਸ ਕਿਤਾਬ ਦੇ ਸਿਰਲੇਖ 'ਸਯਾਹਤੋ ਬਾਬਾ ਨਾਨਕ' ਨਾਲ਼ ਹੀ 'ਸ਼ਾਹ ਫ਼ਕੀਰ' ਵੀ ਲਿਖਿਆ ਗਿਆ ਹੈ ਜਿਸ ਨਾਲ਼ ਇਹ ਭੁਲੇਖਾ ਪੈਦਾ ਹੁੰਦਾ ਕਿ ਇਸ ਕਿਤਾਬ ਦਾ ਪੂਰਾ ਨਾਮ 'ਸਯਾਹਤੋ ਬਾਬਾ ਨਾਨਕ ਸ਼ਾਹ ਫ਼ਕੀਰ' ਹੈ। ਇੱਥੋਂ ਹੀ ਇਸ ਕਿਤਾਬ ਦੇ ਨਾਮ ਦਾ ਵਿਰੋਧ ਸ਼ੁਰੂ ਹੋਇਆ। ਸੰਪਾਦਕ ਦਾ ਆਖਣਾ ਹੈ ਕਿ 'ਸ਼ਾਹ ਫ਼ਕੀਰ' ਅਸਲ ਵਿੱਚ ਕਿਤਾਬ ਦਾ ਮੂਲ ਲੇਖਕ ਦੀ ਅੱਲ ਹੈ ਅਤੇ ਉਹ ਗੁਰੂ ਸਾਹਿਬ ਨਾਲ ਆਪਣੀ ਇਕਮਿੱਕਤਾ ਦਿਖਾਉਂਦਾ ਹੈ, ਤਾਂ ਕਰਕੇ ਉਹਨਾਂ ਉਸ ਦਾ ਨਾਮ ਗੁਰੂ ਨਾਨਕ ਸਾਹਿਬ ਦੇ ਨਾਮ ਦੇ ਨਾਲੋ-ਨਾਲ ਲਿਖਿਆ। ਦਰਅਸਲ ਕਿਤਾਬ ਦਾ ਮੂਲ ਲੇਖਕ ਤਾਜੁਦੀਨ ਮੁਫ਼ਤੀ ਹੈ ਅਤੇ ਜੇਕਰ ਸੰਪਾਦਕ ਜੀ ਦੀ ਮੰਨੀਏ ਤਾਂ ਲੋਕਾਂ ਉਸ ਨੂੰ 'ਸ਼ਾਹ ਫ਼ਕੀਰ' ਆਖਣਾ ਸ਼ੁਰੂ ਕਰ ਦਿੱਤਾ ਸੀ ਜਿਸ ਕਰਕੇ ਉਸ ਦਾ ਨਾਮ ਇੰਝ ਹੀ ਲਿਖਿਆ ਗਿਆ। ਸਾਡਾ ਹਰਜ ਲੇਖਕ ਨਾਲ ਜਾਂ ਉਸ ਦੇ ਨਾਮ ਨਾਲ ਬਿਲਕੁਲ ਨਹੀਂ ਹੈ ਸਗੋਂ 'ਸ਼ਾਹ ਫ਼ਕੀਰ' ਨੂੰ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਲਗਾਉਣ ਤੋਂ ਹੈ।










ਕਿਤਾਬ ਦੇ ਪਹਿਲਾਂ ਛਪ ਚੁੱਕੇ ਤਿੰਨਾਂ ਰੂਪਾਂ ਨਾਲ ਜੁੜੀਆਂ ਤਸਵੀਰਾਂ/ਸਰਵਰਕ

ਇਸ ਕਿਤਾਬ ਦੇ ਤਿੰਨ ਰੂਪ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ ਹਨ, ਪਹਿਲਾ ਅੰਗਰੇਜ਼ੀ ਵਿੱਚ TajudinÒs Diary" ਅਤੇ ਦੂਜਾ ਬਾਬੇ ਦੀ ਬਗ਼ਦਾਦ ਫੇਰੀ ਅਤੇ ਤੀਜਾ ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ। ਕਿਸੇ ਵੀ ਕਿਤਾਬ ਦੇ ਸਰਵਰਕ 'ਤੇ ਨਾਨਕ ਸ਼ਾਹ ਫ਼ਕੀਰ ਦਾ ਜ਼ਿਕਰ ਨਹੀਂ ਕੀਤਾ ਗਿਆ।

ਸੰਪਾਦਕ ਜੀ ਦਾ ਕਹਿਣਾ ਹੈ ਕਿ ਮੂਲ ਖਰੜੇ ਦਾ ਨਾਮ ਸਯਾਹਤੋ ਬਾਬਾ ਨਾਨਕ ਫ਼ਕੀਰਹੈ, ਫਿਰ ਵੀ 'ਸ਼ਾਹ' ਵਿਚ ਨਹੀਂ ਆਉਂਦਾ। ਤਾਜੁਦੀਨ ਦਾ ਮੂਲ ਖਰੜਾ ਕਿਸੇ ਕੋਲ ਵੀ ਨਹੀਂ ਹੈ। ਪਹਿਲਾਂ ਛਪੀਆਂ ਕਿਤਾਬਾਂ ਵਿੱਚ ਵੀ ਗੁਰੂ ਨਾਨਕ ਸਾਹਿਬ ਲਿਖਿਆ ਹੀ ਮਿਲਦਾ ਹੈ। ਗੁਰੂ ਸਾਹਿਬ ਦੇ ਨਾਮ ਨਾਲ 'ਸ਼ਾਹ ਫ਼ਕੀਰ' ਲਾਉਣ ਦੀ ਸਿਰਫ਼ ਜ਼ਿੱਦ ਕੀਤੀ ਜਾ ਰਹੀ ਹੈ ਜਿਸ ਦਾ ਲੁਕਵਾਂ ਮੰਤਵ ਜ਼ਰੂਰ ਸਾਹਮਣੇ ਆਉਣਾ ਚਾਹੀਦਾ ਹੈ।

ਸੱਯਦ ਮੁਹੰਮਦ ਲਤੀਫ਼ ਆਪਣੀ ਇੱਕ ਕਿਰਤ 'ਹਿਸਟਰੀ ਆਫ਼ ਦੀ ਪੰਜਾਬ' ਵਿੱਚ ਗੁਰੂ ਨਾਨਕ ਸਾਹਿਬ ਨੂੰ ਸਿਰਫ਼ 'ਨਾਨਕ' ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਬੰਦਾ' ਲਿਖਦਾ ਹੈ ਪਰ ਜਦੋਂ ਡਾ. ਗੰਡਾ ਸਿੰਘ ਜੀ ਇਸ ਦਾ ਉਲਥਾ ਕਰਦੇ ਹਨ ਤਾਂ ਉਹ ਬਾਕਾਇਦਾ ਬਰੈਕਟ ਨਾਲ ਦੇ ਕੇ (ਗੁਰੂ) ਨਾਨਕ ਅਤੇ ਬਾਬਾ ਬੰਦਾ ਸਿੰਘ ਬਹਾਦਰ ਨਾਲ਼ (ਸਿੰਘ) ਸ਼ਬਦ ਇੰਝ ਜੋੜਦੇ ਹਨ। ਇੰਝ ਹੀ 'ਸਯਾਹਤੋ ਬਾਬਾ ਨਾਨਕ' ਕਿਤਾਬ ਦੇ ਸੰਪਾਦਕ ਨੂੰ ਸੂਝ ਦਿਖਾਉਂਦੇ ਹੋਏ ਬੇਲੋੜਾ 'ਸ਼ਾਹ ਫ਼ਕੀਰ' ਨਾਲੋਂ ਪਹਿਲਾਂ ਹੀ ਹਟਾ ਦੇਣਾ ਚਾਹੀਦਾ ਸੀ।




ਕਿਤਾਬ ਦੇ ਪਹਿਲਾਂ ਜਾਰੀ ਕੀਤਾ ਗਿਆ ਵਿਵਾਦਤ ਸਰਵਰਕ

ਗੁਰੂ ਵੱਡਾ ਰੁਤਬਾ ਹੈ ਅਤੇ ਪੀਰ ਫ਼ਕੀਰ ਅਕਾਲ ਪੁਰਖ ਦੀ ਦਰਗਾਹ ਵਿੱਚ ਪੈਗੰਬਰ ਦੀ ਥਾਂ ਨਹੀਂ ਪਾਉਂਦੇ ਜੋ ਸਿੱਖਾਂ ਵਿੱਚ ਗੁਰੂ ਨਾਨਕ ਸਾਹਿਬ ਲਈ ਬਣੀ ਥਾਂ ਹੈ। ਸਾਨੂੰ ਇਸ ਗੱਲ ਦਾ ਜ਼ਰੂਰੀ ਧਿਆਨ ਰੱਖਣਾ ਬਣਦਾ ਹੈ।

'ਨਾਨਕ ਸ਼ਾਹ ਫ਼ਕੀਰ' ਫ਼ਿਲਮ ਦੇ ਰੀਲੀਜ਼ ਦੌਰਾਨ ਵੀ ਉਸ ਦੇ ਨਾਮ ਦਾ ਵਿਰੋਧ ਕੀਤਾ ਗਿਆ ਅਤੇ ਇਹ ਦੱਸਿਆ ਗਿਆ ਕਿ ਇਹ ਨਾਮ ਦਯਾ ਨੰਦ ਸਰਸਵਤੀ ਨੇ ਕਿਸੇ ਸਮੇਂ ਸਿੱਖਾਂ ਨੂੰ ਚਿੜਾਉਣ ਲਈ ਆਪਣੀ ਵਿਵਾਦਤ ਕਿਤਾਬ 'ਸਤਯਾਰਥ ਪ੍ਰਕਾਸ਼' ਵਿੱਚ ਗੁਰੂ ਸਾਹਿਬ ਦੀ ਹਸਤੀ ਪ੍ਰਤੀ ਤਿਰਸਕਾਰ ਦੇ ਪ੍ਰਗਟਾਵੇ ਅਤੇ ਕਕਾਰਾਂ ਦੀ ਬੇਅਦਬੀ ਲਈ ਲਿਖਿਆ ਸੀ ਕਿ ਇਹ ਸਮੇਂ ਦੇ ਹਾਣੀ ਨਹੀਂ ਹਨ। ਨਾਲ਼ ਹੀ ਆਰੀਆ ਸਮਾਜ ਦੇ ਪਰਚੇ 'ਆਰਯਾ ਸਮਾਚਾਰ' ਵਿੱਚ ਗੁਰੂ ਸਾਹਿਬ ਦੀ ਤੌਹੀਨ ਕੀਤੀ-"ਨਾਨਕ ਸ਼ਾਹ ਫ਼ਕੀਰ ਨੇ ਨਯਾ ਚਲਾਇਆ ਪੰਥ, ਇਧਰ ਉਧਰ ਸੇ ਜੋੜ ਕਰ ਲਿਖ ਮਾਰਾ ਏਕ ਗ੍ਰੰਥ, ਪਹਿਲੇ ਚੇਲੇ ਕਰ ਲੀਏ, ਪੀਛੇ ਬਦਲਾ ਭੇਸ, ਸਰ ਪਰ ਸਾਫਾ ਬਾਂਧ ਕਰ ਰਖ ਲੀਨੇ ਸਭ ਕੇਸ"। ਇਸ ਨਾਮ ਵਿੱਚ ਆਰੀਆ ਸਮਾਜ ਦੀ ਗੁਰੂ ਸਾਹਿਬ ਅਤੇ ਗੁਰੂ ਘਰ ਵੱਲ ਪੈਂਦੀ ਟੇਢੀ ਨਿਗਾਹ ਨੂੰ ਭਲੀਭਾਂਤ ਵੇਖਿਆ ਜਾ ਸਕਦਾ ਹੈ। ਸਾਨੂੰ ਇਹਨਾਂ ਚਾਲਾਂ ਤੋਂ ਸੁਚੇਤ ਹੋ ਇਸ ਨਾਮ ਨੂੰ ਪ੍ਰਵਾਨਿਤ ਨਹੀਂ ਹੋਣ ਦੇਣਾ ਚਾਹੀਦਾ।

ਇਸ ਸੰਬੰਧੀ ਜਦੋਂ ਸੰਪਾਦਕ ਜੀ ਅਤੇ ਪ੍ਰਕਾਸ਼ਕ (ਗਰੇਸ਼ੀਅਸ ਪਬਲਿਸ਼ਰਜ਼ ਦੇ ਨਿਸ਼ਾਂਤ ਸੂਦ) ਜੀ ਨਾਲ਼ ਰਾਬਤਾ ਕਾਇਮ ਕੀਤਾ ਗਿਆ ਤਾਂ ਉਹਨਾਂ ਇਸ ਗੱਲ ਦਾ ਭਰੋਸਾ ਦਿਵਾਇਆ ਕਿ ਉਹ ਸਰਵਰਕ ਨੂੰ ਜ਼ਰੂਰ ਬਦਲ ਦੇਣਗੇ ਅਤੇ ਕਿਤਾਬ ਦਾ ਨਾਮ 'ਸਯਾਹਤੋ ਬਾਬਾ ਨਾਨਕ' ਹੀ ਰੱਖਿਆ ਜਾਵੇਗਾ ਅਤੇ 'ਸ਼ਾਹ ਫ਼ਕੀਰ' ਨੂੰ ਅਸਲ ਲੇਖਕ ਦੇ ਨਾਮ ਨਾਲ਼ ਜੋੜ ਕੇ ਭੁਲੇਖਾ ਦੂਰ ਕੀਤਾ ਜਾਵੇਗਾ। ਪਰ ਜਦੋਂ ਉਹਨਾਂ ਨੇ ਨਵਾਂ ਸਰਵਰਕ ਜਾਰੀ ਕੀਤਾ ਹੈ ਤਾਂ ਫਿਰ ਸ਼ਾਹ ਫ਼ਕੀਰ ਮੂਲ ਲੇਖਕ ਤੋਂ ਵੱਖਰਾ ਹੀ ਦਿਖਾਇਆ ਹੈ। ਇਸ ਕਿਤਾਬ ਨੂੰ ਜਦੋਂ ਅੰਦਰੋਂ ਪੜ੍ਹਿਆ ਗਿਆ ਤਾਂ ਕਈ ਕਿਸਮ ਦੀਆਂ ਗ਼ਲਤੀਆਂ ਵੀ ਮਿਲੀਆਂ ਜਿਸ ਦਾ ਸਪਸ਼ਟ ਜੁਆਬ ਸੰਪਾਦਕ ਜੀ ਕੋਲ਼ ਮੌਜੂਦ ਨਹੀਂ ਸੀ। ਉਹਨਾਂ ਦੀ ਪਹੁੰਚ ਵੀ ਸਾਕਾਰਾਤਮਕ ਨਹੀਂ ਸੀ ਸਗੋਂ ਕਿਤਾਬ ਨੂੰ ਕਿਸੇ ਹੋਰ ਪ੍ਰਕਾਸ਼ਕ ਤੋਂ ਛਪਵਾਉਣ ਲਈ ਜ਼ਿੱਦ ਕਰਨ ਲੱਗੇ। ਇਸ ਕਿਸਮ ਦੀ ਜ਼ਿੱਦ ਤੋਂ ਇਹ ਕਿਤਾਬ ਮੂਲੋਂ ਹੀ ਸ਼ੱਕੀ ਕਿਸਮ ਦੀ ਜਾਪਦੀ ਹੈ ਜੋ ਇਸ ਦੇ ਅੰਦਰੂਨੀ ਹਵਾਲਿਆਂ ਤੋਂ ਸਿੱਧ ਹੁੰਦਾ ਹੈ।

ਪੁਸਤਕ ਵਿੱਚ 'ਸ਼ਾਹ ਫ਼ਕੀਰ' ਦਾ ਤਾਜੁਦੀਨ ਨਾਲ਼ ਸਬੰਧ ਦਰਸਾਉਣ ਦਾ ਵਾਅਦਾ ਜ਼ਰੂਰ ਕੀਤਾ ਗਿਆ ਹੈ ਪਰ ਸਰਵਰਕ 'ਤੇ ਇਸ ਕਿਸਮ ਦੀ ਜ਼ਿੱਦ ਕਿਉਂ? ਕਿਤੇ ਇਹ ਗੁਰੂ ਨਾਨਕ ਸਾਹਿਬ ਦੇ ਨਾਮ ਨਾਲ ਛੇੜਛਾੜ ਤਾਂ ਨਹੀਂ? ਕਿਤੇ ਗੁਰੂ ਸਾਹਿਬ ਦੇ ਨਾਮ ਨੂੰ 'ਸ਼ਾਹ ਫ਼ਕੀਰ' ਦੀ ਪ੍ਰਵਾਨਗੀ ਦਿਵਾਉਣਾ ਤਾਂ ਨਹੀਂ? ਅਜਿਹਾ ਪਹਿਲਾਂ ਫਿਲਮ 'ਨਾਨਕ ਸ਼ਾਹ ਫ਼ਕੀਰ' ਅਤੇ ਕੇਵਲ ਧਾਲੀਵਾਲ ਦੇ ਨਾਟਕ 'ਨਾਨਕ ਸ਼ਾਹ ਫ਼ਕੀਰ' ਵੇਲੇ ਵੀ ਵੇਖਿਆ ਗਿਆ। ਉਹਨਾਂ ਦੋਵਾਂ ਕੋਸ਼ਿਸ਼ਾਂ ਨੂੰ ਤਾਂ ਸਿੱਖ ਸੰਗਤਾਂ ਦੇ ਵਿਰੋਧ ਨੇ ਰੋਕ ਲਿਆ ਪਰ ਇਹ ਕਿਤਾਬ ਰਾਹੀਂ ਗੁਰੂ ਨਾਨਕ ਸਾਹਿਬ ਦੇ ਨਾਮ ਨੂੰ ਪ੍ਰਵਾਨਿਤ ਕਰਨ ਦੀਆਂ ਕੋਸ਼ਿਸ਼ਾਂ ਫਿਰ ਤੋਂ ਕੀਤੀਆਂ ਜਾ ਰਹੀਆਂ ਹਨ।

ਪ੍ਰਕਾਸ਼ਕ ਨੇ ਆਖਿਆ ਸੀ ਕਿ 'ਤਾਜੁਦੀਨ ਸ਼ਾਹ ਫ਼ਕੀਰ' ਕਰਕੇ ਨਾਮ ਛਾਪਿਆ ਜਾਵੇਗਾ ਜੋ ਕਿ ਨਵੇਂ ਸਰਵਰਕ ਵਿੱਚ ਵੀ ਨਹੀਂ ਕੀਤਾ ਗਿਆ। ਸ਼ਾਹ ਫ਼ਕੀਰ ਠੀਕ ਨਹੀਂ ਕੀਤਾ। ਕਿਤਾਬ ਦੀ ਵੱਖੀ (ਸਪਾਇਨ) 'ਤੇ ਅਤੇ ਸਾਹਮਣੇ ਸਰਵਰਕ' ਤੇ ਓਸੇ ਤਰ੍ਹਾਂ ਲਿਖ ਦਿੱਤਾ ਗਿਆ ਹੈ। ਪ੍ਰਕਾਸ਼ਕ ਅਤੇ ਸੰਪਾਦਕ ਜੀ ਨੇ ਆਪਣੀ ਚਾਲ ਨੂੰ ਸਾਬਿਤ ਕਰ ਦਿੱਤਾ। ਇਸ ਕਿਤਾਬ ਦੇ ਸਰਵਰਕ ਉੱਤੇ ਪ੍ਰਕਾਸ਼ਕ ਬਾਰੇ ਜੋ ਜਾਣਕਾਰੀ ਦਿੱਤੀ ਗਈ ਹੈ ਉਹ ਵੀ ਭੁਲੇਖਾ ਪਾਊ ਹੈ। ਪ੍ਰਕਾਸ਼ਕ ਬਾਰੇ ਜਾਣਕਾਰੀ ਇੰਝ ਅੰਕਿਤ ਹੈ : ਨਾਦਪ੍ਰਗਾਸ ਸ਼੍ਰੀ ਅੰਮ੍ਰਿਤਸਰ ਦੇ ਸਹਿਯੋਗ ਨਾਲ ਗਰੇਸ਼ੀਅਸ ਪਬਲੀਕੇਸ਼ਨ ਵਲੋਂ ਪ੍ਰਕਾਸ਼ਤ। ਇਸ ਜਾਣਕਾਰੀ ਦੇ ਉੱਪਰ ਨਾਦ ਪ੍ਰਗਾਸ ਦਾ ਪ੍ਰਤੀਕ (ਲੋਗੋ) ਲੱਗਾ ਹੋਇਆ ਹੈ। ਨਾਦ ਪ੍ਰਗਾਸ ਦਾ ਨਾਂ ਵੀ ਪ੍ਰਮੁੱਖਤਾ ਨਾਲ ਛਾਪਿਆ ਗਿਆ ਹੈ ਤੇ ਗਰੇਸ਼ੀਅਸ ਪਬਲੀਕੇਸ਼ਨ ਦਾ ਉਸ ਤੋਂ ਛੋਟਾ ਕਰਕੇ। ਇਹ ਗੱਲ ਵੀ ਸ਼ੱਕ ਪੈਦਾ ਕਰਨ ਵਾਲੀ ਹੈ ਕਿਉਂਕਿ ਮੁੱਖ ਪ੍ਰਕਾਸ਼ਕ ਨਾਲੋਂ ਸਹਿਯੋਗੀ ਨੂੰ ਇੰਨੀ ਪ੍ਰਮੁੱਖ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਸਹਿਯੋਗੀ ਹੀ ਕਿਤਾਬ ਦਾ ਅਸਲ ਪ੍ਰਕਾਸ਼ਕ ਪ੍ਰਤੀਤ ਹੁੰਦਾ ਹੈ ਤੇ ਗੱਲ ਹੋ ਵੀ ਇਵੇਂ ਹੀ ਸਕਦੀ ਹੈ ਕਿ ਇਸ ਪਿੱਛੇ ਮੁੱਖ ਭੂਮਿਕਾ ਨਾਦ ਪ੍ਰਗਾਸ ਦੀ ਹੀ ਹੋਵੇ ਪਰ ਇਹ ਪਤਾ ਹੋਣ ਕਰਕੇ ਕਿ ਇਸ ਮਾਮਲੇ 'ਤੇ ਵਿਵਾਦ ਖੜ੍ਹਾ ਹੋਣਾ ਹੈ ਤੇ ਸਿੱਖਾਂ ਨੇ ਇਸ ਦਾ ਵਿਰੋਧ ਕਰਨਾ ਹੈ, ਨਾਦ ਪ੍ਰਗਾਸ ਵਲੋਂ ਗਰੇਸ਼ੀਅਸ ਪਬਲੀਕੇਸ਼ਨ ਦਾ 'ਸਾਥ ਦਿੱਤਾ' (ਸਹਾਰਾ ਲਿਆ) ਜਾ ਰਿਹਾ ਹੈ।

ਨਾਦ ਪ੍ਰਗਾਸ ਦੇ ਪ੍ਰੋ. ਜਗਦੀਸ਼ ਸਿੰਘ ਨਾਲ ਇਸ ਬਾਰੇ ਉਨ੍ਹਾਂ ਦਾ ਪੱਖ ਜਾਨਣ ਲਈ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਕਿਤਾਬ ਦੇ ਪਿੱਛੇ ਜੋ ਅੱਖਰ ਮੇਰੇ ਵੱਲੋਂ ਲਿਖੇ ਹਨ, ਉਹੀ ਮੇਰਾ ਪੱਖ ਹੈ, ਉਹ ਪੜ੍ਹ ਲਓ। ਜਦੋਂ ਉਨ੍ਹਾਂ ਨੂੰ ਕਿਹਾ ਕਿ ਪਹਿਲਾਂ ਛਪੀਆਂ ਕਿਤਾਬਾਂ ਵਿਚੋਂ ਕਿਸੇ ਨੇ ਵੀ ਨਾਨਕ ਸ਼ਾਹ ਫਕੀਰ ਨਾਂ ਨਹੀਂ ਰੱਖਿਆ ਤਾਂ ਪ੍ਰੋ. ਸਾਹਿਬ ਨੇ ਨੁਕਤੇ ਦਾ ਜਵਾਬ ਨਹੀਂ ਦਿੱਤਾ।




ਕਿਤਾਬ ਦਾ ਦੂਜੀ ਵਾਰ ਜਾਰੀ ਕੀਤਾ ਗਿਆ ਵਿਵਾਦਤ ਸਰਵਰਕ

ਅਸੀਂ ਇਸ ਕਿਤਾਬ ਦਾ ਵਿਰੋਧ ਕਰਦੇ ਹਾਂ। ਸੰਪਾਦਕ ਜੀ ਅਤੇ ਪ੍ਰਕਾਸ਼ਕ ਜੀ ਨੂੰ ਮਿਲ ਕੇ ਵੀ ਸਾਡੇ ਤੌਖਲੇ ਦੂਰ ਨਹੀਂ ਹੋਏ, ਉਹ ਕਿਸੇ ਗੱਲ ਵਿੱਚ ਵੀ ਸਪਸ਼ਟ ਜੁਆਬ ਨਹੀਂ ਦੇ ਪਾ ਰਹੇ ਸਨ, ਸਗੋਂ ਗੱਲ ਨੂੰ ਆਪਣੀਆਂ ਖ਼ੂਬੀਆਂ ਦਰਸਾ ਵਡਿਆ ਹੀ ਰਹੇ ਸਨ ਜੋ ਕਿ ਇਸ ਕਿਤਾਬ ਨੂੰ ਹੋਰ ਸ਼ੱਕੀ ਬਣਾਉਂਦੀ ਹੈ। ਆਸ ਕਰਦੇ ਹਾਂ ਕਿ ਅਜਿਹੀਆਂ ਭੁੱਲਾਂ ਨੂੰ ਪ੍ਰਕਾਸ਼ਕ ਅਤੇ ਲੇਖਕ/ਸੰਪਾਦਕ ਦਰੁਸਤ ਕਰਨਗੇ ਅਤੇ ਅੱਗੇ ਤੋਂ ਪਹਿਲਾਂ ਹੀ ਸੁਚੇਤ ਰਹਿਣਗੇ ਤਾਂ ਜੋ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਸਿੱਖ ਸੰਗਤਾਂ ਨੂੰ ਇਸ ਬਾਰੇ ਸੁਚੇਤ ਹੋ ਕੇ ਇਕਜੁੱਟ ਰੂਪ ਵਿਚ ਆਪਣਾ ਵਿਰੋਧ ਪ੍ਰਗਟਾਉਣਾ ਚਾਹੀਦਾ ਹੈ ਤਾਂ ਕਿ ਨਾਨਕ ਸ਼ਾਹ ਫਕੀਰ ਫਿਲਮ ਰੁਕਵਾਉਣ ਤੋਂ ਬਾਅਦ ਆ ਰਹੀ ਇਸ ਨਵੀਂ ਚੁਣੌਤੀ ਨੂੰ ਵੀ ਠੱਲ੍ਹ ਪਾਈ ਜਾ ਸਕੇ।

## ਗੀਤਕਾਰ ਦੇਵ ਘੋਲੀਏ ਦਾ ਲਿਖਿਆ ਗੀਤ 'ਦਿਲ ਤੇ ਜਾਨ' ਰਿਲੀਜ਼




**ਫਰਿਜ਼ਨੋ/ਏਟੀ ਨਿਊਜ਼ :** ਦੇਵ ਘੋਲੀਏ ਦਾ ਲਿਖਿਆ ਗੀਤ White Rose Music co. ਵਲੋਂ 25 ਮਈ ਨੂੰ ਰਿਲੀਜ਼ ਕੀਤਾ ਗਿਆ। ਦੀਪ ਰਣੀਏ ਦੀ ਪੇਸ਼ਕਸ਼ ਵਿਚ ਗਾਇਕ ਆਰਡੀ ਦਾ ਗਾਇਆ ਇਹ ਗੀਤ ਮਿਊਜ਼ਿਕ ਡਾਇਰੈਕਟਰ ਗੁਰਸੇਵਕ ਸਿੰਘ ਦੀ ਰਹਿਨੁਮਾਈ ਹੇਠ ਰਿਲੀਜ਼ ਕੀਤਾ ਗਿਆ। ਇਸ ਗੀਤ 'ਤੇ ਹੁਣ ਤਕ ਡੇਢ ਲੱਖ ਲੋਕਾਂ ਦੇ ਵਿਊ ਆ ਚੁੱਕੇ ਹਨ। ਪਹਿਲੇ ਦਿਨ ਹੀ ਪੰਜਾਹ ਹਜ਼ਾਰ ਤੋਂ ਵੀ ਵੱਧ ਲੋਕਾਂ ਨੇ ਇਸ ਗੀਤ ਦੀ ਵੀਡੀਓ ਦੇਖ ਕੇ ਆਨੰਦ ਮਾਣਿਆ। ਤੁਸੀਂ ਇਸ ਗੀਤ ਦੀ ਵੀਡੀਓ Dil Te Jaan (Singer Aardy) ਦੇ ਨਾਂ ਹੇਠ ਯੂ ਟਯੂਬ ਲਿੰਕ ਖੋਲ੍ਹ ਕੇ ਵੇਖ-ਸੁਣ ਸਕਦੇ ਹੋ। ਇਸ ਮੌਕੇ ਦੇਵ ਘੋਲੀਏ ਨੇ ਕਿਹਾ ਕਿ ਮੈਂ ਯਾਰਾਂ ਦੋਸਤਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੀ ਕਲਮ ਨੂੰ ਹੱਲਾਸ਼ੇਰੀ ਤੇ ਮਾਣ ਬਖਸ਼ਿਆ। ਪਹਿਲਾਂ ਵੀ ਇਹ ਗੀਤ ਰਾਜ ਗਰੇਵਾਲ ਘੋਲੀਏ ਦੀ ਸਰਪ੍ਰਸਤੀ ਹੇਠ ਕਬੱਡੀ ਟੂਰਨਾਮੈਂਟ 'ਤੇ ਸੁਣਾਇਆ ਗਿਆ ਸੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦਾ ਸਮਾਂ ਅਤੇ ਸਿੱਖਿਆਵਾਂ

**ਕੇਹਰ ਸ਼ਰੀਫ਼**

ਬਾਬਾ ਨਾਨਕ ਜੀ ਦੇ ਆਗਮਨ ਤੇ ਭਾਈ ਗੁਰਦਾਸ ਜੀ ਨੇ ਲਿਖਿਆ:

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਦ ਜੱਗ ਚਾਨਣ ਹੋਆ।।
ਜਿਉਂ ਕਰ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰ ਪਲੋਆ॥

ਧੁੰਦ ਭਰੀ ਸਥਿਤੀ ਅਜਿਹੀ ਹੀ ਹੁੰਦੀ ਹੈ ਜਿਸ ਵਿੱਚ ਨਜ਼ਰ ਹੀ ਕੁਝ ਨਹੀਂ ਆਉਂਦਾ, ਇਹਨੂੰ ਦੂਰ ਕਰਨ ਵਾਸਤੇ ਤਾਂ ਸੂਰਜ ਦੀ ਲੋੜ ਪੈਂਦੀ ਹੈ। ਉਦੋਂ ਦੇ ਅਜਿਹੇ ਮਾੜੇ ਸਮੇਂ ਵਿਚ ਬਾਬਾ ਗੁਰੂ ਨਾਨਕ ਸੂਰਜ ਬਣ ਕੇ ਆਏ ਜਿਨ੍ਹਾਂ ਨੇ ਲੋਕਾਂ ਦੇ ਮਨਾਂ ਤੋਂ ਵਹਿਮਾਂ ਭਰਮਾ, ਟੂਣੇ-ਟਾਮਣਾਂ ਅਤੇ ਆਪਣੇ ਆਪ ਤੇ ਬੇਵਿਸ਼ਵਾਸੀ ਦਾ ਆਲਮ ਰੋਕਣ ਵਾਸਤੇ ਲੋਕਾਂ ਨੂੰ ਜਗਾਉਣ ਦੇ ਰਾਹੇ ਪਾਉਣ ਦਾ ਕਾਰਜ ਆਰੰਭਿਆ।

ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਵਿਖੇ ਹੋਇਆ (ਜੋ ਹੁਣ ਪਾਕਿਸਤਾਨ ਵਿਚ ਹੈ ਅਤੇ ਜਿਸ ਨੂੰ ਹੁਣ ਨਨਕਾਣਾ ਸਾਹਿਬ ਆਖਿਆ ਜਾਂਦਾ ਹੈ)।ਆਪ ਜੀ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ। ਆਪ ਜੀ ਦੇ ਪਿਤਾ ਕਲਿਆਣ ਚੰਦ ਮਹਿਤਾ ਪਿੰਡ ਤਲਵੰਡੀ ਵਿਖੇ ਮਾਲ ਮਹਿਕਮੇ ਦੇ ਪਟਵਾਰੀ ਸਨ ਅਤੇ ਉਸ ਇਲਾਕੇ ਦੇ ਇਕ ਮੁਸਲਮਾਨ ਜਿਮੀਂਦਾਰ ਰਾਇ ਬੁਲਾਰ ਕੋਲ ਨੌਕਰੀ ਕਰਦੇ ਸਨ। ਆਪ ਜੀ ਦੀ ਵੱਡੀ ਭੈਣ ਦਾ ਨਾਂ ਬੇਬੇ ਨਾਨਕੀ ਸੀ।

ਬੇਬੇ ਨਾਨਕੀ ਦਾ ਵਿਆਹ ਜੈ ਰਾਮ ਨਾਲ ਸੁਲਤਾਨਪੁਰ ਲੋਧੀ ਵਿਖੇ ਹੋਇਆ ਜੋ ਲਾਹੌਰ ਦੇ ਗਵਰਨਰ ਦੌਲਤ ਖ਼ਾਨ ਦੇ ਮੋਦੀਖਾਨੇ ਵਿਚ ਕੰਮ ਕਰਦੇ ਸਨ। ਗੁਰੂ ਨਾਨਕ ਸਾਹਿਬ ਦਾ ਵੱਡੀ ਭੈਣ ਨਾਲ ਕਾਫ਼ੀ ਪਿਆਰ ਹੋਣ ਕਾਰਨ ਪੁਰਾਤਨ ਰਸਮਾਂ ਮੁਤਾਬਕ ਉਹ ਵੀ ਸੁਲਤਾਨਪੁਰ ਆਪਣੇ ਜੀਜੇ ਦੇ ਘਰ ਰਹਿਣ ਚਲੇ ਗਏ। ਉੱਥੇ ਉਹ 16 ਸਾਲ ਦੀ ਉਮਰ ਵਿੱਚ ਮੋਦੀਖਾਨੇ ਵਿੱਚ ਹੀ ਕੰਮ ਕਰਨ ਲੱਗ ਪਏ। ਪੁਰਾਤਨ ਜਨਮ-ਸਾਖੀਆਂ ਮੁਤਾਬਕ ਇਹ ਸਮਾਂ ਗੁਰੂ ਨਾਨਕ ਲਈ ਇਕ ਰਚਨਾਤਮਕ ਸਮਾਂ ਸੀ ਅਤੇ ਇਸ ਦੌਰਾਨ ਹੀ ਇਹਨਾਂ ਦੀ ਅਕਾਲ ਪੁਰਖ ਨੂੰ ਮਿਲਣ ਦੀ ਤਾਂਘ ਵਧੀ।

ਸੰਨ 1475 ਈ: ਵਿੱਚ ਆਪ ਜੀ ਨੂੰ ਗੋਪਾਲ ਪੰਡਿਤ ਕੋਲ ਪੜ੍ਹਨ ਭੇਜਿਆ ਗਿਆ। ਪੰਡਿਤ ਨਾਲ ਹੋਏ ਵਿਚਾਰ ਵਟਾਂਦਰੇ ਨੂੰ ਆਪ ਨੇ ਆਪਣੀ ਰਚਨਾ 'ਪੱਟੀ' ਵਿਚ ਦਰਜ ਕੀਤਾ ਹੈ। ਸੰਨ 1478 ਈ: ਵਿਚ ਪੰਡਿਤ ਬ੍ਰਿਜਨਾਥ ਸ਼ਰਮਾ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਉਸ ਨਾਲ ਵੀ ਗੁਰੂ ਜੀ ਨੇ ਸੁਚੱਜਾ ਵਿਚਾਰ ਵਟਾਂਦਰਾ ਕੀਤਾ। ਸੰਨ 1480 ਈ: ਵਿੱਚ ਫ਼ਾਰਸੀ ਪੜ੍ਹਨ ਲਈ ਕੁਤਬ ਦੀਨ ਮੌਲਾਨਾ ਪਾਸ ਭੇਜਿਆ ਗਿਆ।

ਹੁਣ ਹਾਲਤ ਕੀ ਨੇ ਕਿ ਗੁਰੂ ਘਰਾਂ ਅੰਦਰ ਸ਼ਰਧਾਪੂਰਵਕ ਵਿਸ਼ੇਸ਼ ਸਮਾਗਮ ਕੀਤੇ ਜਾ ਰਹੇ ਹਨ। ਗੁਰੂ ਬਾਬੇ ਦੀਆਂ ਸਿੱਖਿਆਵਾਂ ਬਾਰੇ ਵਿਚਾਰਾਂ ਕਰਕੇ, ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਜੁੜਨ ਦਾ ਸੱਦਾ ਦਿੱਤਾ ਜਾ ਰਿਹਾ ਹੈ, ਉਨ੍ਹਾਂ ਉੱਤੇ ਅਮਲ ਕਰਕੇ ਇਸ ਦੁਨੀਆ ਦੇ ਜੋ ਆਮ ਕੁਚੱਜੇ ਵਹਿਣ ਨੇ ਉਨ੍ਹਾਂ ਨੂੰ ਮਨੁੱਖਵਾਦੀ ਧਾਰਾ ਵੱਲ ਮੋੜਨ ਦੇ ਸੱਦੇ ਦਿੱਤੇ ਜਾ ਰਹੇ ਹਨ। ਇਹ ਕਾਰਜ ਬਹੁਤ ਔਖਾ ਹੈ, ਪਰ ਇੱਥੇ ਗੱਲ ਕਰਦਿਆਂ ਸਾਨੂੰ ਇਹ ਵੀ ਤਾਂ ਸੋਚਣਾ ਚਾਹੀਦਾ ਹੈ ਕਿ ਸਮਾਜ ਦੀ ਵਿਗੜ ਰਹੀ ਧਾਰਾ ਨੂੰ ਸਹੀ ਰਸਤੇ ਵੱਲ ਮੋੜਨਾ ਕੋਈ ਸੌਖਾ ਕੰਮ ਤਾਂ ਨਹੀਂ ਹੁੰਦਾ। ਇਸ ਬਾਰੇ ਸਖਤ ਮਿਹਨਤ-ਮੁਸ਼ੱਕਤ ਤਾਂ ਕਰਨੀ ਹੀ ਪਵੇਗੀ। ਸੋ ਇਹ ਭਲਾ ਸੌਖਾ ਕਾਰਜ ਕਿਵੇਂ ਹੋ ਸਕਦਾ ਹੈ ? ਪਰ ਇਨ੍ਹਾਂ ਸਿਖਿਆਵਾਂ ਨਾਲ ਜੁੜੇ ਬਗੈਰ ਅਤੇ ਉਨ੍ਹਾਂ ਉੱਤੇ ਅਮਲ ਕੀਤੇ ਬਿਨਾ ਸਭ ਵਿਖਿਆਨ ਥੋਥੇ ਹਨ ਜਿਵੇਂ ਆਮ ਹੀ ਕਿਹਾ ਜਾਂਦਾ ਹੈ ਕਿ ਕੋਈ ਵੀ ਥੀਊਰੀ ਜਾਂ ਵਿਚਾਰ ਜਦੋਂ ਤਕ ਉਸ ਉੱਤੇ ਹੁੰਦੇ ਅਮਲ ਨੂੰ ਨਾ ਪਰਖਿਆ ਜਾਵੇ, ਉਸ ਦਾ ਪੂਰਾ ਸੱਚ ਪੱਲੇ ਨਹੀਂ ਪੈਂਦਾ। ਜੋ ਸੱਚ ਨੂੰ ਨਾ ਪਰਖੇ ਜਾਂ ਹੰਘਾਲੇ ਉਹ ਕਾਹਦਾ ਵਿਚਾਰ ? ਲੋੜ ਹੈ ਅੱਜ ਦੀ ਸਥਿਤੀ 'ਤੇ ਘੋਖਵੀਂ ਅਤੇ ਡੂੰਘੀ ਨਜ਼ਰ ਮਾਰਨ ਦੀ, ਵਿਚਾਰਨ ਤੇ ਪਰਖ ਕਰਨ ਦੀ।

ਅੱਜ ਦਾ ਸਮਾਂ ਉਸ ਸਮੇਂ ਤੋਂ ਬਹੁਤ ਵੱਖਰਾ ਹੈ ਜਿਸ ਸਮੇਂ ਬਾਬਾ ਗੁਰੂ ਨਾਨਕ ਦਾ ਇਸ ਜੱਗ ਵਿੱਚ ਆਗਮਨ ਹੋਇਆ ਸੀ। ਉਦੋਂ ਸਮਾਜ ਅੰਦਰ ਸਿਰੇ ਦੀ ਗੁਰਬਤ ਸੀ, ਹਰ ਪਾਸੇ ਧੁੰਦ ਹੀ ਧੁੰਦ ਸੀ। ਵਹਿਮਾਂ ਭਰਮਾਂ ਵਿੱਚ ਸਾਡਾ ਸਮਾਜ ਗਰਕਿਆ ਪਿਆ ਸੀ, (ਸੈਂਕੜੇ ਸਾਲ ਬੀਤ ਜਾਣ ਤੋਂ ਬਾਅਦ ਵੀ ਅਸੀਂ ਅਜੇ ਉਸੇ ਜਿੱਲ੍ਹਣ ਵਿਚ ਫਸੇ ਬੈਠੇ ਹਾਂ) । ਬ੍ਰਾਹਮਣੀ ਮੱਤ ਵਲੋਂ ਦਿੱਤੀ ਵਿਤਕਰੇ ਭਰਪੂਰ ਅਣਮਨੁੱਖੀ ਸੋਚ ਜਾਤ-ਪਾਤ ਦੇ ਅਧਾਰ 'ਤੇ ਮਨੁੱਖ ਦੇ ਚੰਗੇ ਮੰਦੇ ਹੋਣ ਦੀ ਪਰਖ ਕੀਤੀ ਜਾਂਦੀ ਸੀ। ਤਕੜਾ ਮਾੜੇ ਨੂੰ ਦਬਾਈ ਜਾ ਰਿਹਾ ਸੀ, ਮਾੜੇ ਦਾ ਜੀਣ ਬਹੁਤ ਔਖਾ ਸੀ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲਾ ਹੀ ਸਭ ਤੋਂ ਔਖਾ ਜੀਵਨ ਬਸਰ ਕਰਦਾ ਸੀ, ਵਿਹਲੜ ਉਦੋਂ ਵੀ ਅੱਜ ਦੇ ਵਿਹਲੜਾਂ ਵਾਂਗ ਹੀ ਮੌਜਾਂ ਮਾਣਦੇ ਸਨ। ਆਪਣੇ ਆਪ ਨੂੰ ਸਮਾਜ ਦੀ ਅਗਵਾਈ ਕਰਨ ਵਾਲੇ ਬਹੁਤੇ ਸੰਤ ਮਹਾਤਮਾ ਕਹਾਉਂਦੇ ਲੋਕ ਪਖੰਡਾਂ ਵਿਚ ਗਲਤਾਨ ਸਨ ਜਿਵੇਂ ਅੱਜ ਹਨ, ਆਪਣੀ ਹੀ ਪੂਜਾ ਕਰਵਾਈ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸਮਾਜ ਨਾਲੋਂ ਵੱਧ ਆਪਣੇ ਸੁਖਾਂ ਭਰੇ ਜੀਵਨ ਦਾ ਫਿਕਰ ਸੀ। ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਜੀਵਨ ਅਤੇ ਜਹਾਨ ਵਲੋਂ ਉਦਾਸ ਅਤੇ ਉਪਰਾਮ ਹੋਏ ਪਹਾੜੀਂ ਜਾ ਚੜ੍ਹੇ, ਭਗਤੀ ਦੀਆਂ ਗੱਲਾਂ ਕਰਨ ਲੱਗੇ। ਪਰ ਜੀਣ ਦੇ ਸਾਰੇ ਸਾਧਨ ਉਹ ਫੇਰ ਵੀ ਉਸ ਸਮਾਜ ਤੋਂ ਹੀ ਮੰਗਦੇ ਰਹੇ ਜਿਸ ਨੂੰ ਤਿਆਗਣ ਦਾ ਉਹ ਪਾਖੰਡ ਕਰਦੇ ਸਨ। ਜਿਸ ਸਮਾਜ ਨੂੰ ਚੰਗੀ ਅਗਵਾਈ ਦੀ ਲੋੜ ਹੋਵੇ, ਜੇ ਉਦੋਂ ਉਸ ਨੂੰ ਸੇਧ ਦੇਣ ਵਾਲੇ ਆਪਣੇ ਆਪ ਸੇਧ ਹੀਣ ਹੋ ਜਾਣ ਤਾਂ ਉਸ ਸਮਾਜ ਨੂੰ ਢਹਿੰਦੀਆਂ ਕਲਾਂ ਵੱਲ ਜਾਣ ਤੋਂ ਕੋਈ ਨਹੀਂ ਰੋਕ ਸਕਦਾ। ਉਦੋਂ ਹਾਲਤ ਵੀ ਇਵੇਂ ਦੀ ਹੀ ਸੀ, ਤੇ ਹੋਇਆ ਵੀ ਇਵੇਂ ਹੀ ਸੀ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਬਾਬਾ ਗੁਰੂ ਨਾਨਕ ਅਜਿਹੇ ਨਾਥ ਜੋਗੀਆਂ ਦੇ ਡੇਰਿਆਂ 'ਤੇ ਪਹੁੰਚੇ ਉਨ੍ਹਾਂ ਨਾਲ ਵਿਚਾਰਾਂ ਕੀਤੀਆਂ, ਉਨ੍ਹਾਂ ਨੂੰ ਠੀਕ ਰਾਹ ਦੀ ਦੱਸ ਪਾਈ। ਇਹ ਗੱਲਾਂ-ਬਾਤਾਂ ਜਿਨ੍ਹਾਂ ਨੂੰ ਗੋਸ਼ਟਿ ਭਾਵ ਵਿਚਾਰ ਵਟਾਂਦਰਾ ਕਰਨਾ ਵੀ ਕਿਹਾ ਜਾਂਦਾ ਹੈ। ਅੱਜ ਸੋਚਦੇ ਹਾਂ ਕਿ ਇੱਥੋਂ ਹੀ ਅੱਜ ਦੀ ਗੋਸ਼ਟੀ, ਸੈਮੀਨਾਰ ਵਿਚਾਰ-ਵਟਾਂਦਰੇ ਆਦਿ ਦੀ ਸ਼ੁਰੂਆਤ ਹੋਈ ਹੋਵੇਗੀ, ਕਿ ਦੂਜੇ ਦੀ ਗੱਲ ਸੁਣਨੀ ਤੇ ਆਪਣੀ ਕਹਿਣੀ ਵਾਲੀ ਰਵਾਇਤ ਤੁਰੀ, ਜੋ ਅੱਜ ਦੇ ਸੰਸਾਰ ਅੰਦਰ ਹਰ ਪਾਸੇ ਹੀ ਵਰਤੀ ਜਾ ਰਹੀ ਹੈ। ਇਸੇ ਕਰਕੇ ਤਾਂ ਬਾਬਾ ਗੁਰੂ ਨਾਨਕ ਨੇ ਕਿਹਾ ਸੀ :

ਜਬ ਲਗ ਦੁਨੀਆ ਰਹੀਐ ਨਾਨਕ
ਕਿਛੁ ਸੁਣੀਐ ਕਿਛੁ ਕਹੀਐ।।

ਅਜਿਹੀ ਸਥਿਤੀ ਬਾਰੇ ਕਿਸੇ ਕਵੀ ਮਨ ਨੇ ਦੁੱਖ ਪ੍ਰਗਟ ਕਰਦਿਆਂ ਲਿਖਿਆ ਕਿ ਬਾਬੇ ਨੇ ਸਿੱਧਾਂ ਦੇ ਮਨ ਤਾਂ ਬਦਲੇ ਪਰ ਅਸੀਂ ਆਪਣੇ ਮਨਾਂ ਤੇ ਡੇਰਿਆਂ ਵਿਚ ਚਾਨਣ ਹੋਣ ਹੀ ਨਹੀਂ ਦੇਣਾ ਚਾਹੁੰਦੇ। ਕਵੀ ਕਹਿੰਦਾ ਹੈ :

"ਛੱਟਾ ਤਾਰਿਆਂ ਦਾ ਸੁੱਟਿਆ ਹਨੇਰਿਆਂ ਦੇ ਵਿਚ
ਲੱਖਾਂ ਕਿਰਨਾਂ ਬਖੇਰੀਆਂ ਸਵੇਰਿਆਂ ਦੇ ਵਿਚ
ਸਿੱਧਾਂ ਜੋਗੀਆਂ ਦੇ ਅੰਬਰਾਂ 'ਚ ਤਾਰੇ ਚਾੜ੍ਹ ਦਿੱਤੇ
ਲੋਅ ਫੇਰ ਵੀ ਨਾ ਹੋਈ ਸਾਡੇ ਡੇਰਿਆਂ ਦੇ ਵਿਚ"

ਸਾਡੇ ਹੁਣ ਦੇ ਬਹੁਤੇ ਡੇਰੇ ਤਾਂ ਵੰਡਦੇ ਹੀ ਹਨੇਰਾ ਹਨ, ਇਨ੍ਹਾਂ ਤੋਂ ਬਚਣ ਦਾ ਹੋਕਾ ਦੇਣਾ ਸਾਡਾ ਫ਼ਰਜ਼ ਹੈ।

ਗੁਰੂ ਜੀ ਤਿੱਬਤ, ਲੰਕਾ ਅਤੇ ਅਰਬ ਦੇਸ਼ਾਂ ਵਿਚ ਵੀ ਗਏ। ਉੱਘੇ ਧਰਮ ਅਸਥਾਨਾਂ ਵਿਚ ਜਾ ਕੇ ਪੰਡਤਾਂ, ਮੁਲਾਣਿਆਂ ਅਤੇ ਆਮ ਲੋਕਾਂ ਨੂੰ ਅਸਲੀ ਧਰਮ ਦੀ ਸੋਝੀ ਕਰਵਾਈ। ਸੰਸਾਰ ਦੇ ਧਾਰਮਿਕ ਆਗੂਆਂ ਵਿੱਚੋਂ ਸਭ ਤੋਂ ਵੱਧ ਸਫਰ ਕਰਨ ਵਾਲੇ ਆਪ ਹੀ ਸਨ। ਆਪ ਜੀ ਨੇ ਬਾਣੀ ਰਾਹੀਂ ਥਾਂ-ਥਾਂ 'ਤੇ ਪ੍ਰਚਾਰ ਕੀਤਾ। ਆਪ ਜੀ ਨੇ ਬਾਣੀ ਰਚਨਾ ਬਚਪਨ ਤੋਂ ਹੀ ਆਰੰਭ ਕਰ ਦਿੱਤੀ ਸੀ। ਸੰਨ 1480 ਈ: ਵਿਚ ਸਮਾਜੀ ਸੰਸਕਾਰ ਦੀ ਪੂਰਤੀ ਲਈ ਬੁਲਾਏ ਗਏ ਪ੍ਰੋਹਤ ਨੂੰ ਗੁਰੂ ਜੀ ਨੇ ਜੰਞੂ ਬਾਰੇ ਗਿਆਨ ਦਿੱਤਾ। ਇਸ ਤਰ੍ਹਾਂ ਬਚਪਨ ਤੋਂ ਹੀ ਆਪ ਜੀ ਦਾ ਦੁਨੀਆ ਨੂੰ ਸਹੀ ਰਾਹ 'ਤੇ ਪਾਉਣ ਦਾ ਸਫਰ ਆਰੰਭ ਹੁੰਦਾ ਹੈ ਤੇ ਸਮਾਂ ਬੀਤਣ ਨਾਲ ਇਸ ਦਾ ਦਾਇਰਾ ਵਿਸ਼ਾਲ ਹੁੰਦਾ ਜਾਂਦਾ ਹੈ।

ਬਾਬਾ ਗੁਰੂ ਨਾਨਕ ਬਚਪਨ ਤੋਂ ਹੀ ਅਜਿਹੇ ਕਿਰਦਾਰ ਨਾਲ ਵਿਚਰਨ ਲੱਗੇ ਕਿ ਉਨ੍ਹਾਂ ਦਾ ਹਰ ਕਾਰਜ ਹੀ ਨਵਾਂ ਅਤੇ ਨਿਵੇਕਲਾ ਸੀ। ਉਦੋਂ ਦੀ ਸਮਾਜਕ ਰੀਤ ਸੀ ਕਿ ਜਦੋਂ ਬੱਚੇ ਨੂੰ ਸਮਾਜ ਵਿੱਚ ਸ਼ਾਮਲ ਕੀਤਾ ਜਾਂਦਾ ਸੀ ਤਾਂ ਬ੍ਰਾਹਮਣੀ ਰੀਤਾਂ ਅਨੁਸਾਰ ਉਸਦੇ ਗਲ ਵਿੱਚ ਜਨੇਊ ਪਾਇਆ ਜਾਂਦਾ ਸੀ। ਸੂਤ ਦੀ ਵੱਟੀ ਡੋਰ ਨੂੰ ਹੀ ਜਨੇਊ ਕਿਹਾ ਜਾਂਦਾ ਹੈ। ਜਦੋਂ ਪਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਨੇ ਆਪਣੇ ਘਰ ਪੰਡਿਤ ਨੂੰ ਬੁਲਾ ਕੇ ਨਾਨਕ (ਗੁਰੂ ਸਾਹਿਬ) ਦੇ ਗਲ ਜਨੇਊ ਪਾਉਣ ਵਾਸਤੇ ਕਿਹਾ ਤਾਂ ਗੁਰੂ ਨਾਨਕ ਨੇ ਅਜਿਹੇ ਜਨੇਊ ਦੀ ਮੰਗ ਕੀਤੀ ਕਿ ਜੋ ਦਇਆ ਭਰਪੂਰ ਹੋਵੇ, ਸਬਰ, ਸੰਜਮ ਤੇ ਸੰਤੋਖ ਵਾਲਾ ਹੋਵੇ, ਜੋ ਟੁੱਟੇ ਨਾ, ਜੋ ਜਲੇ ਨਾ ਤੇ ਮੈਲਾ ਨਾ ਹੋਵੇ ਅਤੇ ਪੰਡਿਤ ਨੂੰ ਕਿਹਾ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।

ਇਸ ਤਰ੍ਹਾਂ ਸਬਰ, ਸੰਤੋਖ, ਸੰਜਮ ਵਾਲੇ ਅਤੇ ਨਾ ਜਲਣ ਵਾਲੇ ਤੇ ਨਾ ਮੈਲ਼ਾ ਹੋਣ ਵਾਲੇ ਤੇ ਨਾ ਟੁੱਟਣ ਵਾਲੇ ਜਨੇਊ ਦੀ ਮੰਗ ਕਰਕੇ ਬਾਬੇ ਗੁਰੂ ਨਾਨਕ ਨੇ ਸੂਤ ਦੇ ਵੱਟੇ ਧਾਗਿਆਂ ਵਾਲੇ ਜਨੇਊ ਨੂੰ ਹੀ ਰੱਦ ਕਰ ਦਿੱਤਾ। ਪਰ ਪੰਡਤ ਅਜਿਹੇ ਜਨੇਊ ਬਾਰੇ ਜਾਣਦਾ ਹੀ ਕੁਝ ਨਹੀਂ ਸੀ, ਜਿਹੜਾ ਬਾਬੇ ਗੁਰੂ ਨਾਨਕ ਨੇ ਮੰਗਿਆ। ਉਸ ਸਮੇਂ ਦਲੀਲ ਨਾਲ ਰਵਾਇਤੀ ਕਿਸਮ ਦੇ ਜਨੇਊ ਨੂੰ ਪਾਉਣ ਤੋਂ ਕੀਤੀ ਗਈ ਨਾਂਹ ਵਿੱਚੋਂ ਨਵਾਂ ਵਿਚਾਰ, ਨਵਾਂ ਰਾਹ, ਭਾਵ ਸਿੱਖੀ ਦੇ ਰਾਹ ਦੀ ਧਾਰਾ ਫੁੱਟਦੀ ਹੈ, ਇਹ ਸਾਨੂੰ ਅੱਜ ਸਮਝਣਾ ਸੌਖਾ ਹੈ, ਉਦੋਂ ਭਾਵੇਂ ਔਖਾ ਲੱਗਿਆ ਹੋਵੇ। ਫਰਜ਼ ਕਰੋ ਬਾਬਾ ਗੁਰੂ ਨਾਨਕ ਉਸ ਦਿਨ ਜਦੋਂ ਪਿਤਾ ਕਾਲੂ ਜੀ ਨੇ ਪੰਡਿਤ ਨੂੰ ਘਰ ਸੱਦਿਆ, ਜੇ ਉਦੋਂ ਪੰਡਿਤ ਦੇ ਕਹੇ ਜਨੇਊ ਪਾ ਲੈਂਦੇ ਤਾਂ ਕੀ ਅੱਜ ਇਹ ਸਥਿਤੀ ਹੁੰਦੀ ਜਿਸ ਵਿਚ ਆਪਾਂ ਸਾਰੇ ਗੁਜ਼ਰ ਰਹੇ ਹਾਂ। ਆਪਾਂ ਰਲ ਕੇ ਬੈਠਦੇ ਹਾਂ, ਸਾਂਝੀਆਂ ਵਿਚਾਰਾਂ ਕਰਦੇ ਹਾਂ। ਇਹ ਉਸ ਦਿਨ ਬਾਬਾ ਗੁਰੂ ਨਾਨਕ ਵਲੋਂ ਰਵਾਇਤੀ ਕਿਸਮ ਦੇ ਜਨੇਊ ਪਾਉਣ ਤੋਂ ਕੀਤੀ ਗਈ ਨਾਂਹ ਦਾ ਸਿੱਟਾ ਹੀ ਹੈ ਕਿ ਇਹ ਨਵਾਂ ਰਾਹ ਤੁਰਿਆ, ਜੋ ਸਿੱਖੀ ਦਾ ਰਾਹ ਬਣ ਗਿਆ। ਬਾਬਾ ਗੁਰੂ ਨਾਨਕ ਜੀ ਤੋਂ ਪਹਿਲਾਂ ਸੰਤ ਕਬੀਰ ਜੀ ਨੇ ਵੀ ਪਾਖੰਡ ਦੇ ਇਸ ਰਾਹ ਨੂੰ ਰੱਦ ਕੀਤਾ ਸੀ ਤੇ ਭਗਤੀ ਲਹਿਰ ਦੇ ਬਾਕੀ ਰਹਿਬਰ ਜਾਂ ਹੋਰ ਭਗਤ ਉਸ ਸਮੇਂ ਦੇ ਬ੍ਰਾਹਮਣੀ ਕਰਮ ਕਾਂਡਾਂ ਨੂੰ ਰੱਦ ਕਰਨ ਵਾਲੇ ਹੀ ਸਨ। ਗੁਰੂ ਨਾਨਕ ਸਾਹਿਬ ਨੇ ਗੁਰਮਤਿ ਦੇ ਵਿਚਾਰਾਂ ਨੂੰ ਮਨੁੱਖਤਾ ਲਈ ਗਾਡੀਰਾਹ ਬਣਾਉਣ ਦਾ ਅਨੂਠਾ ਕਾਰਜ ਸਿਰੇ ਚਾੜ੍ਹਿਆ ਜੋ ਬਾਕੀ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਇਸ ਤਰ੍ਹਾਂ ਭਗਤੀ ਲਹਿਰ ਦੇ ਸੰਤਾਂ-ਮਹਾਪੁਰਖਾਂ ਦੀ ਘਾਲਣਾ ਅਤੇ ਗੁਰੂ ਨਾਨਕ ਸਾਹਿਬ ਦੀ ਸਿੱਖ ਲਹਿਰ ਇਸ ਖਿੱਤੇ ਵਿਚ ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਖਾਲਸਾ ਇਨਕਲਾਬ ਦੀ ਬੁਨਿਆਦ ਬਣੀ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ ਦੀ ਬਾਣੀ ਦਰਜ ਹੋਣ ਦੇ ਨਾਨ-ਨਾਲ ਭਗਤੀ ਲਹਿਰ ਦੇ ਸੰਤ-ਭਗਤਾਂ ਦੀ ਬਾਣੀ ਦਾ ਸ਼ਾਮਿਲ ਕਰਨਾ ਵੀ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਗੁਰਮਤਿ ਨੂੰ ਪ੍ਰਣਾਏ ਸਭ ਮਹਾਪੁਰਖਾਂ ਨੂੰ ਬਰਾਬਰ ਮਾਣ ਸਤਿਕਾਰ ਦੇਣ ਦਾ ਲਖਾਇਕ ਹੈ। ਗੁਰੂਆਂ ਅਤੇ ਭਗਤਾਂ ਦੀ ਸਾਂਝੀ ਮੱਤ ਹੀ ਗੁਰਮਤਿ ਹੈ ਜੋ ਸਾਨੂੰ ਆਪਣੀ ਸੋਚ ਦਾ ਹਿੱਸਾ ਬਣਾ ਲੈਣੀ ਚਾਹੀਦੀ ਹੈ, ਤਾਂ ਕਿ ਅਸੀਂ ਹਨੇਰਾ ਢੋਹਣ ਤੋਂ ਬਚ ਸਕੀਏ, ਕਿਸੇ ਵੀ ਗੱਲ ਬਾਰੇ ਸਹੀ ਫੈਸਲਾ ਲੈ ਸਕੀਏ। ਇਹ ਹੀ ਗੁਰੂ ਨਾਨਕ ਦਾ ਰਾਹ ਹੈ ਜੋ ਜੱਗ ਚਾਨਣ ਕਰਦਾ ਹੈ। ਪਰ ਬਹੁਤ ਵਾਰ ਅਸੀਂ ਇਸ ਸਹਿਜ ਰਾਹ ਤੋਂ ਪਾਸੇ ਜਾਂਦਿਆਂ ਅਣਜਾਣੇ ਹੀ ਵਹਿਮਾਂ-ਭਰਮਾਂ ਵਾਲੇ ਰਾਹ ਤੁਰ ਪੈਂਦੇ ਹਾਂ। ਵਹਿਮਾਂ-ਭਰਮਾਂ ਵਾਲਾ ਰਾਹ, ਗੁਰੂ ਨਾਨਕ ਦਾ ਰਾਹ ਨਹੀਂ। ਨਵੇਂ ਰਾਹੇ ਤੁਰਨ ਕਰਕੇ ਤਾਂ ਬਾਬਾ ਗੁਰੂ ਨਾਨਕ ਨੂੰ ਸਮਾਜ ਅੰਦਰ ਜੀਅ ਰਹੇ ਦੰਭੀਆਂ ਨੇ ਭੁੰਡਨਾ, ਬੇਤਾਲਾ ਤਕ ਕਿਹਾ। ਇੱਥੋਂ ਹੀ ਪਤਾ ਲਗਦਾ ਹੈ ਕਿ ਚੱਲ ਰਹੀ ਰੀਤ ਦੀ ਥਾਵੇਂ ਨਵਾਂ ਰਾਹ ਪਾਉਣਾ ਸੌਖਾ ਨਹੀਂ ਹੁੰਦਾ, ਸਗੋਂ ਹੁੰਦਾ ਬਹੁਤ ਹੀ ਔਖਾ ਹੁੰਦਾ ਹੈ। ਇਸ 'ਤੇ ਚੱਲਣ ਲਈ ਬਹੁਤ ਕੁਝ ਸੁਣਨਾ ਤੇ ਸਹਿਣਾ ਪੈਂਦਾ ਹੈ।



ਗੁਰੂ ਨਾਨਕ ਜੀ ਨੇ ਬ੍ਰਾਹਮਣੀ ਸਮਾਜ ਵਲੋਂ ਔਰਤ ਨੂੰ ਪੈਰ ਦੀ ਜੁੱਤੀ ਕਹਿਣ ਅਤੇ ਅਜਿਹੇ ਹੀ ਕੁਲਹਿਣੇ ਹੋਰ ਨਹੋਰਿਆਂ ਦਾ ਵਿਰੋਧ ਕੀਤਾ। ਉਨ੍ਹਾਂ ਸਦੀਆਂ ਤੋਂ ਦੁਰਕਾਰੀ ਅਤੇ ਲਤਾੜੀ ਜਾ ਰਹੀ ਔਰਤ ਦੇ ਸਵੈਮਾਣ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ ਤੇ ਕਿਹਾ :

ਭੰਡਿ ਜੰਮੀਐ ਭੰਡ ਨਿੰਮੀਐ
ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ।।
ਭੰਡੁ ਮੂਆ ਭੰਡੁ ਭਾਲੀਐ
ਭੰਡਿ ਹੋਵੇ ਬੰਧਾਨ।।
ਸੋ ਕਿਉਂ ਮੰਦਾ ਆਖੀਐ
ਜਿਤਿ ਜੰਮੈ ਰਾਜਾਨ।।

ਅੱਜ ਦੇ ਸਮੇਂ ਸਾਨੂੰ ਆਪਣੇ ਜੀਵਨ, ਆਪਣੇ ਘਰ ਤੇ ਆਪਣੇ ਸਮਾਜ ਜਾਂ ਆਪਣੇ ਆਲ਼ੇ-ਦੁਆਲ਼ੇ ਨਿਗਾਹ ਮਾਰ ਕੇ ਦੇਖਣਾ ਚਾਹੀਦਾ ਹੈ ਕਿ ਦਰਅਸਲ ਹੋ ਕੀ ਰਿਹਾ ਹੈ ? ਕੀ ਬਾਬਾ ਗੁਰੂ ਨਾਨਕ ਵਲੋਂ ਆਪਣੇ ਸਮੇਂ ਵਿੱਚ ਲੋਕਾਈ ਨੂੰ ਦਿੱਤੇ ਉਪਦੇਸ਼ ਲੋਕਾਂ ਨੇ ਆਪਣੇ ਜੀਵਨ ਵਿੱਚ ਅਪਣਾਏ ਵੀ ਹਨ ਜਾਂ ਫੇਰ ਅੱਜ ਅਸੀਂ ਇਹ ਜ਼ੋਰ ਹੀ ਲਾਈ ਜਾ ਰਹੇ ਹਾਂ ਕਿ ਬਾਬਾ ਗੁਰੂ ਨਾਨਕ ਹੀ ਫੇਰ ਆਵੇ ਤੇ ਉਹ ਹੀ ਸਭ ਕੁਝ ਕਰੇ। ਕੀ ਅਸੀਂ ਜਦੋਂ ਕਦੇ ਕੋਈ ਭਲਾਈ ਦਾ ਕੰਮ ਕਰਦੇ ਹਾਂ ਉਹ ਆਪਣੇ ਦਿਲੋਂ-ਮਨੋਂ ਕਰਦੇ ਹਾਂ ਜਾਂ ਸਮਾਜ ਵਿਚ ਆਪਣੀ ਟੌਹਰ ਬਣਾਉਣ ਖਾਤਰ, ਜਾਂ ਦਿਖਾਵੇ ਵਾਸਤੇ ਹੀ ਕਰਦੇ ਹਾਂ। ਜੇ ਅਜਿਹਾ ਹੈ ਤਾਂ ਅਸੀਂ ਆਪਣੇ ਲੋਕਾਂ ਨਾਲ ਵੀ ਤੇ ਆਪਣੇ ਆਪ ਨਾਲ ਵੀ ਧੋਖਾ ਕਰ ਰਹੇ ਹੁੰਦੇ ਹਾਂ। ਇਹ ਵਿਵਹਾਰ ਸਾਡੇ ਗੁਰੂ ਬਾਬੇ ਦੀ ਸਿੱਖਿਆ ਦੇ ਉਲਟ ਹੈ।

ਗੁਰੂ ਨਾਨਕ ਜੀ ਦੀਆਂ ਸਿੱਖਿਆਵਾਂ ਬਾਰੇ ਸੋਚਦਿਆਂ ਸਾਨੂੰ ਇਸ ਗੱਲ ਵੱਲ ਬਹੁਤ ਸੁਚੇਤ ਹੋਣਾ ਚਾਹੀਦਾ ਹੈ ਕਿ ਕੀ ਘਰ ਪਰਿਵਾਰ ਅੰਦਰ ਰਹਿੰਦੇ ਹੋਏ ਆਪਣਾ ਧਰਮ ਪਾਲਦੇ ਹਾਂ, ਆਪਣੇ ਮਾਤਾ ਪਿਤਾ, ਆਪਣੇ ਜੀਵਨ ਸਾਥੀ ਜਾਂ ਜੀਵਨ ਸਾਥਣ ਨੂੰ ਬਣਦਾ ਮਾਣ ਸਤਿਕਾਰ ਦੇ ਰਹੇ ਹਾਂ ? ਕਿਧਰੇ ਮਨ ਵਿਚ ਇਸ ਨੂੰ ਵਾਧੂ ਦਾ ਪੁਆੜਾ ਤਾਂ ਨਹੀਂ ਸਮਝ ਰਹੇ ? ਕੀ ਬੱਚਿਆਂ ਪ੍ਰਤੀ ਜਾਂ ਉਨ੍ਹਾਂ ਦੇ ਭਵਿੱਖ ਪ੍ਰਤੀ ਚਿੰਤਾਵਾਨ ਹੁੰਦੇ ਹੋਏ ਵੀ ਚਿੰਤਾ ਮੁਕਤ ਜੀਵਨ ਬਿਤਾਉਣ ਦੀ ਕੋਸ਼ਿਸ਼ ਕਰਦੇ ਹਾਂ, ਜਾਂ ਫੇਰ ਇੱਥੇ ਵੀ ਲੋਕ ਦਿਖਾਵਾ ਕਰਕੇ ਹੀ ਬੁੱਤਾ ਸਾਰਿਆ ਚਾਹੁੰਦੇ ਹਾਂ। ਕੀ ਅਸੀਂ ਬ੍ਰਾਹਮਣੀ ਮੱਤ ਵਲੋਂ ਸਿਰਜੇ ਜਾਤ ਪਾਤ ਵਾਲੇ ਅਣਮਨੁੱਖੀ, ਦੰਭੀ ਅਤੇ ਵਿਤਕਰੇ ਭਰੀ, ਮਨੁੱਖਾਂ ਨੂੰ ਹੀਣੇ ਕਰਨ ਵਾਲੀ ਸੋਚ ਤੋਂ ਖਹਿੜਾ ਛੁਡਵਾ ਲਿਆ ਹੈ ? ਜੇ ਨਹੀਂ ਤਾਂ ਫੇਰ ਆਪਣੀ ਸੋਚ ਦੀ ਪੀੜ੍ਹੀ ਹੇਠ ਸੋਟਾ ਫੇਰਨ ਦਾ ਜਤਨ ਕਰੀਏ ਤੇ ਗੁਰੂ ਦੀ ਸਿੱਖਿਆ ਦੇ ਗਜ਼ ਨਾਲ ਆਪਣੇ ਅਮਲ ਪਰਖੀਏ। ਜੇ ਊਣੇ ਹੋਈਏ ਤਾਂ ਆਪਣੇ ਆਪ 'ਤੇ, ਆਪਣੇ ਅਮਲਾਂ ਨੂੰ ਸੁਧਾਰਨ ਦਾ ਜਤਨ ਕਰੀਏ।

ਅੱਜ ਦੇ ਸਾਡੇ ਸਮਾਜਿਕ ਰਿਸ਼ਤੇ ਬਹੁਤ ਹੀ ਗੰਧਲੇ ਹੋ ਗਏ ਹਨ। ਜਾਇਦਾਦਾਂ ਜਾਂ ਕਿਸੇ ਹੋਰ ਗੱਲ ਨੂੰ ਲੈ ਕੇ ਜਾਂ ਹਊਮੈ ਖਾਤਰ ਭੈਣਾਂ-ਭਰਾਵਾਂ ਦੇ ਝਗੜੇ ਵੇਲੇ ਸਾਨੂੰ ਕਿਉਂ ਯਾਦ ਨਹੀਂ ਆਉਂਦਾ ਬੇਬੇ ਨਾਨਕੀ ਜੀ ਤੇ ਸਤਿਗੁਰੂ ਨਾਨਕ ਜੀ ਦਾ ਪਿਆਰ ਤੇ ਸਤਿਕਾਰ ਭਰਿਆ ਰਿਸ਼ਤਾ। ਇਸੇ ਹੀ ਤਰ੍ਹਾਂ ਜਦੋਂ ਨਿੱਤ ਦਿਨ ਸੱਸ-ਨੂੰਹ, ਅਤੇ ਨਣਦ-ਭਰਜਾਈ ਦੇ ਰਿਸ਼ਤੇ ਦੀਆਂ ਗੁੰਝਲਾਂ ਭਰੀਆਂ ਕਹਾਣੀਆਂ ਸੁਣਦੇ ਹਾਂ ਤਾਂ ਕਿਉਂ ਸਾਨੂੰ ਨਹੀਂ ਚੇਤਾ ਆਉਂਦਾ ਬੇਬੇ ਨਾਨਕੀ ਜੀ ਅਤੇ ਮਾਤਾ ਸੁਲੱਖਣੀ ਜੀ, ਜੋ ਨਣਦ ਭਰਜਾਈ ਵੀ ਸਨ ਪਰ ਅਸਲ ਵਿੱਚ ਭੈਣਾਂ ਵਰਗਾ ਮੋਹ ਭਰਿਆ ਰਿਸ਼ਤਾ ਨਿਭਾਉਂਦੀਆਂ ਰਹੀਆਂ ਹਨ। ਜਦੋਂ ਗੁਰੂ ਨਾਨਕ ਸਾਹਿਬ ਦਾ ਸਹੁਰਾ ਪਰਿਵਾਰ ਸੁਲੱਖਣੀ ਬਾਰੇ ਫਿਕਰਮੰਦ ਹੋ ਕੇ ਗੁਰੂ ਨਾਨਕ ਜੀ ਦੇ ਪਰਿਵਾਰ ਨੂੰ ਆਪਣੀ ਧੀ ਦੀ ਫਿਕਰਮੰਦੀ ਬਾਰੇ ਕੁਝ ਆਖਦਾ ਹੈ ਤਾਂ ਬੇਬੇ ਨਾਨਕੀ ਜੀ ਹੀ ਸੁਲੱਖਣੀ ਜੀ ਬਾਰੇ ਉਨ੍ਹਾਂ ਨੂੰ ਬੇਫਿਕਰੇ ਹੋਣ ਲਈ ਆਖਦੀ ਹੈ। ਕੀ ਨਾਨਕ ਨਾਮ ਲੇਵਾ ਪਰਿਵਾਰਾਂ ਦੇ ਲੋਕ ਅੱਜ ਦੀਆਂ ਨਣਦਾਂ ਅਤੇ ਭਰਜਾਈਆਂ ਬੇਬੇ ਨਾਨਕੀ ਜੀ ਤੇ ਸੁਲੱਖਣੀ ਜੀ ਦੇ ਰਿਸ਼ਤੇ ਨੂੰ ਆਪਣਾ ਆਦਰਸ਼ ਨਹੀਂ ਬਣਾ ਸਕਦੀਆਂ ? ਇਹ ਸਾਂਝਾਂ ਅਤੇ ਮੋਹ ਭਰਿਆ ਚਿੰਤਾ ਮੁਕਤ ਜੀਵਨ ਦਾ ਰਾਹ ਹੈ, ਫੇਰ ਕਿਉਂ ਨਾ ਅਪਣਾਇਆ ਜਾਵੇ ? ਕਿਉਂ ਨਾ ਅਜਿਹੀ ਸੋਚ ਦੇ ਲੜ ਲੱਗਿਆ ਜਾਵੇ ? ਇਸੇ ਤਰ੍ਹਾਂ ਮਾਤਾ ਤ੍ਰਿਪਤਾ ਜੀ ਤੇ ਸੁਲੱਖਣੀ ਜੀ ਦਾ ਸੱਸ-ਨੂੰਹ ਵਾਲਾ ਰਿਸ਼ਤਾ ਵੀ ਸਾਡੇ ਸਮਾਜ ਵਿਚ ਸੱਸਾਂ ਬਣਨ ਵਾਲੀਆਂ ਬੀਬੀਆਂ ਨੂੰ ਕਿਉਂ ਚੇਤੇ ਨਹੀਂ ਆਉਂਦਾ ? ਇਹਦੇ ਵਿਚ ਭਲਾ ਔਕੜ ਕੀ ਹੈ ? ਕਿਉਂ ਸਾਨੂੰ ਨਿੱਤ ਪੜ੍ਹਨ/ਸੁਣਨ ਨੂੰ ਮਿਲਦਾ ਹੈ ਸੱਸ ਵਲੋਂ ਨੂੰਹ ਉੱਤੇ ਹੁੰਦੇ ਜ਼ੁਲਮ ਬਾਰੇ ਜਾਂ ਫੇਰ ਨਣਾਨ ਵਲੋਂ ਭਰਜਾਈ ਨਾਲ ਹੁੰਦੇ ਵਿਤਕਰੇ ਬਾਰੇ। ਇਹ ਸੋਚੀਏ ਤਾਂ ਸਹੀ ਕਿ ਅਸੀਂ ਕਿਹੜੇ ਰਾਹ ਪਏ ਹੋਏ ਹਾਂ ? ਕੀ ਇਹ ਗੁਰੂ ਨਾਨਕ ਦੇ ਰਾਹ ਨੂੰ ਨਕਾਰਨ ਵਾਲਾ ਰਾਹ ਨਹੀਂ ?

ਗੁਰੂ ਨਾਨਕ ਦੀ ਸੋਚ ਨੂੰ ਅਪਨਾਉਣ ਵਾਲੇ ਸੱਚ ਦਾ ਸਾਥ ਦਿੰਦੇ ਹਨ। ਪਰ ਅੱਜ ਸਾਡੇ ਸਮਾਜ ਦੀ ਖਾਸ ਕਰਕੇ ਧਾਰਮਿਕ ਪੱਧਰ 'ਤੇ ਅਗਵਾਈ ਕਰਨ ਵਾਲਿਆਂ ਵਿੱਚੋਂ ਬਹੁਤੇ ਆਪ ਗੁਰੂ ਨਾਨਕ ਦੀ ਸੋਚ ਨਾਲ ਨਹੀਂ ਜੁੜੇ ਹੋਏ। ਜੇ ਉਨ੍ਹਾਂ ਨੂੰ ਆਪਣੇ ਸਵਾਰਥਾਂ ਖਾਤਰ ਇਹ ਕੁਝ ਕਰਨ ਵਾਲੇ ਭੇਖੀ ਜਾਂ ਦੰਭੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅਜਿਹੇ ਲੋਕਾਂ ਨੇ ਮਨੁੱਖਾਂ ਵਿੱਚ ਬ੍ਰਾਹਮਣੀ ਮੱਤ ਦੀ ਨਾ-ਬਰਾਬਰੀ ਵਾਲੀ ਸੋਚ ਵਲੋਂ ਜਾਤ-ਪਾਤ ਤੇ ਅਧਾਰਤ ਪਾਈਆਂ ਵੰਡੀਆਂ ਮਿਟਣ ਨਹੀਂ ਦਿੱਤੀਆਂ। ਸਿਤਮ ਇੱਥੋਂ ਤਕ ਹੈ ਕਿ ਕਈਆਂ ਨੇ ਤਾਂ ਗੁਰੂ ਦੇ ਘਰ ਵੀ ਜਾਤ-ਪਾਤ ਦੇ ਅਧਾਰ 'ਤੇ ਵੰਡ ਲਏ। ਇਹ ਜਾਤ ਅਭਿਮਾਨੀਆਂ ਦੀ ਘਟੀਆ ਮਾਨਸਿਕਤਾ, ਜਾਤੀ ਹੀਣਭਾਵ ਅਤੇ ਸਾਡੀ ਚੌਧਰ ਦੀ ਭੁੱਖ ਕਰਕੇ ਹੋ ਰਿਹਾ ਹੈ। ਅਫਸੋਸ ਕਿ ਅਜਿਹੇ ਲੋਕ ਆਪਣੇ ਆਪ ਨੂੰ ਬਾਬੇ ਗੁਰੂ ਨਾਨਕ ਦੇ ਨਾਮ ਲੇਵਾ ਵੀ ਆਖਦੇ ਹਨ। ਕੀ ਅਜਿਹੇ ਵਿਤਕਰੇ ਭਰਪੂਰ ਜੀਵਨ ਜੀਅ ਰਹੇ ਲੋਕਾਂ ਨੂੰ ਗੁਰੂ ਨਾਨਕ ਦੀ ਸੋਚ ਦੇ ਵਾਰਿਸ ਕਿਹਾ ਜਾ ਸਕਦਾ ਹੈ ? ਬਿਲਕੁੱਲ ਨਹੀਂ, ਕਦੇ ਵੀ ਨਹੀਂ !

ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸੱਚ ਦੇ ਰਾਹ ਪਈਏ। ਗੁਰੂ ਨਾਨਕ ਸਾਹਿਬ ਦੀਆਂ ਜੀਵਨ ਸੰਵਾਰਦੀਆਂ ਸਮਝੌਤੀਆਂ ਦੇ ਲੜ ਲੱਗੀਏ।

ਆਉ ! ਜਤਨ ਕਰੀਏ ਆਪਣੇ ਮਨ ਅੰਦਰ ਝਾਕਣ ਦਾ ਅਤੇ ਆਪਣੇ ਜੀਵਨ ਵਿਚ ਗੁਰੂ ਨਾਨਕ ਸਾਹਿਬ ਵਲੋਂ ਦਿੱਤੀ ਸੋਚ ਧਾਰਾ ਨੂੰ ਅਪਨਾਉਣ ਦਾ।



# ਪਾਠਕਾਂ ਦਾ ਨਜ਼ਰੀਆ

## ਭਗਤ ਸਿੰਘ, ਲਾਲਾ ਲਾਜਪਤ ਰਾਏ, 1857 .ਗਦਰ ਤੇ ਰਾਜ ਪਲਟਾ ਬਨਾਮ ਆਜ਼ਾਦੀ ....

ਬ੍ਰਿਟਿਸ਼ ਦਾ ਕਾਨੂੰਨਸਾਜੀ ਵਿਚ ਮੁੱਦਾ ਸੀ ਪਰਜਾ ਨੂੰ ਰਾਜਤੰਤਰੀ ਬੰਦਿਸ਼ ਵਿਚ ਕੈਦ ਕਰਨਾ ਯਾਨਿ ਰਾਜਤੰਤਰੀ ਕਾਨੂੰਨ ਜੋ ਸਭ ਉਤੇ ਬਰਾਬਰ ਲਾਗੂ ਸੀ ਪਰੰਤੂ ਬ੍ਰਾਹਮਣ ਮੁਗਲ-ਸਲਤਨਤ ਦੇ ਦਸਤੂਰ 'ਚ ਭਾਗੀਦਾਰੀ ਵਾਂਗੂ ਹੀ ਬ੍ਰਿਟਿਸ਼ ਰਾਜਤੰਤਰ ਵਿਚ ਭਾਗੀਦਾਰੀ ਚਾਹੁੰਦੇ ਸਨ ਜੋ ਉਹਨਾਂ ਨੂੰ ਨਹੀਂ ਮਿਲੀ। ਸਗੋਂ ਬ੍ਰਾਹਮਣਾਂ ਨੂੰ ਵੀ ਮੌਤ ਦੀ ਸਜ਼ਾ ਵੀ ਮਿਲਣ ਲੱਗ ਪਈ, ਜਿਸ ਤੋਂ ਉਹ ਹਾਲ ਤੀਕਰ ਨਿਰੋਧਿਤ ਸਨ, ਤਾਂ ਸੰਨ 1857 ਵਾਲਾ .ਗਦਰ ਬ੍ਰਾਹਮਣ ਤਾਂਤਿਆ ਤੋਪੇ, ਪੇਸ਼ਵਾ ਅਤੇ ਪਿਛਲੱਗ ਮਰਾਠਾ ਰਾਜਿਆਂ ਅਤੇ ਮੁੱਲਾਂਵਾਦੀਆਂ ਨੇ ਸਵੈਛਾਚਾਰੀ ਰਾਜ ਸ਼ਕਤੀ ਦੇ ਹੱਕ ਵਿਚ ਕੀਤਾ। ਉਸ ਵੇਲੇ ਤਮਾਮ ਕਬੀਰ ਪੰਥੀਆਂ, ਰਵਿਦਾਸੀਆਂ ਅਤੇ ਹੋਰ ਭਗਤਾਂ ਦੇ ਪੈਰੋਕਾਰਾਂ ਨੇ .ਗਦਰ ਵਿਚ ਹਿੱਸਾ ਨਹੀਂ ਲਿਆ। ਜੋਤੀਰਾਓ ਫੂਲੇ ਅਤੇ ਛੱਤ੍ਰਪਤੀ ਨੇ .ਗਦਰ ਦਾ ਸਾਥ ਨਹੀਂ ਦਿੱਤਾ, ਸਗੋਂ ਸਿੱਖ ਅੰਗਰੇਜ਼ ਫੌਜਾਂ ਵਿਚ ਭਰਤੀ ਹੋ ਕੇ ਮੁਗਲਾਂ ਅਤੇ ਬ੍ਰਾਹਮਣ ਤਾਕਤਾਂ ਦੇ ਖ਼ਿਲਾਫ਼ ਡਟ ਗਏ ਅਤੇ ਪੂਰਬੀ ਭਾਰਤ ਦੀ ਇੱਕ ਰੈਜ਼ੀਡੈਂਸੀ ਵਿਚ ਹਜ਼ਾਰਾਂ ਗਦਰੀਆਂ ਦੇ ਵਿਰੁੱਧ ਸਿਰਫ ਮੁੱਠੀ ਭਰ ਅੰਗਰੇਜ਼ਾਂ ਸਮੇਤ ਸਿਰਫ ਛੇ ਸਿੰਘ ਡਟੇ ਰਹੇ । ਅਸਫਲ ਹੋ ਕੇ ਸੰਨ 1895 ਵਿੱਚ ਸਿਰਫ ਬ੍ਰਾਹਮਣਾਂ ਨੇ ਅੰਗਰੇਜ਼ਾਂ ਦੀ ਪ੍ਰਧਾਨਗੀ ਵਿਚ ਆਲ ਇੰਡੀਆ ਕਾਂਗਰਸ ਬਣਾਈ ਅਤੇ ਮੁੱਦਾ ਰੱਖਿਆ ਅੰਗਰੇਜ਼ਾਂ ਦੇ ਰਾਜਤੰਤਰ ਵਿਚ ਭਾਗੀਦਾਰੀ ਦਾ। ਅੰਗਰੇਜ਼ ਹਿੰਦੀਆਂ ਲਈ ਨੌਕਰੀਆਂ ਦੇ ਮੌਕੇ ਵਧਾਉਂਦੇ ਗਏ ਅਤੇ ਬ੍ਰਾਹਮਣ ਅਤੇ ਹੋਰ ਸਵਰਣ ਘੱਟ ਤਨਖਾਹਾਂ ਉਤੇ ਵੀ ਨੌਕਰ ਹੁੰਦੇ ਗਏ। ਆਖਰ ਸੰਨ 1919 ਦੇ ਬ੍ਰਿਟਿਸ਼ ਇੰਡੀਆ ਐਕਟ ਤਹਿਤ ਹਿੰਦੀਆਂ ਦੀ ਭਾਗੀਦਾਰੀ ਬਹੁਤ ਵਧਣ ਨਾਲ ਬ੍ਰਾਹਮਣਾਂ ਅਤੇ ਮੁਸਲਮਾਨ ਉੱਚ ਵਰਗ ਦਾ ਬੋਲਬਾਲਾ ਇੰਤਜਾਮੀਆ ਵਿਚ ਹੋ ਗਿਆ। ਉਦੋਂ ਸੰਨ 1935 ਦੇ ਬ੍ਰਿਟਿਸ਼ ਇੰਡੀਆ ਲਈ ਤਿਆਰੀ ਹੋ ਰਹੀ ਸੀ ਅਤੇ ਇੰਡੀਆ ਨੂੰ ਫੈਡਰਲ ਲੀਹਾਂ ਉਤੇ ਸੰਗਠਿਤ ਕਰਨ ਲਈ ਸੰਵਿਧਾਨਕ ਡ੍ਰਾਫਟਿੰਗ ਕੀਤੀ ਜਾ ਰਹੀ ਸੀ ਜਿਸ ਅਨੁਸਾਰ ਮਾਈਨਾਰਿਟੀਜ ਅਤੇ SC,ST ਅਤੇ ਭਿੰਨ ਮਜਹਬਾਂ ਲਈ ਹੱਲ ਉਲੀਕੇ ਜਾ ਰਹੇ ਸਨ ਤਾ ਕਿ ਇੰਡੀਆ ਭਿੰਨਤਾ ਵਿਚ ਵੀ ਇਕੱਠਾ ਰਹਿ ਸਕੇ। ਇਸ ਵਿੱਚ ਅੰਬੇਡਕਰ ਦਾ ਵੱਡਾ ਯੋਗਦਾਨ ਸੀ ਪਰ ਮੋਹਨਦਾਸ ਗਾਂਧੀ ਹਿੰਦੂ ਤੇ ਮੁਸਲਮਾਨ ਤੋਂ ਬਿਨਾ ਹੋਰ ਕੁਝ ਮੰਨਣ ਲਈ ਤਿਆਰ ਹੀ ਨਹੀਂ ਸੀ ।

ਲਾਲਾ ਲਾਜਪਤ ਰਾਏ ਅੰਬੇਡਕਰ ਨੂੰ ਮਿਲਿਆ ਅਤੇ ਭਾਰਤ ਦੀ ਆਜ਼ਾਦੀ ਤਹਿਰੀਕ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ ਪਰ ਅੰਬੇਡਕਰ ਨੇ ਇਸ ਨੂੰ ਆਜ਼ਾਦੀ ਤਹਿਰੀਕ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ । ਉਹ ਇਸ ਤਹਿਰੀਕ ਨੂੰ ਬ੍ਰਾਹਮਣਾਂ ਦੁਆਰਾ ਰਾਜਤੰਤਰ ਨੂੰ ਹੜੱਪ ਕਰਨ ਦੀ ਸਾਜਿਸ਼ ਮੰਨਦੇ ਸਨ । ਸ਼ਾਹੂ ਜੀ ਮਹਾਰਾਜ ਵੀ ਤਿਲਕ ਅਤੇ ਗਾਂਧੀ ਦੇ ਬਰਾਹਮਣਵਾਦੀ ਮਨਸੂਬਿਆਂ ਨੂੰ ਸਮਝਦੇ ਸਨ ਸਮੇਤ ਗਾਇਕਵਾੜ ਦੇ, ਜਿਹਨਾਂ ਨੇ ਅੰਬੇਡਕਰ ਨੂੰ ਮਾਇਕ ਸਰਪ੍ਰਸਤੀ ਦੇ ਕੇ ਉੱਚ ਵਿੱਦਿਆ ਵਿਦੇਸ਼ਾਂ ਵਿਚ ਦਿਵਾ ਕੇ, ਸਵਰਣਾ ਦੀ ਸਾਜਿਸ਼ ਵਿਰੁੱਧ ਲੜਣ ਲਈ ਤਿਆਰ ਕੀਤਾ । ਅੰਬੇਡਕਰ ਜੀ ਨੇ ਪਹਿਲੀ ਅਤੇ ਦੂਜੀ ਰਾਊਂਡ ਟੇਬਲ ਕਾਨਫਰੰਸ ਵਿਚ ਵੱਡੀ ਸੰਵਿਧਾਨਕ ਭੂਮਿਕਾ ਦੱਬੇ ਕੁਚਲੇ ਲੋਕਾਂ ਦੇ ਹੱਕ ਵਿਚ ਨਿਭਾਈ, ਇੱਥੋਂ ਤੱਕ ਕੇ ਗਾਂਧੀ ਵੀ ਉਸ ਵਿਚ ਹਾਰ ਗਿਆ ਅਤੇ ਕਾਨਫਰੰਸ ਦਾ ਬਾਈਕਾਟ ਕਰ ਕੇ ਮਰਨ ਵਰਤ ਤੇ ਬੈਠ ਗਿਆ । ਸਾਈਮਨ ਕਮਿਸ਼ਨ ਮਾਈਨਾਰਿਟੀਜ਼ ਅਤੇ ਭਿੰਨ ਮਜ਼੍ਹਬਾਂ ਖ਼ਾਤਰ ਕਾਨੂੰਨੀ ਫੈਡਰਲ ਵਿਵਸਥਾ ਉਭਾਰਣ ਲਈ ਇੰਡੀਆ ਵਿਚ ਆਇਆ ਸੀ ਜਿਸ ਦਾ ਵਿਰੋਧ ਕਾਂਗਰਸ ਨੇ ਕੀਤਾ ਅਤੇ ਲਾਲਾ ਲਾਜਪਤ ਰਾਏ ਇਸ ਵਿਰੋਧ ਨੂੰ ਪੰਜਾਬ ਵਿਚ ਮੁੱਲਾਗਰਦੀਆਂ ਸਮੇਤ ਅਗਵਾਈ ਦੇ ਰਿਹਾ ਸੀ । ਭਗਤ ਸਿੰਘ ਦਾ ਰੋਲ ਉਸੇ ਬਰਾਹਮਣਵਾਦੀ ਆਨੰਦ ਮੱਠ ਫਿਕਸ਼ਨ/ ਅ.ਫਸਾਨਾ ਨਾਵਲ ਚੋਂ ਨਿਕਲੀ ਭਾਰਤ ਮਾਤਾ ਅਤੇ ਵੰਦੇਮਾਤਰਮ ਵਾਲੀ ਮਾਨਸਿਕਤਾ ਵਿਚ ਓਤ-ਪੋਤ ਸੀ। ਲੈਜਿਸਲੇਟਿਵ ਕਾਉਂਸਲ ਵਿਚ ਨਕਲੀ ਬੰਬ ਫੋੜਨਾ ਇੱਕ ਚਿਤਾਵਨੀ ਸੀ ਕਿ ਭਾਰਤੀਆਂ ਲਈ ਕਾਨੂੰਨ ਬਣਾਉਣ ਦਾ ਵਿਦੇਸ਼ੀਆਂ ਨੂੰ ਕੋਈ ਅਧਿਕਾਰ ਨਹੀਂ। ਇੱਥੋਂ ਤੀਕਰ ਤਾਂ ਬ੍ਰਾਹਮਣਵਾਦੀਆਂ ਨੂੰ ਸੂਤ ਬਹਿੰਦਾ ਸੀ ਪਰ ਉਸ ਦੀ ਸਾਮਵਾਦੀ ਪਿਊਂਦ ਬ੍ਰਾਹਮਣ ਰਾਜਤੰਤਰ ਲਈ ਘਾਤਕ ਸੀ ਸੋ ਉਸ ਨੂੰ ਮਰਨ ਦਿੱਤਾ ਗਿਆ। ਅੱਜ ਦਾ ਕਮਿਊਨਿਸਟ ਉਸੇ ਭਾਰਤ ਮਾਤਾ ਰਾਸ਼ਟਰੀ ਰਾਜਤੰਤਰ ਉਤੇ ਕਾਬਜ਼ ਹੋਣ ਲਈ ਹੀ ਉਗਰ ਹੈ ਜਿਸ ਦੇ ਫਲਸਰੂਪ ਬ੍ਰਾਹਮਣ ਕਮਿਊਨਿਜਮ ਉਤੇ ਕਾਬਜ਼ ਹਨ। ਕੇਰਲਾ ਅਤੇ ਪੱਛਮੀ ਬੰਗਾਲ ਦੀ ਪ੍ਰਯੋਗ ਅਸਫਲਤਾ ਇਸ ਦਾ ਉਦਾਹਰਣ ਹੈ ।

**-ਪ੍ਰੋ. ਦਵਿੰਦਰ ਸਿੰਘ ਇਤਿਹਾਸਕਾਰ**

## ਸਿਸਟਮ ਵਿਗਾੜਨ ਵਿੱਚ ਸਾਡਾ ਯੋਗਦਾਨ

ਸਿਸਟਮ ਵਿਗਾੜਨ ਵਿੱਚ ਸਾਡਾ ਵੀ ਯੋਗਦਾਨ ਪੂਰਾ ਪੂਰਾ ਹੈ ਪਰ ਇਸ ਹਕੀਕਤ ਨੂੰ ਮੰਨਣ ਨੂੰ ਤਿਆਰ ਕੋਈ ਨਹੀਂ। ਜਦੋਂ ਸਾਡੀ ਕਰਨੀ ਅਤੇ ਕਥਨੀ ਵਿੱਚ ਫ਼ਰਕ ਹੋਵੇ ਤਾਂ ਬਹੁਤ ਕੁਝ ਆਪੇ ਹੀ ਵਿਗੜ ਜਾਂਦਾ ਹੈ।

ਚੋਣਾਂ ਵੇਲੇ ਵੋਟਾਂ ਦੀ ਸੌਦੇਬਾਜ਼ੀ ਹੁੰਦੀ ਹੈ, ਮੁਫ਼ਤ ਦੀਆਂ ਚੀਜ਼ਾਂ ਵੱਲ ਅੱਖ ਹੁੰਦੀ ਹੈ। ਜਦੋਂ ਵੋਟ ਦਾ ਸੌਦਾ ਹੁੰਦਾ ਹੈ ਤਾਂ ਦੇਸ਼ ਦੇ ਭਵਿੱਖ ਦਾ ਸੌਦਾ ਹੋ ਰਿਹਾ ਹੁੰਦਾ ਹੈ। ਸਾਨੂੰ ਨਾ ਵੋਟ ਦੀ ਕੀਮਤ ਦੀ ਸਮਝ ਹੈ ਅਤੇ ਨਾ ਉਸਦੀ ਸ਼ਕਤੀ ਦੀ। ਸਾਡੀ ਵੋਟ ਕਿਸੇ ਨੂੰ ਸਰਕਾਰ ਦਾ ਹਿੱਸਾ ਬਣਾ ਸਕਦੀ ਹੈ ਅਤੇ ਅਸੀਂ ਉਸ ਨੂੰ ਕੁਝ ਕੁ ਪੈਸਿਆਂ ਜਾਂ ਸ਼ਰਾਬ ਦੀਆਂ ਬੋਤਲਾਂ ਲੈ ਕੇ ਵੇਚਦੇ ਹਾਂ। ਜੋ ਬੀਜਾਂਗੇ, ਉਹ ਹੀ ਵੱਢਾਂਗੇ। ਜਿਹੜਾ ਸਿਆਸਦਾਨ ਤੁਹਾਡੀ ਵੋਟ ਦੀ ਕੀਮਤ ਲਗਾਉਂਦਾ ਹੈ ਉਸਨੂੰ ਕਦੇ ਵੋਟ ਨਾ ਪਾਉ। ਜਦੋਂ ਤੁਸੀਂ ਵੋਟ ਵੇਚ ਦਿੱਤੀ ਫਿਰ ਕਿਸੇ ਤਰ੍ਹਾਂ ਦੇ ਕੰਮ ਦੀ ਆਸ ਰੱਖਣਾ ਹੀ ਗਲਤ ਹੈ। ਜਿਸਨੇ ਬਹੁਤ ਸਾਰਾ ਪੈਸਾ ਲਗਾ ਕੇ ਚੋਣ ਲੜੀ, ਵੋਟਾਂ ਖਰੀਦੀਆਂ, ਉਹ ਰਿਸ਼ਵਤ ਲਵੇਗਾ ਅਤੇ ਭ੍ਰਿਸ਼ਟਾਚਾਰ ਕਰੇਗਾ। ਉਸਨੂੰ ਅਜਿਹਾ ਕਰਨ ਲਈ ਅਸੀਂ ਖੁੱਲ੍ਹ ਦਿੱਤੀ ਹੈ। ਅਜਿਹਾ ਕਰਨ ਲੱਗਿਆਂ ਅਸੀਂ ਇੱਕ ਵਾਰ ਵੀ ਨਹੀਂ ਸੋਚਿਆ ਕਿ ਸਿਸਟਮ ਨੂੰ ਵਿਗਾੜਨ ਵਿੱਚ ਕਿੰਨਾ ਵੱਡਾ ਯੋਗਦਾਨ ਪਾ ਰਹੇ ਹਾਂ।

ਜਦੋਂ ਸਰਕਾਰ ਵਧੀਆ ਚੁਣਾਂਗੇ। ਇਮਾਨਦਾਰੀ ਨਾਲ ਇਮਾਨਦਾਰ ਉਮੀਦਵਾਰ ਨੂੰ ਵੋਟ ਪਾਵਾਂਗੇ ਤਾਂ ਦਫ਼ਤਰਾਂ ਵਿੱਚ ਵੀ ਖੱਜਲ ਖੁਆਰੀ ਨਹੀਂ ਹੋਏਗੀ। ਰਿਸ਼ਵਤ ਦੀ ਭੇਂਟ ਸਾਡੀਆਂ ਗਲੀਆਂ ਨਾਲੀਆਂ ਅਤੇ ਮੁੱਢਲੀਆਂ ਸਹੂਲਤਾਂ ਨਹੀਂ ਚੜ੍ਹਨਗੀਆਂ। ਹੈਰਾਨੀ ਹੁੰਦੀ ਹੈ, ਦੁੱਖ ਹੁੰਦਾ ਹੈ ਜਦੋਂ ਅਸੀਂ ਸੱਤਰਾਂ ਸਾਲਾਂ ਤੋਂ ਬਾਦ ਵੀ ਉੱਥੇ ਹੀ ਖੜ੍ਹੇ ਹਾਂ। ਕਸਰ ਗੰਦ ਪਾਉਣ ਅਤੇ ਗਲਤ ਕੰਮ ਕਰਨ ਵਿੱਚ ਆਪਣੇ ਆਪ ਨੂੰ ਪੜ੍ਹੇ ਲਿਖੇ ਕਹਿਣ ਵਾਲੇ ਵੀ ਨਹੀਂ ਛੱਡਦੇ। ਇੱਥੇ ਜਿਹੜੇ ਗਲਤ ਕੰਮ ਨੂੰ ਵੇਖਕੇ ਚੁੱਪ ਹਨ, ਉਹ ਵੀ ਅਤੇ ਜਿਹੜੇ ਸਾਥ ਦਿੰਦੇ ਹਨ ਉਹ ਵੀ, ਕਸੂਰਵਾਰ ਹਨ।

ਅਸੀਂ ਸਰਕਾਰਾਂ ਨੂੰ ਦੋਸ਼ ਦਿੰਦੇ ਹਾਂ। ਸਰਕਾਰਾਂ ਅਸੀਂ ਬਣਾਉਂਦੇ ਹਾਂ। ਜਿਹੋ ਜਿਹੀ ਸਰਕਾਰ ਬਣਾਈ ਜਾਵੇਗੀ, ਉਹੋ ਜਿਹਾ ਪ੍ਰਸ਼ਾਸਨ ਚਲਾਇਆ ਜਾਵੇਗਾ। ਜਿਸ ਦਿਨ ਅਸੀਂ ਆਪਣੀ ਜ਼ਿੰਮੇਵਾਰੀ ਸਮਝ ਲਈ, ਜਿਸ ਦਿਨ ਸਾਨੂੰ ਸਰਕਾਰ ਬਣਾਉਣ ਦੀ ਸਮਝ ਆ ਗਈ, ਉਸ ਦਿਨ ਸਿਸਟਮ ਵੀ ਠੀਕ ਹੋ ਜਾਏਗਾ। ਫਿਰ ਅਸੀਂ ਸਿਸਟਮ ਨੂੰ ਵਿਗਾੜਨ ਵਿੱਚ ਪਾਏ ਆਪਣੇ ਯੋਗਦਾਨ ਨੂੰ ਭਲੀਭਾਂਤ ਸਮਝ ਜਾਵਾਂਗੇ ਅਤੇ ਗਲਤੀ ਨਹੀਂ ਕਰਾਂਗੇ।

**-ਪ੍ਰਭਜੋਤ ਕੌਰ ਢਿੱਲੋਂ**

## ਪਾਣੀ ਘਾਟ ਕਾਰਣ ਪੰਜਾਂ ਦਰਿਆਵਾਂ ਦੀ ਧਰਤੀ ਕਹਾਉਂਦੇ ਪੰਜਾਬ ਦੀ ਹਾਲਤ ਖਤਰਨਾਕ

ਪੰਜਾਂ ਦਰਿਆਵਾਂ ਦੀ ਧਰਤੀ ਕਹਾਉਂਦੇ ਪੰਜਾਬ ਦੀ ਹਾਲਤ ਤਾਂ ਹੋਰ ਵੀ ਹਾਸੋਹੀਣੀ ਅਤੇ ਖਤਰਨਾਕ ਬਣਦੀ ਜਾ ਰਹੀ ਹੈ। ਪਹਿਲਾਂ ਤਾਂ ਹਰੀ ਕ੍ਰਾਂਤੀ ਦੇ ਨਾਮ ਥੱਲੇ ਪੰਜਾਬ ਦੇ ਕਿਸਾਨ ਨੂੰ ਥਾਪੀ ਦੇ ਕੇ ਕਣਕ ਅਤੇ ਝੋਨੇ ਦਾ ਫਸਲੀ ਚੱਕਰ ਪੈਦਾ ਕੀਤਾ ਗਿਆ। ਪੰਜਾਬ ਦੇ ਦਰਿਆਵਾਂ ਦਾ ਵਾਧੂ ਪਾਣੀ ਹਰਿਆਣਾ ਅਤੇ ਰਾਜਸਥਾਨ ਨੂੰ ਦੇ ਕੇ ਪੰਜਾਬ ਵਿੱਚ ਟਿਊਬਵੈਲਾਂ ਨੂੰ ਉਤਸ਼ਾਹਤ ਕੀਤਾ ਗਿਆ। ਹੁਣ ਦਰਿਆਵਾਂ ਉੱਤੇ ਡੈਮ ਬਣਨ ਨਾਲ ਉਹਨਾਂ ਦਾ ਪਾਣੀ ਵੀ ਸੁੱਕ ਰਿਹਾ ਹੈ ਤੇ ਧਰਤੀ ਹੇਠਲਾ ਪਾਣੀ ਵੀ ਲਗਾਤਾਰ ਥੱਲੇ ਡਿੱਗਦਾ ਜਾ ਰਿਹਾ ਹੈ। ਪਾਣੀ ਦੇ ਲਗਾਤਾਰ ਘਟਣ ਨਾਲ ਪੰਜਾਬ ਦਾ ਵੱਡਾ ਹਿੱਸਾ ਖਤਰੇ ਦੇ ਨਿਸ਼ਾਨ 'ਤੇ ਪਹੁੰਚ ਗਿਆ ਹੈ ਤੇ ਕਿਸਾਨ ਝੋਨੇ ਦੀ ਫਸਲ ਦੀ ਆਦਤ ਛੱਡਣ ਨੂੰ ਤਿਆਰ ਨਹੀਂ ਹੈ।

ਹੁਣ ਹਾਲਤ ਇਹ ਬਣ ਗਈ ਹੈ ਕਿ ਵਿਗਿਆਨੀਆਂ ਨੇ ਵੀ ਤੇਜ਼ੀ ਨਾਲ ਡਿਗਦੇ ਪਾਣੀ ਦੇ ਪੱਧਰ ਤੇ ਚਿੰਤਾ ਪ੍ਰਗਟਾਉਣੀ ਸ਼ੁਰੂ ਕਰ ਦਿੱਤੀ ਹੈ। 2040 ਤੱਕ ਪਾਣੀ ਦਾ ਵੱਡਾ ਸੰਕਟ ਉੱਭਰਨ ਦੇ ਖਦਸ਼ੇ ਜ਼ਾਹਰ ਹੋਣ ਲੱਗ ਪਏ ਹਨ। ਪਹਿਲਾਂ ਦੇਸ਼ ਭਰ ਵਿੱਚ ਲੋਕ ਨਦੀਆਂ ਦਾ ਪਾਣੀ ਪੀਣ ਤੇ ਸਿੰਚਾਈ ਲਈ ਵਰਤਦੇ ਸਨ। ਪਾਣੀ ਨੂੰ ਉਂਜ ਵੀ ਪਵਿੱਤਰਤਾ ਦਾ ਦਰਜਾ ਪ੍ਰਦਾਨ ਸੀ। ਇਸੇ ਸੰਦਰਭ ਵਿੱਚ ਗੰਗਾ ਦਰਿਆ ਦਾ ਪਾਣੀ ਅਮ੍ਰਿਤ ਦੀ ਤਰ੍ਹਾਂ ਜਾਣਿਆ ਜਾਂਦਾ ਸੀ। ਪਰ ਉਦਯੋਗਿਕ ਤਰੱਕੀ ਤੇ ਮਨੁੱਖੀ ਸਵਾਰਥ ਨੇ ਫੈਕਟਰੀਆਂ ਤੇ ਉਦਯੋਗਾਂ ਦਾ ਗੰਦਾ ਮਾਦਾ ਇਨ੍ਹਾਂ ਪਵਿੱਤਰ ਦਰਿਆਵਾਂ ਵਿੱਚ ਸੁੱਟ ਕੇ ਉਸ ਨਿਆਮਤ ਨੂੰ ਗੰਧਲਾ ਤੇ ਜਹਿਰੀਲਾ ਬਣਾ ਦਿੱਤਾ ਹੈ। ਲਿਹਾਜ਼ਾ ਦਰਿਆਵਾਂ ਦੇ ਪਾਣੀ ਹੁਣ ਬੀਮਾਰੀਆਂ ਪਰੋਸਣ ਲੱਗ ਪਏ ਹਨ। ਪੰਜਾਬ ਦੀ ਮਾਲਵਾ ਬੈਲਟ ਦਾ ਵੱਡਾ ਹਿੱਸਾ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਦੇ ਪ੍ਰਕੋਪ ਹੇਠ ਆ ਗਿਆ ਹੈ। ਇਹ ਹੀ ਹਾਲ ਗੰਗਾ ਦਾ ਹੈ। ਪਿਛਲੇ ਪੰਜ ਸਾਲਾਂ ਦੌਰਾਨ ਮੋਦੀ ਸਰਕਾਰ ਨੇ ਇਸ ਦਰਿਆ ਦੀ ਸਫਾਈ ਲਈ ਬਹੁਤ ਵੱਡਾ ਪ੍ਰੋਗਰਾਮ ਉਲੀਕਿਆ ਸੀ। ਇੱਕ ਬਕਾਇਦਾ ਵੱਖਰਾ ਵਿਭਾਗ ਖੜ੍ਹਾ ਕਰ ਦਿੱਤਾ ਗਿਆ ਸੀ। ਪਰ ਪੰਜ ਸਾਲਾਂ ਦੌਰਾਨ ਸਫਾਈ ਬਾਰੇ ਸੋਚੀਏ ਤਾਂ ਗੋਹਲੇ ਵਿੱਚੋਂ ਪੂਣੀ ਕੱਤਣ ਜਿੰਨਾ ਕੰਮ ਵੀ ਹੋਇਆ ਨਜ਼ਰ ਨਹੀਂ ਆਉਂਦਾ। ਸਰਕਾਰਾਂ ਦੀ ਅਜਿਹੇ ਜ਼ਰੂਰੀ ਪ੍ਰਾਜੈਕਟਾਂ ਵੱਲ ਬੇਧਿਆਨੀ ਮਨੁੱਖਤਾ ਲਈ ਵੱਡਾ ਖਤਰਾ ਬਣ ਸਕਦੀ ਹੈ। ਇਜ਼ਰਾਈਲ ਵਰਗਾ ਛੋਟਾ ਜਿਹਾ ਦੇਸ਼ ਸਾਡੇ ਨਾਲੋਂ ਬਾਦ ਵਿੱਚ ਅਜ਼ਾਦ ਹੋ ਕੇ ਵਿਸ਼ਵ ਦਾ ਰਾਹ ਦਸੇਰਾ ਬਣ ਬੈਠਾ ਹੈ। ਸਮੁੰਦਰੀ ਪਾਣੀ ਨੂੰ ਸਾਫ ਕਰਕੇ ਪੀਣਯੋਗ ਬਣਾਉਣ ਦੀ ਮੁਹਾਰਤ ਹਾਸਲ ਕਰ ਚੁੱਕਾ ਹੈ। ਦੂਜੇ ਪਾਸੇ ਸਾਡੇ ਨੇਤਾ ਇੱਕ ਦੂਜੇ ਉੱਤੇ ਚਿੱਕੜ ਸੁੱਟਣ ਤੇ ਪੋਤੜੇ ਫ੍ਰੋਲਣ ਵਿੱਚ ਮਸਰੂਫ ਹਨ। ਵਾਤਾਵਰਣ ਦੇ ਪ੍ਰਦੂਸ਼ਤ ਹੋਣ ਕਾਰਨ ਅਤੇ ਖੇਤੀ ਉਤਪਾਦਨ ਵਧਾਉਣ ਲਈ ਨਿਰੰਤਰ ਜਹਿਰਾਂ ਦੀ ਅੰਨ੍ਹੇਵਾਹ ਵਰਤੋਂ ਨੇ ਸਾਡੇ ਅਨਾਜ ਦਾ ਪੱਧਰ ਵੀ ਸਿਹਤ ਲਈ ਸ਼ੱਕੀ ਬਣਾ ਦਿੱਤਾ ਹੈ। ਲਗਾਤਾਰ ਘਟਦੇ ਪੀਣਯੋਗ ਪਾਣੀ ਕਾਰਨ ਮੁਫਤ ਵਿੱਚ ਕੁਦਰਤ ਦੁਆਰਾ ਪੇਸ਼ ਕੀਤਾ ਗਿਆ ਇਹ ਅਨਮੋਲ ਤੋਹਫਾ ਹੁਣ ਵਿਸ਼ਵ ਭਰ ਵਿੱਚ ਬੋਤਲਾਂ ਵਿੱਚ ਬੰਦ ਹੋ ਕੇ ਵਿਕਣ ਲੱਗਾ ਹੈ। ਜੇ ਇਸਦੀ ਵਰਤੋਂ ਵਿੱਚ ਸੰਜਮ ਤੇ ਇਹਦੀ ਹੋਂਦ ਨੂੰ ਬਚਾਉਣ ਦੇ ਯੋਗ ਉਪਰਾਲੇ ਨਾ ਕੀਤੇ ਗਏ ਤਾਂ ਜਲਦੀ ਹੀ ਪਾਣੀ ਦੀ ਰਾਸ਼ਨਿੰਗ ਤੇ ਪੈਟਰੋਲ ਪੰਪਾਂ ਵਾਂਗ ਸਪਲਾਈ ਦੀ ਨੌਬਤ ਆ ਸਕਦੀ ਹੈ।

ਗੁਰਬਾਣੀ ਨੇ ਪਾਣੀ ਨੂੰ ਬਹੁਤ ਵੱਡਾ ਦਰਜ਼ਾ ਦਿੱਤਾ ਹੈ। ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹੱਤ ਕਹਿ ਕੇ ਇਸਨੂੰ ਪਹਿਲਾ ਪਾਣੀ ਜੀਓ ਹੈ ਜਿੱਤ ਹਰਿਆ ਸਭ ਕੋਇ ਕਹਿ ਕਿ ਵਡਿਆਇਆ ਹੈ। ਪਿਤਾ ਤੇ ਮਾਤਾ ਉਤਪਤੀ ਦੇ ਦੋ ਮੁੱਖ ਸਾਧਨ ਹੁੰਦੇ ਹਨ। ਇੰਜ ਧਰਤੀ ਨੂੰ ਮਾਤਾ ਤੇ ਪਾਣੀ ਨੂੰ ਪਿਤਾ ਕਹਿਣ ਦੇ ਬਾਵਜੂਦ ਇਹਨਾਂ ਦੋਹਾਂ ਦੀ ਦੁਰਵਰਤੋਂ ਇਸ ਹੱਦ ਤੱਕ ਹੋ ਗਈ ਹੈ ਕਿ ਪਾਣੀ ਦਾ ਖਾਤਮਾ ਧਰਤੀ ਨੂੰ ਵੀ ਬੰਜਰ ਬਣਾਉਣ ਵੱਲ ਵਧ ਰਿਹਾ ਹੈ।

ਦਿੱਲੀ, ਫਰੀਦਾਬਾਦ, ਮੇਰਠ, ਜੈਪੁਰ, ਵਿਸ਼ਾਖਾਪਟਨਮ, ਹੈਦਰਾਬਾਦ, ਬੈਂਗਲੂਰੂ, ਚੇਨੇਈ ਤੇ ਵਿਜੇਵਾੜਾ ਵਰਗੇ ਭਾਰਤ ਦੇ ਪ੍ਰਮੱਖ ਦੋ ਦਰਜ਼ਨ ਦੇ ਕਰੀਬ ਮੁੱਖ ਸ਼ਹਿਰ ਬਹੁਤ ਜਲਦੀ ਪੀਣਵਾਲੇ ਪਾਣੀ ਦੇ ਭਿਆਨਕ ਸੰਕਟ ਵੱਲ ਵਧ ਰਹੇ ਹਨ। ਇਹ ਸਮੱਸਿਆ ਹੁਣ ਇੱਕ ਦੋ ਦੇਸ਼ਾਂ ਤੱਕ ਹੀ ਮਹਿਦੂਦ ਨਹੀਂ ਰਹੀ ਸਗੋਂ ਇਸ ਨੇ ਤੇਜ਼ੀ ਨਾਲ ਵਿਸ਼ਵ ਨੂੰ ਕਲਾਵੇ ਵਿੱਚ ਲੈ ਲਿਆ ਹੈ। ਭਿਆਨਕ ਸੋਕੇ ਵਾਲੀ ਸਥਿਤੀ ਨਾਲ ਸਭ ਤੋਂ ਪਹਿਲਾਂ ਦੱਖਣੀ ਅਫਰੀਕਾ ਦਾ ਸ਼ਹਿਰ ਕੇਪ ਟਾਊਨ ਪ੍ਰਭਾਵਤ ਹੋਇਆ ਹੈ। ਉੱਥੇ ਪਾਣੀ ਖਤਮ ਹੋ ਚੁੱਕਾ ਹੈ ਤੇ ਹੁਣ ਦੂਜੇ ਸ਼ਹਿਰਾਂ ਤੋਂ ਟਰੱਕਾਂ ਰਾਹੀਂ ਪਾਣੀ ਉਸ ਸ਼ਹਿਰ ਦੀ ਅਬਾਦੀ ਨੂੰ ਪੁਚਾਇਆ ਜਾਂਦਾ ਹੈ। ਸਾਓ ਪੋਲੋ ਸ਼ਹਿਰ ਦੀ ਅਬਾਦੀ ਇਸ ਤੋਂ ਵੀ ਜ਼ਿਆਦਾ ਮੁਸੀਬਤਾਂ ਦਾ ਸਾਹਮਣਾ ਕਰ ਰਹੀ ਹੈ। ਉੱਥੇ ਲੋਕਾਂ ਨੂੰ 20-20ਦਿਨਾਂ ਬਾਦ ਪਾਣੀ ਨਸੀਬ ਹੁੰਦਾ ਹੈ। ਦੱਸੋ, ਉਹ ਲੋਕ ਕਿੰਜ ਗੁਜਾਰਾ ਕਰਦੇ ਹੋਣਗੇ ? ਦੂਜੇ ਨੰਬਰ ਤੇ ਭਾਰਤ ਦਾ ਸ਼ਹਿਰ ਬੰਗਲੌਰ ਆਉਂਦਾ ਹੈ ਜਿੱਥੇ ਪਾਣੀ ਦੀ ਕਿੱਲਤ ਬਹੁਤ ਜਲਦੀ ਰੰਗ ਦਿਖਾਉਣ ਵਾਲੀ ਹੈ। ਚੀਨ ਦਾ ਸ਼ਹਿਰ ਬੀਜਿੰਗ ਤੀਸਰਾ ਐਸਾ ਦੇਸ਼ ਹੈ ਜਿੱਥੇ 2014 ਵਿੱਚ ਹੀ 20 ਮਿਲੀਅਨ ਅਬਾਦੀ ਵਾਸਤੇ ਕੇਵਲ 145 ਕਿਊਬਕ ਮੀਟਰ ਪਾਣੀ ਉਪਲੱਬਧ ਸੀ। ਕਾਇਰੋ, ਜਕਾਰਤਾ, ਮਾਸਕੋ, ਸਿਤਨਾਬਲ, ਮੈਕਸੀਕੋ ਸਿਟੀ, ਇੰਗਲੈਂਡ ਦੀ ਰਾਜਧਾਨੀ ਲੰਡਨ, ਜਪਾਨ ਦਾ ਸ਼ਹਿਰ ਟੋਕੀਓ ਅਤੇ ਅਮਰੀਕਾ ਦਾ ਸ਼ਹਿਰ ਮਿਆਮੀ ਅਜਿਹੇ ਪਾਣੀ ਦੀ ਕਿੱਲਤ ਵਾਲੇ ਪ੍ਰਮੁੱਖ ਸ਼ਹਿਰ ਹਨ ਜੋ ਹੁਣ ਪਾਣੀ ਦੀ ਕਿੱਲਤ ਦੀ ਜੰਗ ਨਾਲ ਜੂਝਣ ਲਈ ਤਿਆਰ ਖੜ੍ਹੇ ਹਨ।

ਮਨੁੱਖੀ ਅਣਗਹਿਲੀ ਨਾਲ ਮਾਲਵਾ ਬੈਲਟ ਦਾ 80% ਪਾਣੀ ਪਹਿਲਾਂ ਹੀ ਬਹੁਤ ਜ਼ਿਆਦਾ ਯੂਰੇਨੀਅਮ ਯੁਕਤ ਹੋ ਕੇ ਕੈਂਸਰ ਵੰਡ ਰਿਹਾ ਹੈ। ਫਾਜ਼ਲਿਕਾ ਨੇੜਲੇ ਪਿੰਡ ਤੇਜਾ ਰੋਹੇਲਾ ਦੇ ਬੱਚੇ ਪਹਿਲਾਂ ਹੀ ਇਸ ਯੁਰੇਨੀਅਮ ਦੇ ਸ਼ਿਕਾਰ ਹੋ ਚੁੱਕੇ ਹਨ। ਕੁਦਰਤ ਨੇ ਕੰਧ 'ਤੇ ਗੰਭੀਰ ਚਿਤਾਵਨੀ ਲਿਖ ਕੇ ਮਨੁੱਖ ਨੂੰ ਚੇਤੰਨ ਕਰ ਦਿੱਤਾ ਹੈ, ਅੱਗੇ ਹੁਣ ਮਨੁੱਖ ਦੀ ਮਰਜ਼ੀ ਹੈ ਕਿ ਉਸ ਨੇ ਸਾਹਮਣੇ ਖੜ੍ਹੀ ਮੌਤ ਤੋਂ ਬਚਣਾ ਹੈ ਜਾਂ ਫਿਰ ਹਰ ਪੰਜ ਸਾਲ ਬਾਦ ਰਾਜਨੀਤਕ ਪਾਰਟੀਆਂ ਅਤੇ ਲੋਟੂ ਲੀਡਰਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਹੋ ਕੇ ਫਿਰ ਉਹਨਾਂ ਦੇ ਸਬਜ਼ਬਾਗਾਂ ਅਤੇ ਜੁਮਲਿਆਂ ਦਾ ਸ਼ਿਕਾਰ ਹੋ ਕੇ ਫਿਰ ਉਹਨਾਂ ਨੂੰ ਹੀ ਅਪਣਾ ਲੈਣ ਵਾਂਗ ਮੌਤ ਦੇ ਮੂੰਹ ਵਿੱਚ ਡਿੱਗ ਕੇ ਆਪਣੇ ਆਪ ਨੂੰ ਤਬਾਹ ਕਰ ਲੈਣਾ ਹੈ।

**-ਦਰਸ਼ਨ ਸਿੰਘ ਰਿਆੜ**

## ਭਾਰਤੀ ਸਿਆਸਤ ਦਾ ਚਿੰਤਨ ਤੇ ਸਿਆਸਤ ਦਾ ਹਨੇਰੀਆਂ ਗੁਫਾਫਾਂ ਵਿਚ ਜਾਣ ਦਾ ਦੌਰ

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਆਪਣੀ ਆਸਥਾ ਦੇ ਨਾਂ ਹੇਠ ਮੰਦਰਾਂ, ਪੱਥਰਾਂ ਦੀ ਪੂਜਾ ਦੁਆਰਾ ਅਤੇ ਵਿਸ਼ੇਸ਼ ਸੁਵਿਧਾਵਾਂ ਨੂੰ ਮੁੱਖ ਰੱਖ ਕੇ ਬਣਾਈਆਂ ਗੁਫਾਵਾਂ ਵਿੱਚ ਬੈਠਕੇ ਅੰਤਰ ਧਿਆਨ ਹੋ ਕੇ ਭਗਤੀ ਕਰਨ ਜਾ ਚੁੱਕੇ ਹਨ। ਮੀਡੀਏ ਰਾਹੀਂ ਇਹ ਵੀ ਪਤਾ ਲੱਗਾ ਹੈ ਕਿ ਅਜੇ ਇੱਕ ਗੁਫਾ ਦਾ ਨਿਰਮਾਣ ਹੋਇਆ ਹੈ, ਇਸ ਤਰ੍ਹਾਂ ਦੀਆਂ ਆਧੁਨਿਕ ਸੁਖ ਸਹੂਲਤਾਂ ਨਾਲ ਲੈਸ ਪੰਜ ਹੋਰ ਗੁਫਾਵਾਂ ਦਾ ਨਿਰਮਾਣ ਕੀਤਾ ਜਾਣਾ ਹੈ। ਕੀ ਇਸੇ ਨੂੰ ਨਵੇਂ ਭਾਰਤ ਦੇ ਨਿਰਮਾਣ ਦਾ ਨਾਮ ਦਿੱਤਾ ਜਾ ਰਿਹਾ ਹੈ ?

ਇਸੇ ਤਰ੍ਹਾਂ ਅਮਿੱਤ ਸ਼ਾਹ ਅਤੇ ਰਾਹੁਲ ਗਾਂਧੀ ਇਸ ਦੌੜ ਵਿੱਚ ਪਿੱਛੇ ਨਹੀਂ ਰਹੇ। ਉਹਨਾਂ ਨੇ ਵੀ ਵੱਖ ਵੱਖ ਮੰਦਰਾਂ ਵਿੱਚੋਂ ਅਸ਼ੀਰਵਾਦ ਲੈਣ ਦੀ ਆਸਥਾ ਨੂੰ ਬਰਕਰਾਰ ਰੱਖਣ ਦੇ ਬਹਾਨੇ ਲੋਕਾਂ ਦੀਆਂ ਨਜ਼ਰਾਂ ਵਿੱਚ ਬੜੇ ਦਿਆਨਤਦਾਰ ਹੋਣ ਵਾਲਾ ਪੈਂਤਰਾ ਵਰਤਣ ਲਈ ਕੋਈ ਕਸਰ ਨਹੀਂ ਛੱਡੀ। ਲੋਕਾਂ ਲਈ ਸਵਾਲ ਇਹ ਹੈ ਕਿ ਕੀ ਇਸ ਤਰ੍ਹਾਂ ਕਰਨ ਨਾਲ ਕਿਸੇ ਦੀਆਂ ਇੱਛਾਵਾਂ ਦੀ ਪੂਰਤੀ ਹੋ ਸਕਦੀ ਹੈ ? ਜੇਕਰ ਸਿਆਸਤਦਾਨ ਲੋਕਾਂ ਦੀਆਂ ਸਮੱਸਿਆਵਾਂ ਨੂੰ ਖਤਮ ਕਰਨ ਪੱਖੋਂ ਨਾਕਾਮ ਰਹਿਣ ਬਾਅਦ, ਆਪਣੀ ਆਪਣੀ ਜਿੱਤ ਪ੍ਰਾਪਤ ਕਰਨ ਲਈ ਇਸ ਤਰ੍ਹਾਂ ਧਰਮਾਂ ਨੂੰ ਵਰਤਕੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਲਈ ਵਰਤਦੇ ਰਹਿਣਗੇ ਅਤੇ ਲੋਕ ਇਸੇ ਤਰ੍ਹਾਂ ਵੇਖਦੇ ਸੁਣਦੇ ਰਹਿਣਗੇ ਤਾਂ ਦੇਸ਼ ਦੀ ਤਰੱਕੀ ਲਈ ਬਹੁਤ ਹੀ ਘਾਤਕ ਸਿੱਧ ਹੋਵੇਗਾ। ਇਸ ਤਰ੍ਹਾਂ ਦੇ ਵਰਤਾਰੇ ਜੋ ਵੇਖਣ ਨੂੰ ਮਿਲ ਰਹੇ ਹਨ, ਇਨ੍ਹਾਂ ਨਾਲ ਲੋਕਾਂ ਦੀ ਇੱਕ ਵੀ ਸਮੱਸਿਆ ਹੱਲ ਨਹੀਂ ਹੋ ਸਕਦੀ। ਇੱਕ ਪਾਸੇ ਦੇਸ਼ ਦੇ ਬਹੁਗਿਣਤੀ ਲੋਕ ਦੋ ਡੰਗ ਦੀ ਰੋਟੀ ਤੋਂ ਵੀ ਸੱਖਣੇ ਹਨ, ਪਰ ਦੂਜੇ ਪਾਸੇ ਕ੍ਰੋੜਾਂ ਰੁਪਇਆ ਸਾਧਨਾਂ / ਚਿੰਤਨ ਕਰਨ ਦੇ ਨਾਂ 'ਤੇ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਕੈਮਰਿਆਂ ਅਤੇ ਹੋਰ ਸਰਕਾਰੀ ਅਮਲੇ-ਫੈਲੇ ਨੂੰ ਨਾਲ ਲੈਕੇ ਜਾਣਾ ਅਤੇ ਹਰ ਪਲ ਨੂੰ ਮੀਡੀਆ ਵਿੱਚ ਵਿਖਾਉਣ ਦੇ ਪ੍ਰਬੰਧ ਕਰਕੇ, ਅਜਿਹੇ ਸਿਆਸਤਦਾਨ ਲੋਕਾਂ ਦੀ ਕਿਹੜੀ ਸਮੱਸਿਆ ਦਾ ਸਮਾਧਾਨ ਕਰਨਾ ਚਾਹੁੰਦੇ ਹਨ ? ਕੀ ਪ੍ਰਧਾਨ ਮੰਤਰੀ ਜੀ ਦੱਸ ਸਕਦੇ ਹਨ ਕਿ ਉਹਨਾਂ ਵੱਲੋਂ ਕੀਤੀ ਜਾ ਰਹੀ ਇਸ ਸਾਧਨਾ ਨਾਲ ਦੇਸ਼ ਭੁੱਖ ਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਵਰਗੀ ਬਿਮਾਰੀ ਅਤੇ ਅਜਿਹੀਆਂ ਅਨੇਕਾਂ ਹੋਰ ਬਿਮਾਰੀਆਂ ਤੋਂ ਮੁਕਤ ਹੋ ਜਾਵੇਗਾ ? ਲੋਕਾਂ ਦੀ ਧਾਰਮਿਕ ਆਸਥਾ ਨੂੰ ਵੋਟਾਂ ਵਿੱਚ ਤਬਦੀਲ ਕਰਨ ਲਈ ਇਸ ਨੂੰ ਇੱਕ ਹੋਰ ਪੈਂਤਰਾ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ।

ਅੱਜ ਲੋੜ ਹੈ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਵਿਗਿਆਨਿਕ ਨਜ਼ਰੀਏ ਰਾਹੀਂ ਘੋਖ ਕਰਨ ਦੀ ਅਤੇ ਉਹਨਾਂ ਦੇ ਸਹੀ ਹੱਲ ਪੇਸ਼ ਕਰਨ ਦੀ। ਕਿਸੇ ਵੀ ਗ਼ੈਰ ਵਿਗਿਆਨਿਕ ਅਤੇ ਅੰਧ ਵਿਸ਼ਵਾਸੀ ਮਾਨਤਾ ਰਾਹੀਂ ਸਾਡੇ ਦੇਸ਼ ਦੀ ਕੋਈ ਵੀ ਸਮੱਸਿਆ ਹੱਲ ਨਹੀਂ ਹੋ ਸਕਦੀ। ਸਿਰਫ ਰਾਜ ਕਰਦੀ ਸ਼੍ਰੇਣੀ ਹੀ ਅਜਿਹੇ ਵਰਤਾਰਿਆਂ ਨੂੰ ਆਪਣੇ ਰਾਜ ਦੀ ਸਲਾਮਤੀ ਲਈ ਵਰਤਦੀ ਰਹੇਗੀ। ਲੋਕਾਂ ਨੂੰ ਇਹ ਸਭ ਕੁਝ ਸਮਝਣ ਦੀ ਲੋੜ ਹੈ।

**-ਜਸਵੰਤ ਜੀਰਖ**

## ਪੰਥ ਤੇ ਪੰਜਾਬ ਨੂੰ ਚਿੰਤਨ ਤੇ ਚਿੰਤਾ ਕਰਨ ਦੀ ਲੋੜ

ਪੰਥ ਤੇ ਪੰਜਾਬ ਨੂੰ ਇਹ ਸੋਚਣ ਵਿਚਾਰਨ ਦੀ ਲੋੜ ਹੈ ਕਿ ਜਿਹੜੇ ਲੋਕ ਸਭਾ ਚੋਣ ਜਿਤ ਗਏ ਨੇ ਉਹ ਪਾਰਲੀਮੈਂਟ ਵਿਚੋਂ ਪੰਥ ਤੇ ਪੰਜਾਬ ਦਾ ਕੀ ਭਲਾ ਕਰਨਗੇ ?ਕੀ ਇਹ ਲੋਕ ਉਥੋਂ ਪੰਥ ਤੇ ਪੰਜਾਬ ਦੇ ਖਿਲਾਫ ਬਨਣ ਵਾਲੀਆਂ ਨੀਤੀਆਂ, ਸਾਜਿਸ਼ਾਂ ਤੇ ਗਲਤ ਏਜੰਡੇ ਨੂੰ ਰੋਕ ਸਕਦੇ ਹਨ ? ਕੀ ਪਿਛਲੇ ਸਮਿਆਂ ਵਿਚ ਪੰਜਾਬ ਦੇ -ਪਾਰਲੀਮੈਂਟ ਮੈਂਬਰ ਪੰਥ ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰ ਸਕੇ ਹਨ ?ਕੀ ਪੰਥ ਤੇ ਪੰਜਾਬ ਨੂੰ ਮਲੀਆਮੇਟ ਕਰਨ ਦਾ ਜੋ ਪ੍ਰੋਜੈਕਟ ਭਾਰਤੀ ਹਕੂਮਤ ਚਲਾ ਰਹੀ ਹੈ, ਇਸ ਪ੍ਰੋਜੈਕਟ ਦਾ ਪੰਜਾਬ ਦੇ ਪਾਰਲੀਮੈਂਟ ਮੈਂਬਰਾਂ ਨੂੰ ਅਹਿਸਾਸ ਵੀ ਹੈ ? ਜਿਹੜੇ ਨਹੀ ਜਿੱਤੇ ਕੀ ਉਹ ਜੇ ਜਿੱਤ ਜਾਂਦੇ ਤਾਂ ਪੰਥ ਤੇ ਪੰਜਾਬ ਵਿਰੋਧੀ ਏਜੰਡੇ ਨੂੰ ਠੱਲ ਪਾ ਲੈਂਦੇ ? ਕੀ ਪੰਜਾਬ ਦਾ ਕੋਈ ਐਹੋ ਜਿਹਾ ਮੈਂਬਰ ਪਾਰਲੀਮੈਂਟ ਮੈਂਬਰ ਹੈ ਜੀਹਨੇ ਲੋਕਾਂ ਨੂੰ ਦੱਸਿਆ ਹੋਵੇ ਕਿ ਕਿਵੇਂ ਪੰਥ ਤੇ ਪੰਜਾਬ ਨੂੰ ਮਲੀਆਮੇਟ ਕੀਤਾ ਜਾ ਰਿਹਾ ਤੇ ਮੈਂ ਜਾਂ ਕੋਈ ਵੀ ਹੋਰ ਚਾਹੁੰਦੇ ਹੋਣ ਦੇ ਬਾਵਜੂਦ ਬੇਵੱਸ ਹਾਂ।ਜੇ ਪੰਜਾਬ ਦੇ ਪਾਰਲੀਮੈਂਟ ਮੈਂਬਰ ਪੰਥ ਤੇ ਪੰਜਾਬ ਦੀ ਤਬਾਹੀ ਵਾਲੇ ਹਕੂਮਤੀ ਪ੍ਰੋਜੈਕਟ ਨੂੰ ਪਾਰਲੀਮੈਂਟ ਵਿਚ ਜਾਣ ਦੇ ਬਾਵਜੂਦ ਰੋਕ ਨਹੀ ਸਕਦੇ ਤਾਂ ਸਾਨੂੰ ਕੀ ਭਾਅ ? ਜੇ ਜੇ ਪੰਜਾਬ ਦੇ ਪਾਰਲੀਮੈਂਟ ਮੈਂਬਰ ਪੰਥ ਤੇ ਪੰਜਾਬ ਦੀ ਤਬਾਹੀ ਵਾਲੇ ਹਕੂਮਤੀ ਪ੍ਰੋਜੈਕਟ ਬਾਰੇ ਐਨਾ ਵੀ ਨਹੀ ਕਹਿ ਸਕਦੇ ਕਿ ਅਸੀਂ ਇਸਨੂੰ ਰੋਕ ਨਹੀ ਸਕਦੇ ਤਾਂ ਅਸੀਂ ਕੀ ਲੈਣਾ ਇੰਨਾ ਤੋਂ ? ਨਾ ਇਹ ਸਾਡੀ ਤਬਾਹੀ ਰੋਕਣ ਜੋਗੇ ਨੇ,ਨਾ ਆਪ ਹਕੀਕਤ ਦੱਸਣ ਜੋਗੇ ਨੇ ਕਿ ਸਾਥੋਂ ਕੋਈ ਆਸ ਨਾ ਰੱਖਿਓ,ਫੇਰ ਇਸ ਖੇਡ ਦਾ ਸਾਨੂੰ ਲਾਭ ਕੀ ਹੈ ?

**-ਸਰਬਜੀਤ ਸਿੰਘ ਘੁਮਾਣ**

## ਬਾਲਾਕੋਟ ਤੇ ਰਾਸ਼ਟਰਵਾਦ ਦੇ ਆਲੇ-ਦੁਆਲੇ ਬੁਣੇ ਚੋਣ ਨਤੀਜੇ

ਅੱਜ ਦੇ ਚੋਣ ਨਤੀਜੇ ਵੀ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਦੀ ਸ਼ਖ਼ਸੀਅਤ ਅਤੇ ਬਾਲਾਕੋਟ ਤੇ ਰਾਸ਼ਟਰਵਾਦ ਦੇ ਆਲੇ-ਦੁਆਲੇ ਬੁਣੇ ਗਏ ਬਿਰਤਾਂਤ ਨੇ ਲੋਕਾਂ ਦੇ ਵੋਟ ਪਾਉਣ ਬਾਰੇ ਰੁਝਾਨਾਂ ਉੱਤੇ ਵੱਡਾ ਅਸਰ ਪਾਇਆ। ਭਾਰਤੀ ਜਨਤਾ ਪਾਰਟੀ ਨੂੰ 2014 ਤੋਂ ਵੀ ਜ਼ਿਆਦਾ ਸੀਟਾਂ ਹਾਸਲ ਹੋਈਆਂ ਜਦੋਂਕਿ ਮਾਹਿਰਾਂ ਦਾ ਕਹਿਣਾ ਸੀ ਕਿ ਭਾਜਪਾ ਕਦੀ ਵੀ 2014 ਵਾਲੇ ਅੰਕੜੇ (282 ਸੀਟਾਂ) ਤੋਂ ਅਗਾਂਹ ਨਹੀਂ ਜਾ ਸਕੇਗੀ ਕਿਉਂਕਿ ਉਹ ਉਸ ਨੂੰ ਭਾਜਪਾ ਦੀ ਸਫ਼ਲਤਾ ਦਾ ਸਿਖ਼ਰ ਮੰਨਦੇ ਸਨ। ਭਾਜਪਾ ਦੇ ਨਾਲ ਜੁੜੀਆਂ ਪਾਰਟੀਆਂ ਨੂੰ ਵੀ ਵੱਡਾ ਫ਼ਾਇਦਾ ਹੋਇਆ ਅਤੇ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਨੂੰ 340 ਤੋਂ ਵੱਧ ਸੀਟਾਂ ਮਿਲਣ ਦੀ ਉਮੀਦ ਹੈ। ਕਿਸੇ ਵੀ ਜਮਹੂਰੀਅਤ ਵਿਚ ਸੱਤਾਧਾਰੀ ਪਾਰਟੀ ਦੇ ਨਾਲ ਨਾਲ ਵਿਰੋਧੀ ਧਿਰਾਂ ਦੀ ਖ਼ਾਸ ਅਹਿਮੀਅਤ ਤੇ ਜ਼ਿੰਮੇਵਾਰੀ ਹੁੰਦੀ ਹੈ। ਕਾਂਗਰਸ, ਜਿਸ ਨੇ ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਭਾਜਪਾ ਨੂੰ ਹਰਾ ਕੇ ਵੱਡੇ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ ਸਨ, ਨੂੰ ਨਾ ਸਿਰਫ਼ ਇਕ ਵਿਰੋਧੀ ਧਿਰ ਵਜੋਂ ਵਿਚਰਨਾ ਹੋਵੇਗਾ ਸਗੋਂ ਆਪਣੇ ਆਪ ਨੂੰ ਬਿਖਰਨ ਤੋਂ ਬਚਾਉਣ ਲਈ ਡੂੰਘਾ ਆਤਮ-ਮੰਥਨ ਵੀ ਕਰਨਾ ਪਵੇਗਾ। ਇਹੀ ਹਾਲ ਖੱਬੇ-ਪੱਖੀ ਪਾਰਟੀਆਂ ਦਾ ਹੈ। ਆਉਣ ਵਾਲੇ ਪੰਜ ਸਾਲ ਦੇਸ਼ ਦੀ ਜਮਹੂਰੀਅਤ ਲਈ .ਫ਼ੈਸਲਾਕੁਨ ਹੋਣਗੇ; ਇਹ ਸਮਾਂ ਵਿਰੋਧੀ ਧਿਰਾਂ ਲਈ ਇਸ ਪੱਖ ਤੋਂ ਇਮਤਿਹਾਨ ਦਾ ਸਮਾਂ ਹੈ ਕਿ ਉਹ ਕੋਈ ਉਸਾਰੂ ਭੂਮਿਕਾ ਨਿਭਾ ਸਕਣਗੀਆਂ ਜਾਂ ਫਿਰ ਪਿਛਲੇ ਪੰਜ ਸਾਲਾਂ ਵਾਂਗ ਹੀ ਬਿਖਰੀਆਂ ਰਹਿਣਗੀਆਂ।

**-ਸਵਰਾਜਬੀਰ**

## ਅਖੌਤੀ ਸਾਧਾਂ ਦੇ ਚੱਕਰਵਿਊ 'ਚ ਘਿਰਿਆ ਸਮਾਜ

ਜੋਧਪੁਰ ਜੇਲ੍ਹ 'ਚ ਬੰਦ ਅਖੌਤੀ ਬਾਬੇ ਆਸਾ ਰਾਮ ਦੇ ਲੜਕੇ ਨੂੰ ਪਿਉ ਵਾਂਗ ਹੀ ਬਲਾਤਕਾਰ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਣਾ, ਜਲੇਬੀ ਬਾਬਾ, ਦਾਤੀ ਮਹਾਰਾਜ, ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਤੇ ਅਜਿਹੇ ਹੋਰ ਪਾਖੰਡੀਆਂ ਉੱਤੇ ਬਲਾਤਕਾਰ ਤੇ ਧੋਖਾਧੜੀ ਦੇ ਕੇਸ, ਪਾਦਰੀ ਕੋਲੋਂ 16 ਲੱਖ ਮਿਲਣਾ, ਸਾਧਾਂ ਦੁਆਰਾ ਆਸ਼ਰਮਾਂ ਜਾਂ ਆਸਥਾ ਦੇ ਨਾਮ 'ਤੇ ਵੱਡੇ ਮਾਤਰਾ ਵਿਚ ਧਨ ਦੌਲਤ ਇਕਠਾ ਕਰਨਾ; ਸਾਧਪੁਣੇ ਤੋਂ ਉਲਟ ਅੱਯਾਸ਼ੀ ਤੇ ਅਰਾਮਦਾਇਕ ਜੀਵਨ ਬਸਰ ਕਰਨਾ ਇਸ਼ਾਰਾ ਕਰਦੇ ਹਨ ਕਿ ਇਹ ਅਜੋਕੇ ਸਾਧਾਂ ਜਾਂ ਬਾਬਿਆਂ ਦਾ ਅਧਿਆਤਮਿਕਤਾ ਦਾ ਪ੍ਰਚਾਰ ਨਹੀਂ ਬਲਕਿ ਆਮ ਲੋਕਾਂ ਵਾਂਗ ਹੀ ਪਦਾਰਥਕ ਤੇ ਕਾਮੁਕ ਭਾਵਨਾਵਾਂ ਦੀ ਪੂਰਤੀ ਅਤੇ ਨਿਰੋਲ ਛਲ-ਕਪਟ ਹੀ ਹੈ।

**-ਡਾ. ਸੁਖਦੇਵ ਸਿੰਘ**

ਪ੍ਰਿੰ. ਕਰਮ ਸਿੰਘ ਭੰਡਾਰੀ



# ਗੁਰੂ ਅਰਜਨ ਦੇਵ ਜੀ ਦਾ ਜੀਵਨ ਤੇ ਸ਼ਹਾਦਤ

ਭੱਟ ਮਥਰਾ ਜੀ ਦਾ ਕਥਨ "ਭਨਿ ਮਥਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖੵ ਹਰਿ" ਅਟੱਲ ਸਚਾਈ ਭਰਿਆ ਹੈ ਕਿਉਂਕਿ ਆਪ ਪੂਰਨ ਪੁਰਖ, ਪ੍ਰਤੱਖ ਹਰੀ ਰੂਪ ਪ੍ਰਮਾਣ ਪੁਰਖ ਤੇ ਨਿਰਗੁਣ ਨਿਰੰਕਾਰ ਦੇ ਸਰਗੁਣ ਸਰੂਪ ਸਨ। ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਰਾਮ ਦਾਸ ਜੀ ਦੇ ਗ੍ਰਹਿ ਮਾਤਾ ਭਾਨੀ ਜੀ ਦੀ ਪਵਿੱਤਰ ਕੁੱਖ ਤੋਂ 15 ਅਪਰੈਲ 1563 ਈਸਵੀ ਨੂੰ ਗੋਇੰਦਵਾਲ ਸਾਹਿਬ ਵਿਖੇ ਨਾਨਕੇ ਘਰ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਨੂੰ ਛੋਟੀ ਉਮਰੇ "ਦੋਹਤਾ ਬਾਣੀ ਦਾ ਬੋਹਤਾ" ਅਰਥਾਤ ਬਾਣੀ ਦਾ ਜਹਾਜ਼ ਹੋਣ ਦਾ ਵਰਦਾਨ ਦਿੱਤਾ। ਆਪ ਨੇ ਬਚਪਨ ਦੇ 11 ਸਾਲ ਨਾਨਕਾ ਪਿੰਡ ਵਿਖੇ ਹੀ ਬਤੀਤ ਕੀਤੇ। ਪਿਤਾ ਗੁਰੂ ਅਤੇ ਨਾਨਾ ਗੁਰੂ ਦੀ ਛਤਰ ਛਾਇਆ ਹੇਠ ਧਾਰਮਿਕ ਅਤੇ ਅਧਿਆਤਮਿਕ ਸਿੱਖਿਆ ਹਾਸਲ ਕੀਤੀ। ਇਸੇ ਲਈ ਭੱਟ ਭੱਲ ਲਿਖਦੇ ਹਨ, "ਤੈ ਜਨਮਤ ਗੁਰਮਤਿ ਬ੍ਰਹਮ ਪਛਾਣਿਓ।।" ਨਾਨਾ ਗੁਰੂ ਨੇ ਖੁਦ ਗੁਰਮੁਖੀ ਸਿਖਾਈ। ਗੁਰਮਤਿ ਸਿੱਖਿਆ ਬਾਬਾ ਬੁਢਾ ਜੀ ਨੇ ਤੇ ਸੰਸਕ੍ਰਿਤ ਭਾਸ਼ਾ ਪੰਡਿਤ ਬੇਣੀ ਜੀ ਨੇ ਸਿਖਾਈ। ਪਿਤਾ ਗੁਰੂ ਦੀ ਆਗਿਆ ਦਾ ਪਾਲਣ ਕਰਦੇ ਹੋਇਆਂ ਸੰਨ 1580 ਈਸਵੀ ਵਿੱਚ ਆਪ ਜੀ ਆਪਣੇ ਪਿਤਾ ਦੇ ਤਾਏ ਦੇ ਪੁੱਤਰ ਸਹਾਰੀ ਮੱਲ ਦੇ ਸਪੁੱਤਰ ਦੇ ਵਿਆਹ ਗਏ ਅਤੇ ਸੱਦੇ ਬਿਨਾ ਵਾਪਸ ਨਾ ਆਉਣ ਦੇ ਹੁਕਮ ਕਾਰਨ ਇੱਕ ਸਾਲ ਨਿਰੰਤਰ ਮਜ਼ਦੂਰਾਂ ਵਾਲਾ ਜੀਵਨ ਖਿੜੇ ਮੱਥੇ ਬਤੀਤ ਕੀਤਾ। ਆਪ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਤੇ ਮਹਾਂਦੇਵ ਸਨ। ਪ੍ਰਿਥੀ ਚੰਦ ਮਾਇਆ ਵਿੱਚ ਵਧੇਰੇ ਰੁਚਿਤ ਲੋਭੀ ਤੇ ਈਰਖਾਵਾਦੀ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਇੱਕ ਵਾਰ ਪ੍ਰਿਥੀਚੰਦ ਨੂੰ ਕਹਿ ਵੀ ਦਿੱਤਾ ਸੀ ਕਿ, "ਮਾਇਆ ਨਾਲ ਹੱਥ ਕਾਲੇ ਕਰਦਾ ਕਰਦਾ ਕਿਧਰੇ ਆਤਮਾ ਵੀ ਕਾਲੀ ਨਾ ਕਰ ਬੈਠੀਂ।" ਸ੍ਰੀ ਮਹਾਂਦੇਵ ਜੀ ਰਮਤੇ ਸਾਧੂ ਤੇ ਵਿਰਕਤ ਸੁਭਾਅ ਦੇ ਮਾਲਕ ਸਨ। ਆਪ ਨੂੰ ਗੁਰਗੱਦੀ ਦਿੱਤੇ ਜਾਣ ਦਾ ਪ੍ਰਿਥੀ ਚੰਦ ਨੇ ਡਟਵਾਂ ਵਿਰੋਧ ਹੀ ਨਹੀਂ ਕੀਤਾ ਸਗੋਂ ਭਰਾ ਮਾਰੂ ਨੀਤੀ ਉਪਰ ਚਲਦਿਆਂ ਰਾਜਸੀ ਤੇ ਆਰਥਿਕ ਤੌਰ 'ਤੇ ਵੀ ਹਾਨੀ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। 1 ਸਤੰਬਰ 1581 ਈ. ਨੂੰ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਦੇ ਭੋਗ ਸਮੇਂ ਮਰਨੇ ਦੀ ਪੱਗ ਵੱਡੇ ਪੁੱਤਰ ਦੇ ਨਾਤੇ ਪ੍ਰਿਥੀ ਚੰਦ ਦੇ ਤੇ ਗੁਰਿਆਈ ਦੀ ਪੱਗ ਗੁਰੂ ਅਰਜਨ ਦੇਵ ਜੀ ਦੇ ਬੰਨੀ ਗਈ। ਗੁਰੂ ਅਰਜਨ ਸਾਹਿਬ ਸਦਾ ਅਡੋਲ ਤੇ ਸ਼ਾਂਤ ਚਿੱਤ ਹੀ ਰਹਿੰਦੇ। ਪ੍ਰਿਥੀ ਚੰਦ ਦੀਆਂ ਕੁਟਿਲ ਚਾਲਾਂ ਤੋਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਸੀ, ਭਾਈ ਵਿਧੀ ਚੰਦ ਜੀ, ਭਾਈ ਪੈੜਾ ਜੀ ਤੇ ਭਾਈ ਪ੍ਰਾਨਾ ਜੀ ਆਦਿ ਗੁਰਸਿੱਖ ਪ੍ਰਚਾਰਕਾਂ ਨੇ ਜ਼ੋਰਦਾਰ ਪ੍ਰਚਾਰ ਰਾਹੀਂ ਸੰਗਤਾਂ ਨੂੰ ਜਾਣੂ ਕਰਵਾ ਕੇ ਜਿੱਥੇ ਪ੍ਰਿਥੀ ਚੰਦ ਨੂੰ ਮੂੰਹ ਤੋੜ ਜਵਾਬ ਦਿੱਤਾ ਉਥੇ ਸਿੱਖ ਸੰਗਤਾਂ ਨੂੰ ਵੀ ਮੁੜ ਗੁਰੂ ਘਰ ਨਾਲ ਜੋੜਨ ਵਿੱਚ ਅਹਿਮ ਰੋਲ ਅਦਾ ਕੀਤਾ। ਆਪ ਜੀ ਦਾ ਵਿਆਹ 16 ਸਾਲ ਦੀ ਉਮਰ ਵਿੱਚ ਪਿੰਡ ਮਊ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੇ ਵਸਨੀਕ ਕ੍ਰਿਸ਼ਨ ਚੰਦ ਦੀ ਸਪੁੱਤਰੀ ਗੰਗਾ ਜੀ ਨਾਲ ਹੋਇਆ। ਉਨ੍ਹਾਂ ਦੀ ਪਵਿੱਤਰ ਕੁੱਖ ਤੋਂ 15 ਜੂਨ 1595 ਈ. ਨੂੰ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਪੈਦਾ ਹੋਏ। ਆਪ ਜੀ 18 ਸਾਲ ਦੀ ਉਮਰੇ 1 ਸਤੰਬਰ 1581 ਈਸਵੀ ਨੂੰ ਗੁਰਗੱਦੀ ਉਪਰ ਬਿਰਾਜਮਾਨ ਹੋਏ। 25 ਸਾਲ ਨਿਰੰਤਰ ਸਿੱਖੀ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਮਾਨਵਤਾ ਲਈ ਅਹਿਲੇ ਜ਼ੁਬਾਨ, ਅਹਿਲੇ ਸਥਾਨ ਤੇ ਅਹਿਲੇ ਗ੍ਰੰਥ ਵੀ ਦਿੱਤਾ। ਆਪ ਜੀ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਗੁਰੂ ਦੀ ਸੰਤਾਨ ਅਤੇ ਗੁਰੂ ਦੇ ਪਿਤਾ ਹੋਣ ਦਾ ਮਾਣ ਪ੍ਰਾਪਤ ਕੀਤਾ। ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਵੱਲੋਂ "ਨਾਨਕ" ਨਾਮ ਹੇਠ ਆਪਣੀ ਕੱਚੀ ਬਾਣੀ ਰਚ ਕੇ ਗੁਰਬਾਣੀ ਵਿਚ ਮਿਲਾਵਟ ਕੀਤੀ ਜਾ ਰਹੀ ਸੀ ਜਿਸ ਨਾਲ ਗੁਰਮਤਿ ਵਿਚ ਇਕਸਾਰਤਾ ਕਾਇਮ ਨਹੀਂ ਰਹਿ ਸਕਦੀ ਸੀ। ਇਸ ਨੂੰ ਮੁੱਖ ਰੱਖਦਿਆਂ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਦੀ ਸੋਚੀ, ਜਿਸ ਵਿੱਚ ਆਪ ਜੀ ਨੇ ਆਪਣੀ ਅਤੇ ਪਹਿਲੇ ਚਾਰ ਗੁਰੂ ਸਾਹਿਬਾਨਾਂ, 15 ਭਗਤਾਂ, 4 ਸਿੱਖਾਂ ਤੇ 11 ਭੱਟਾਂ ਦੀ ਬਾਣੀ ਨੂੰ ਬਿਨਾ ਵਿਤਕਰਾ ਸੁਰੱਖਿਅਤ ਕੀਤਾ। ਇਸ ਇਲਾਹੀ ਤੇ ਸੱਚ ਦੀ ਬਾਣੀ ਵਿਚ ਕਾਨ੍ਹਾ ਭਗਤ ਜੋ ਚੰਦੂ ਦੇ ਤਾਏ ਦਾ ਪੁੱਤ ਭਰਾ ਸੀ, ਛਜੂ ਭਗਤ, ਸ਼ਾਹ ਹੁਸੈਨ ਤੇ ਪੀਲੂ ਦੀਆਂ ਰਚਨਾਵਾਂ ਗੁਰਮਤਿ ਅਨੁਸਾਰੀ ਨਾ ਹੋਣ ਕਰਕੇ ਦਰਜ ਨਹੀਂ ਕੀਤੀਆਂ ਤੇ ਨਾ ਹੀ ਬਾਦਸ਼ਾਹ ਜਹਾਂਗੀਰ ਦੇ ਕਹਿਣ 'ਤੇ ਹਜ਼ਰਤ ਮੁਹੰਮਦ ਦੀ ਸਿਫਤ ਲਿਖੀ। ਆਪ ਨੇ ਮੀਣਿਆਂ ਵੱਲੋਂ ਗੁਰਬਾਣੀ ਅੰਦਰ ਰਲਾ ਪਾਉਣ ਤੋਂ ਰੋਕਣ ਲਈ ਸੰਨ 1601 ਈ. ਤੋਂ 1604 ਈ. ਤੱਕ ਨਿਰੰਤਰ ਤਿੰਨ ਸਾਲਾਂ ਵਿੱਚ ਸੰਤੋਖਸਰ ਦੇ ਕਿਨਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਆਪਣੀ ਨਿਗਰਾਨੀ ਹੇਠ ਭਾਈ ਗੁਰਦਾਸ ਜੀ ਦੀ ਕਲਮ ਤੋਂ ਕਰਵਾ ਕੇ ਭਾਦੋਂ ਸੁਦੀ ਏਕਮ 14 ਅਗਸਤ 1604 ਈਸਵੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਥਾਪਨ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਪਹਿਲੇ ਹੈੱਡ ਗ੍ਰੰਥੀ ਥਾਪਿਆ। ਗੁਰਬਾਣੀ ਨੂੰ ਇਕੱਠੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਈਰਖਾਵਾਦੀ ਜੁੰਡਲੀ ਤੋਂ ਪਤਾ ਲੱਗਿਆ ਤਾਂ 24 ਨਵੰਬਰ 1598 ਈ. ਨੂੰ ਕਰਤਾਰਪੁਰ ਸਾਹਿਬ ਵਿਖੇ ਪਹੁੰਚ ਕੇ ਗੁਰੂ ਜੀ ਪਾਸ ਆ ਕੇ ਗੁਰਬਾਣੀ ਸੁਣੀ ਤੇ ਪ੍ਰਸੰਨਤਾ ਵੀ ਕੀਤੀ ਕਿ ਗੁਰੂ ਜੀ ਇੱਕ ਸਾਂਝਾ, ਮਾਨਵਤਾ ਨੂੰ ਲੋਕ ਪ੍ਰਲੋਕ ਦੀਆਂ ਕਦਰਾਂ ਕੀਮਤਾਂ ਸਿਖਾਉਣ ਤੇ ਦਰਸਾਉਣ ਵਾਲਾ ਸੱਚੀ ਤੇ ਇਲਾਹੀ ਬਾਣੀ ਦਾ ਪਵਿੱਤਰ ਧਾਰਮਿਕ ਗ੍ਰੰਥ ਤਿਆਰ ਕਰ ਰਹੇ ਹਨ ਅਤੇ ਫਿਰ ਗ੍ਰੰਥ ਸਾਹਿਬ ਤਿਆਰ ਕਰਨ ਉਪਰੰਤ ਬਟਾਲਾ ਵਿਖੇ ਮੰਗਵਾ ਕੇ ਸੁਣਿਆ ਤੇ ਤਸੱਲੀ ਪ੍ਰਗਟ ਕੀਤੀ। ਇਸੇ ਗ੍ਰੰਥ ਸਾਹਿਬ ਅੰਦਰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਿੰਘ ਜੀ ਦੀ ਬਾਣੀ ਦਰਜ ਕਰਕੇ ਸੰਪੂਰਨ ਕੀਤਾ ਤੇ ਜੋਤੀ ਜੋਤ ਸਮਾਉਣ ਸਮੇਂ 7 ਅਕਤੂਬਰ 1708 ਈ. ਨੂੰ ਤਖ਼ਤ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਵਿਖੇ ਗ੍ਰੰਥ ਸਾਹਿਬ ਨੂੰ 'ਗੁਰੂ' ਪਦਵੀ ਉਪਰ ਪ੍ਰਤਿਸ਼ਠਿਤ ਕਰਦਿਆਂ ਫੁਰਮਾਇਆ ਕਿ "ਅੱਜ ਤੋਂ ਸਾਡੀ ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ ਹੋਵੇਗਾ।"

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 1430 ਪੰਨੇ ਤੇ 31 ਰਾਗ ਅਤੇ 5894 ਸ਼ਬਦ ਹਨ। ਗੁਰੂ ਅਰਜਨ ਸਾਹਿਬ ਨੇ 30 ਰਾਗਾਂ ਵਿੱਚ 2218 ਸ਼ਬਦ ਉਚਾਰਨ ਕੀਤੇ ਜਿਨ੍ਹਾਂ ਵਿੱਚ ਬਾਰਮਾਹ (ਮਾਝ), ਬਾਵਨ ਅੱਖਰੀ, ਗੁਣਵੰਤੀ, ਸੋਹਲੇ, ਅੰਜੁਲੀਆਂ, ਚਉਬੋਲੇ, ਡਨਹੇ, ਗਉੜੀ, ਤਿਥੀ, ਦਿਨ ਰੈਣ, ਰੁੱਤੀ, ਸੁਖਮਨੀ, ਗਾਥਾ, ਅਸ਼ਟਪਦੀਆਂ, ਸਲੋਕ ਸਹਸਕ੍ਰਿਤੀ, ਬਿਰਹੜੇ ਤੇ ਛੇ ਵਾਰਾਂ ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਹਨ। ਆਪ ਨੇ ਪਿਤਾ ਗੁਰੂ ਦੁਆਰਾ ਸੰਨ 1577 ਈ. ਤੇ "ਗੁਰੂ ਚੱਕ" ਜਿਸ ਦਾ ਨਾਮ ਬੀਬੀ ਭਾਨੀ ਚੱਕ, ਗੁਰੂ ਰਾਮਦਾਸ ਚੱਕ ਤੇ ਗੁਰੂ ਰਾਮਦਾਸਪੁਰ ਵੀ ਰਿਹਾ ਹੈ ਤੇ ਜੋ ਅੱਜ-ਕੱਲ੍ਹ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ, ਵਿਖੇ ਦੁਖਭੰਜਨੀ ਬੇਰੀ ਦੇ ਲਾਗੇ ਬਣਾਏ ਜਾ ਰਹੇ ਅੰਮ੍ਰਿਤ ਸਰੋਵਰ ਨੂੰ ਸੰਨ 1588 ਈ. ਵਿੱਚ ਸੰਪੂਰਨ ਕਰਕੇ ਵਿਚਕਾਰ ਧਰਮ ਸਥਾਨ ਬਣਾਇਆ, ਜਿਸ ਦਾ ਨਾਮ ਹਰਿਮੰਦਿਰ (ਦਰਬਾਰ ਸਾਹਿਬ) ਰੱਖਿਆ। ਪਿਛਲੀ ਸਦੀ ਤੋਂ ਇਸ ਨੂੰ ਗੋਲਡਨ ਟੈਂਪਲ ਕਹਿਣ ਦੀ ਜੋ ਗਲਤ ਪ੍ਰਥਾ ਪੈ ਰਹੀ ਹੈ, ਸਿੱਖ ਕੌਮ ਨੂੰ ਇਸ ਤੋਂ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਇਹ "ਹਰੀ ਪ੍ਰਭੂ ਦਾ ਮੰਦਰ" ਹੈ ਨਾ ਕਿ "ਸੋਨੇ" ਦਾ ਮੰਦਰ ਹੈ। ਇਸ ਦੀ ਨੀਂਹ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾ ਕੇ ਆਪ ਜੀ ਨੇ ਧਰਮ ਨਿਰਪੱਖ, ਮਾਨਵਵਾਦੀ ਤੇ ਸਾਂਝੀਵਾਲਤਾ ਦਾ ਪ੍ਰਤੱਖ ਸਬੂਤ ਦਿੱਤਾ। ਸ੍ਰੀ ਤਰਨ ਤਾਰਨ ਸੰਨ 1590 ਈ., ਸ੍ਰੀ ਹਰਿਗੋਬਿੰਦਪੁਰ ਸੰਨ 1596 ਈ. ਤੇ ਸ੍ਰੀ ਕਰਤਾਰਪੁਰ ਸੰਨ 1593 ਈ. ਵਿੱਚ ਨਗਰ ਵਸਾਏ। ਤਰਨ ਤਾਰਨ ਵਿਖੇ ਦੁੱਖ ਨਿਵਾਰਨ ਦਵਾਖਾਨਾ, ਯਤੀਮਖਾਨਾ ਤੇ ਕੁਸ਼ਟ ਆਸ਼ਰਮ ਵੀ ਚਾਲੂ ਕੀਤੇ। ਸੰਨ 1586 ਈ. ਵਿੱਚ ਸੰਤੋਖਸਰ, ਸੰਨ 1588 ਈ. ਵਿੱਚ ਅੰਮ੍ਰਿਤਸਰ, ਰਾਮਸਰ ਆਦਿ ਸਰੋਵਰ ਬਣਾਏ। ਜੁਲਾਈ 1595 ਈ. ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦੀ ਖੁਸ਼ੀ ਵਿੱਚ ਛੇਹਰਟਾ ਸਾਹਿਬ, ਬਾਉਲੀ ਸਾਹਿਬ ਲਾਹੌਰ ਵਿਖੇ ਡੱਬੀ ਬਾਜ਼ਾਰ ਵਿੱਚ ਸੰਨ 1599 ਈ., ਗੁਰੂ ਕਾ ਬਾਗ ਸ੍ਰੀ ਅੰਮ੍ਰਿਤਸਰ ਦੇ ਆਲੇ ਦੁਆਲੇ 50 ਕਿਲੋਮੀਟਰ ਤਕ ਮਾਝੇ ਤੇ ਦੁਆਬੇ ਵਿਚ ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਦਰਜਨਾਂ ਹੀ ਸਰੋਵਰ, ਖੂਹ ਤੇ ਬਾਉਲੀਆਂ ਬਣਾ ਕੇ ਸਿੱਖਾਂ ਨੂੰ ਨਾਮ ਦਾਨ ਦੇ ਉਪਦੇਸ਼ ਦਿੱਤੇ। ਆਪ ਜੀ ਜਿੱਥੇ ਇੱਕ ਮਹਾਨ ਤੇ ਉੱਚ ਕੋਟੀ ਦੇ ਕਵੀ, ਸੰਗੀਤਕਾਰ, ਨਿਪੁੰਨ ਤੇ ਨਿਰਪੱਖ ਸੰਪਾਦਕ, ਰੂਹਾਨੀਅਤ ਦੇ ਚਸ਼ਮਾ, ਨਿਰਭੈਤਾ ਵਾਲੇ ਲੋਹ ਪੁਰਸ਼ ਤੇ ਸ਼ਹਿਨਸ਼ੀਲਤਾ ਦੇ ਮੁਜੱਸਮਾ ਸਨ, ਉਥੇ ਚੰਗੇ ਘੋੜ ਸਵਾਰ ਤੇ ਘੋੜਿਆਂ ਦੇ ਵਪਾਰੀ ਵੀ ਸਨ। ਆਪ ਜੀ ਮਾਤਾ-ਪਿਤਾ ਦੇ ਆਗਿਆਕਾਰੀ ਸਪੁੱਤਰ, ਖਿਮਾਵਾਨ ਭਰਾ, ਪਿਆਰੇ ਪਤੀ, ਸੱਚੇ ਪੰਥ ਪ੍ਰਦਰਸ਼ਕ ਪਿਤਾ ਤੇ ਭਗਤ ਰੱਖਿਅਕ ਆਦਿ ਗੁਣਾਂ ਵਿੱਚ ਸੰਪੰਨ ਸਨ। ਗੁਰਮੁਖੀ ਤੋਂ ਇਲਾਵਾ ਸੰਸਕ੍ਰਿਤ, ਹਿੰਦੀ, ਅਰਬੀ ਤੇ ਫਾਰਸੀ ਦੇ ਵੀ ਮਹਾਨ ਵਿਦਵਾਨ ਸਨ। ਆਪ ਜੀ ਕੇਵਲ ਸੰਤ ਗੁਰੂ ਹੀ ਨਹੀਂ ਸਨ ਸਗੋਂ ਅਮਲੀ ਜੀਵਨ-ਸੰਘਰਸ਼ ਅਤੇ ਮਾਨਵਤਾ ਦੀ ਨਿਸ਼ਕਾਮ ਸੇਵਾ ਵਿੱਚ ਵੀ ਵਿਸ਼ਵਾਸ਼ ਰੱਖਦੇ ਸਨ। ਜਿਵੇਂਕਿ ਲਾਹੌਰ ਵਿਖੇ ਸੰਨ 1597 ਈ. ਨੂੰ ਕਾਲ ਅਤੇ ਔੜ ਪੈਣ ਸਮੇਂ ਆਪ ਜੀ ਨੇ ਇਲਾਕੇ ਭਰ ਵਿੱਚ ਖੂਹ ਬਣਵਾਏ। ਇਕੱਲੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੀ ਇਨ੍ਹਾਂ ਦੀ ਗਿਣਤੀ ਬਾਰਾਂ ਹੈ। ਲਾਹੌਰ ਵਿਖੇ ਕਾਲ ਪੈਣ 'ਤੇ ਲੋੜਵੰਦਾਂ ਦੀ ਸਹਾਇਤਾ ਕੀਤੀ, ਥਾਂ-ਥਾਂ ਲੰਗਰ ਚਲਾਏ, ਨਿਰੰਤਰ ਅੱਠ ਮਹੀਨੇ ਇੱਥੇ ਰਹਿ ਕੇ ਦੁਖੀ ਮਾਨਵਤਾ ਦੀ ਹੱਥੀਂ ਸੇਵਾ ਕੀਤੀ। ਇਸ ਤੋਂ ਇਲਾਵਾ ਅਕਬਰ ਬਾਦਸ਼ਾਹ ਪਾਸੋਂ ਵੀ ਕਿਸਾਨਾਂ ਦਾ ਮਾਮਲਾ ਮੁਆਫ ਕਰਵਾਇਆ। ਬੀਰਬਲ (ਮਹੇਸ਼ ਦਾਸ) ਵੱਲੋਂ ਅੰਮ੍ਰਿਤਸਰ ਵਾਸੀਆਂ ਨੂੰ ਇੱਕ ਰੁਪਈਆ ਪ੍ਰਤੀ ਘਰ ਟੈਕਸ ਲਾਏ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਭਰਨ ਤੋਂ ਸਾਫ ਇਨਕਾਰ ਕਰਕੇ ਉੱਥੋਂ ਦੇ ਵਾਸੀਆਂ ਨੂੰ ਭਾਰੀ ਰਾਹਤ ਦਿਵਾਈ। ਸ੍ਰੀ ਗੁਰੂ ਰਾਮਦਾਸ ਵੱਲੋਂ ਚਲਾਈ ਸਿੱਖਾਂ ਪਾਸੋਂ ਦਸਵੰਧ ਇਕੱਠਾ ਕਰਨ ਵਾਲੀ ਮਸੰਦ ਪ੍ਰਥਾ ਨੂੰ ਮਜ਼ਬੂਤ ਕਰਕੇ ਸਿੱਖਾਂ ਅੰਦਰ ਸਾਂਝੇ ਕੌਮੀ ਫੰਡ ਤੇ ਗਰੀਬ ਅਨਾਥਾਂ ਦੀ ਲੋੜ ਸਮੇਂ ਸਹਾਇਤਾ ਕਰਨ ਲਈ ਦਸਵੰਧ ਦੀ ਮਰਿਯਾਦਾ ਦਾ ਘੇਰਾ ਹੋਰ ਵਧਾਉਣ ਲਈ ਤੇ ਗੁਰੂ ਘਰ ਤਕ ਠੀਕ ਤਰ੍ਹਾਂ ਪਹੁੰਚਾਉਣ ਲਈ ਠੋਸ ਕਾਰਵਾਈ ਸ਼ੁਰੂ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਚਲਾਈ ਵਿਧਵਾ ਵਿਆਹ ਦੀ ਰਸਮ ਉਪਰ ਅਮਲ ਕਰਦਿਆਂ ਹੇਮੇ ਚੌਧਰੀ ਦਾ ਇੱਕ ਵਿਧਵਾ ਔਰਤ ਨਾਲ ਵਿਆਹ ਕਰਵਾਇਆ। ਦੁਰਕਾਰੇ, ਲਤਾੜੇ ਤੇ ਕੁਚਲੇ ਜਾ ਰਹੇ ਲੋਕਾਂ ਨੂੰ ਜੱਥੇਬੰਦ ਕਰਕੇ ਆਤਮਿਕ ਤੇ ਆਰਥਿਕ ਤੌਰ 'ਤੇ ਉੱਚਾ ਉਠਾਉਣ ਲਈ ਜਿੱਥੇ ਉਨ੍ਹਾਂ ਨੂੰ ਨਾਮ, ਬਾਣੀ, ਸੇਵਾ, ਸਿਮਰਨ ਵੱਲ ਲਾਇਆ ਉਥੇ ਰੁਜ਼ਗਾਰ ਅਤੇ ਵਪਾਰ ਵੱਲ ਵੀ ਪ੍ਰੇਰਿਤ ਕੀਤਾ। ਆਪ ਜੀ ਨੇ ਕਾਬਲ, ਕੰਧਾਰ, ਬਨਾਰਸ, ਪਟਨਾ, ਲਖਨਊ, ਪਰਾਗ, ਉਜੈਨ, ਢਾਕਾ ਤੇ ਕਸ਼ਮੀਰ ਆਦਿ ਦੂਰ-ਦੂਰ ਤਕ ਸਿੱਖ ਪ੍ਰਚਾਰਕ ਭੇਜ ਕੇ ਸਿੱਖੀ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ।

ਗੁਰੂ ਜੀ ਦੀ ਸ਼ਹਾਦਤ ਪਿੱਛੇ ਉਨ੍ਹਾਂ ਕੱਟੜਵਾਦੀ, ਹਿੰਦੂ-ਮੁਸਲਮ ਤੰਗ ਦਿਲੀਆਂ ਅਤੇ ਰਾਜਸੀ ਸੰਸਥਾਵਾਂ ਦਾ ਹੱਥ ਹੈ ਜੋ ਸਿੱਖਾਂ ਦੇ ਮਾਨਵਵਾਦੀ ਸਿਧਾਂਤ, ਸਾਂਝੇ ਲੰਗਰ, ਭੈ-ਭਰਮ ਰਹਿਤ ਸਮਾਜ ਸਿਰਜਣ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬਕਾਲੀ ਤੇ ਸਰਬਦੇਸੀ ਸੱਚ ਦੇ ਲਾਸਾਨੀ ਸਿਧਾਂਤਾਂ ਦੀ ਤਾਬ ਨਾ ਝਲਦਿਆਂ ਹੋਇਆਂ, ਸਿੱਖਾਂ ਅੰਦਰ ਜਾਤ-ਪਾਤ, ਵਰਨ-ਆਸ਼ਰਮ, ਅੰਧ ਵਿਸ਼ਵਾਸਾਂ ਤੇ ਪਾਖੰਡਾਂ ਆਦਿ ਨੂੰ ਕੋਈ ਥਾਂ ਨਹੀਂ ਹੋਣ ਕਰ ਕੇ, ਅੰਦਰੋਂ ਅੰਦਰੀ ਖਾਰ ਖਾਂਦੇ ਸਨ ਤੇ ਜਿਸ ਨੂੰ ਬਰਦਾਸ਼ਤ ਕਰਨਾ ਇਨ੍ਹਾਂ ਲਈ ਅਸੰਭਵ ਸੀ। ਸੰਨ 1598 ਈ. ਵਿੱਚ ਉਨ੍ਹਾਂ ਨੇ ਇੱਕ ਸਾਂਝੀ ਜੁੰਡਲੀ ਬਣਾ ਕੇ ਸਿੱਖੀ ਦਾ ਵਿਰੋਧ ਸਿੱਧੇ ਜਾਂ ਅਸਿੱਧੇ ਢੰਗ ਵਰਤ ਕੇ ਖੁੱਲ੍ਹੇ ਆਮ ਕਰਨਾ ਸ਼ੁਰੂ ਕਰ ਦਿੱਤਾ। ਪਰ ਬਾਦਸ਼ਾਹ ਅਕਬਰ ਦੀ ਨਿਰਪੱਖ ਨੀਤੀ ਤੇ ਫਿਰਾਕ ਦਿਲੀ ਦੇ ਸਾਹਮਣੇ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਇਸ ਚੰਡਾਲ ਚੌਕੜੀ ਦਾ ਸਰਪ੍ਰਸਤ ਨਕਸ਼ਬੰਦੀ ਆਗੂ ਸ਼ੇਖ ਅਹਿਮਦ ਸਰਹੰਦੀ ਸੀ। ਦੂਜੇ ਸ਼ੇਖ ਫਰੀਦ ਬੁਖਾਰੀ ਸਨ ਜਿਨ੍ਹਾਂ ਨੂੰ ਬਾਦਸ਼ਾਹ ਵੱਲੋਂ ਮੁਰਤਜਾ ਖਾਂ (ਖੁਸ਼ੀ ਦਾ ਖਜ਼ਾਨਾ) ਦੀ ਉਪਾਧੀ ਹਾਸਲ ਸੀ। ਸਖੀ ਸਰਵਰੀਏ ਵੀ ਸਿੱਖ-ਸਿਧਾਂਤਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਨਾ ਹੋਣ ਕਾਰਨ ਆਪਣੀ ਰੋਜ਼ੀ ਰੋਟੀ ਦੇ ਫਿਕਰ ਵਿੱਚ ਹੀ ਗੁਰੂ ਘਰ ਦੇ ਵਿਰੋਧੀ ਬਣ ਬੈਠੇ। ਪ੍ਰਿਥੀ ਚੰਦ ਵੀ ਇਸ ਵਿੱਚ ਸ਼ਾਮਲ ਸੀ, ਜਿਸ ਨੇ ਗੁਰਗੱਦੀ ਦੀ ਲਾਲਸਾ ਅਧੀਨ ਕਮੀਨਗੀ ਦੀ ਹੱਦ ਤਕ ਜਾ ਕੇ ਗੁਰੂ ਜੀ ਅਤੇ ਇਨ੍ਹਾਂ ਦੇ ਸਪੁੱਤਰ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੀਵਨ ਭਰ ਵੈਰ ਕਮਾਇਆ ਅਤੇ ਸੁਲਹੀ ਖਾਂ ਤੇ ਇਸ ਦੇ ਭਤੀਜੇ ਸੁਲਬੀ ਖਾਨ ਨੂੰ ਹਮਲਾ ਕਰਨ ਲਈ ਉਕਸਾਇਆ, ਪਰ ਇਹ ਦੋਨੋਂ ਹੀ ਅਣਹੋਣੀ ਮੌਤ ਮਰ ਗਏ। ਇਸੇ ਲਈ ਭਾਈ ਗੁਰਦਾਸ ਜੀ ਨੇ ਪ੍ਰਿਥੀ ਚੰਦ ਨੂੰ ਮੀਣਾ (ਕਪਟੀ) ਲਿਖਿਆ ਹੈ। ਚੰਦੂਸ਼ਾਹ ਖੱਤਰੀ ਸ਼ਾਹੀ ਦਰਬਾਰ ਵਿੱਚ ਦੀਵਾਨ ਸੀ, ਨੇ ਵੀ ਹੰਕਾਰੀ ਤੇ ਨੀਚ ਬਿਰਤੀ ਦਾ ਪ੍ਰਗਟਾਵਾ ਕਰਦਿਆਂ ਗੁਰੂ ਜੀ ਵੱਲੋਂ ਇਸ ਦੀ ਲੜਕੀ ਦਾ ਰਿਸ਼ਤਾ ਆਪਣੇ ਪੁੱਤਰ ਵਾਸਤੇ ਨਾ ਲੈਣ ਕਾਰਨ ਗੁਰੂ ਜੀ ਨੂੰ ਕਸ਼ਟ ਦੇ ਕੇ ਆਪਣੇ ਮਨ ਦੀ ਭੜਾਸ ਕੱਢੀ। ਅਕਬਰ ਬਾਦਸ਼ਾਹ ਦੀ 17 ਅਕਤੂਬਰ 1605 ਈ. ਨੂੰ ਹੋਈ ਮੌਤ ਤੋਂ ਬਾਅਦ 27 ਅਕਤੂਬਰ ਨੂੰ ਜਹਾਂਗੀਰ ਨੇ ਰਾਜਗੱਦੀ ਉਪਰ ਬੈਠਦਿਆਂ ਹੀ ਅਕਬਰ ਦੀ ਮਾਨਵਵਾਦੀ ਨਿਰਪੱਖ ਸੋਚ ਨੂੰ ਤਿਲਾਂਜਲੀ ਦੇ ਦਿੱਤੀ। ਜਹਾਂਗੀਰ ਸਿੱਖ ਧਰਮ ਦੇ ਹੋ ਰਹੇ ਵਿਕਾਸ ਨੂੰ ਕੁਫਰ (ਝੂਠ) ਦੀ ਦੁਕਾਨ ਹੀ ਮੰਨਦਾ ਸੀ ਤੇ ਇਸ ਨੂੰ ਖਤਮ ਕਰਨ ਜਾਂ ਇਸਲਾਮ ਦੇ ਘੇਰੇ ਵਿੱਚ ਹੀ ਲਿਆਉਣਾ ਚਾਹੁੰਦਾ ਸੀ। (ਦੇਖੋ ਤੁਜ਼ਕਿ-ਜਹਾਂਗੀਰੀ ਪੰਨਾ 35)। ਚੰਡਾਲ ਚੌਕੜੀ ਦੇ ਮਗਰ ਲੱਗ ਕੇ ਸਹਿਜ਼ਾਦਾ ਖੁਸਰੋ ਦੀ ਮਦਦ ਕੀਤੇ ਜਾਣ ਦੇ ਘੜੇ, ਫਰਜ਼ੀ ਦੂਸ਼ਨਾਂ 'ਤੇ ਅਧਾਰਿਤ ਗੁਰੂ ਜੀ ਨੂੰ 15 ਮਈ 1606 ਈ. "ਯਾਸ਼ਾ" ਰਾਹੀਂ ਸ਼ਹੀਦ ਕੀਤੇ ਜਾਣ ਦਾ ਹੁਕਮ ਚਾੜ੍ਹ ਕੇ ਤੁਰੰਤ ਸ਼ੇਖ ਫਰੀਦ ਬੁਖਾਰੀ ਦੇ ਹਵਾਲੇ ਕਰਨ ਲਈ ਪੰਜਾਬ ਦੇ ਨਵਾਬ ਸਹਿਜ਼ਾਦਾ ਖੁਰਮ ਨੂੰ ਕਹਿ ਭੇਜਿਆ, ਜਿਸ ਨੇ ਚੰਦੂ ਦੀ ਨਿਗਰਾਨੀ ਹੇਠ ਨਿਰੰਤਰ ਪੰਜ ਦਿਨ ਭੁੱਖੇ ਪਿਆਸੇ ਰੱਖ ਕੇ, ਤੱਤੀ ਤਵੀ ਉਪਰ ਬਿਠਾ ਕੇ, ਤਪਦੀ ਰੇਤ ਸਰੀਰ ਉਪਰ ਪਾ ਕੇ, ਗਰਮ ਪਾਣੀ ਵਿੱਚ ਉਬਾਲ ਕੇ ਤੇ ਫਿਰ ਰਾਵੀ ਦਰਿਆ ਦੇ ਠੰਢੇ ਪਾਣੀ ਡੁਬੋ ਕੇ, ਇੰਨੇ ਦਿਲ ਕੰਬਾਊ, ਅਸਹਿ ਤੇ ਅਕਹਿ ਤਸੀਹੇ ਦੇ ਕੇ ਰਾਵੀ ਦੇ ਕਿਨਾਰੇ ਲਾਹੌਰ ਵਿਖੇ ਗੁਰੂ ਜੀ ਨੂੰ 30 ਮਈ 1606 ਈ. ਹੇਠ ਵਦੀ ਚੌਥ ਨੂੰ ਸ਼ਹੀਦ ਕੀਤਾ। ਸਤਿਗੁਰੂ ਜੀ ਨੇ 43 ਸਾਲ ਦੀ ਆਯੂ ਵਿੱਚ ਹੀ ਪੰਜ ਭੂਤਕ ਸਰੀਰ ਤਿਆਗ ਕੇ ਅਕਾਲ ਪੁਰਖ ਦੇ ਭਾਣੇ ਅੰਦਰ ਰਹਿੰਦੇ ਅਹਿਲੇ ਸ਼ਹਾਦਤ ਰਚੀ ਤੇ ਨਿਰੰਕਾਰ ਪਾਤਸ਼ਾਹ ਦੀ ਅਗੰਮੀ ਜੋਤ ਵਿੱਚ ਜਾ ਬਿਲੀਨ ਹੋਏ। ਤੁਜ਼ਕਿ-ਜਹਾਂਗੀਰੀ ਪੰਨਾ 35 ਉਪਰ "ਯਾਸ਼ਾ" ਰਾਹੀਂ ਗੁਰੂ ਜੀ ਨੂੰ ਸ਼ਹੀਦ ਕੀਤੇ ਜਾਣ ਦੇ ਹੁਕਮ ਦਾ ਖੁਲਾਸਾ ਬਾਦਸ਼ਾਹ ਜਹਾਂਗੀਰ ਨੇ 19 ਜੂਨ 1606 ਈ. ਨੂੰ ਲਿਖਿਆ। ਆਪ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਪਹਿਲੀ ਤੇ ਵਿਸ਼ਵ ਦੇ ਇਤਿਹਾਸ ਅੰਦਰ ਲਾਸਾਨੀ, ਬੇਮਿਸਾਲ ਤੇ ਜੁਗ ਪਲਟਾਊ ਸ਼ਹੀਦੀ ਸਬਰ ਦੀ ਜਬਰ ਵਿਰੁੱਧ ਅਮਰ ਅਜੋੜ ਅਹਿਲੇ ਸ਼ਹਾਦਤ ਕਹੀ ਜਾ ਸਕਦੀ ਹੈ। ਕਿਉਂਕਿ ਗੁਰੂ ਜੀ ਨੇ ਇਸ ਸ਼ਹਾਦਤ ਰਾਹੀਂ ਸਮੁੱਚੀ ਮਾਨਵ ਜਾਤੀ ਨੂੰ ਅਣਖ ਇੱਜ਼ਤ ਨਾਲ ਮਰਦਾਂ ਵਾਲੀ ਮੌਤ ਕਬੂਲ ਕਰਨ ਦਾ ਚੱਜ ਆਚਾਰ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਹੀ ਮਜ਼ਬੂਤ ਨਹੀਂ ਕੀਤੀਆਂ ਸਗੋਂ ਸਿੱਖਾਂ ਨੂੰ ਅੱਗੋਂ ਲਈ ਭਗਤੀ ਤੇ ਸ਼ਕਤੀ ਦੇ ਸਾਂਝੇ ਗੁਣ ਧਾਰਨ ਕਰਕੇ ਮਰਜੀਵੜੇ ਬਣ ਕੇ ਹੱਸ ਹੱਸ ਸ਼ਹਾਦਤਾਂ ਦੇਣ ਦਾ ਇੱਕ ਨਵਾਂ ਅਧਿਆਏ ਸ਼ੁਰੂ ਕਰ ਦਿੱਤਾ।

## ਪੰਜਾਬ 'ਚ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਦੀ ਆਹਟ

ਪਰ ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਅਗਲੇ ਮਹੀਨਿਆਂ ਵਿਚ ਇਨ੍ਹਾਂ ਵਿਧਾਇਕਾਂ ਦੇ ਅਸਤੀਫ਼ੇ ਪ੍ਰਵਾਨ ਹੋਣ ਦੀ ਸੰਭਾਵਨਾ ਹੈ, ਜਿਸ ਦੇ ਫਲਸਰੂਪ ਜ਼ਿਮਨੀ ਚੋਣਾਂ ਯਕੀਨੀ ਹਨ। ਪਿਛਲੇ ਦਿਨੀਂ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋਏ ਮਾਨਸਾ ਹਲਕੇ ਤੋਂ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਨੇ ਸਪਸ਼ਟ ਕਿਹਾ ਕਿ ਭਾਵੇਂ ਉਹ ਵਿਧਾਨ ਸਭਾ ਦੇ ਸਪੀਕਰ ਦੇ ਬੁਲਾਵੇ 'ਤੇ ਕੁਝ ਜ਼ਰੂਰੀ ਕਾਰਨਾਂ ਕਰ ਕੇ ਨਹੀਂ ਗਏ ਸਨ ਪ੍ਰੰਤੂ ਹੁਣ ਜਦੋਂ ਵੀ ਸਪੀਕਰ ਵਲੋਂ ਸੱਦਾ ਮਿਲੇਗਾ ਤਾਂ ਉਹ ਲਾਜ਼ਮੀ ਹਾਜ਼ਰ ਹੋਣਗੇ। ਉਨ੍ਹਾਂ ਦੱਸਿਆ ਕਿ ਆਪਣਾ ਅਸਤੀਫ਼ਾ ਉਹ ਪਹਿਲਾਂ ਹੀ ਭੇਜ ਚੁੱਕੇ ਹਨ। ਜਿਹੜੇ ਵਿਧਾਇਕਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ, ਉਨ੍ਹਾਂ ਵਿਚ ਗਿੱਦੜਬਾਹਾ ਹਲਕੇ ਦੇ ਵਿਧਾਇਕ ਤੇ ਬਠਿੰਡਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਰਾਜਾ ਵੜਿੰਗ, ਤਲਵੰਡੀ ਸਾਬੋ ਤੋਂ ਵਿਧਾਇਕਾ ਤੇ ਬਠਿੰਡਾ ਤੋਂ 'ਆਪ' ਦੀ ਉਮੀਦਵਾਰ ਪ੍ਰੋ: ਬਲਜਿੰਦਰ ਕੌਰ, ਭੁਲੱਥ ਹਲਕੇ ਤੋਂ ਵਿਧਾਇਕ ਤੇ ਬਠਿੰਡਾ ਤੋਂ ਪੀ.ਡੀ.ਏ. ਦੇ ਉਮੀਦਵਾਰ ਸੁਖਪਾਲ ਖਹਿਰਾ, ਲਹਿਰਾਗਾਗਾ ਹਲਕੇ ਤੋਂ ਵਿਧਾਇਕ ਤੇ ਸੰਗਰੂਰ ਤੋਂ ਅਕਾਲੀ ਦਲ ਦੇ ਉਮੀਦਵਾਰ ਪਰਮਿੰਦਰ ਸਿੰਘ ਢੀਂਡਸਾ, ਆਤਮ ਨਗਰ ਲੁਧਿਆਣਾ ਤੋਂ ਵਿਧਾਇਕ ਤੇ ਪੀ.ਡੀ.ਏ. ਦੇ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਲੁਧਿਆਣਾ, ਹੁਸ਼ਿਆਰਪੁਰ ਲੋਕ ਸਭਾ ਤੋਂ ਕਾਂਗਰਸ ਦੇ ਉਮੀਦਵਾਰ ਡਾ: ਰਾਜ ਕੁਮਾਰ ਚੱਬੇਵਾਲ, 'ਆਪ' ਦੇ ਜੈਤੋ ਹਲਕੇ ਤੋਂ ਬਾਗ਼ੀ ਵਿਧਾਇਕ ਤੇ ਫ਼ਰੀਦਕੋਟ ਤੋਂ ਪੀ.ਡੀ.ਏ. ਦੇ ਉਮੀਦਵਾਰ ਮਾਸਟਰ ਬਲਦੇਵ ਸਿੰਘ ਸ਼ਾਮਿਲ ਹਨ।

## ਹਾਰ ਤੋਂ ਬਾਅਦ ਅਕਾਲੀਆਂ ਨੂੰ ਪੰਥਕ ਏਜੰਡੇ ਦਾ ਝੋਰਾ ਪਰ ਸੁਖਬੀਰ ਦੀ ਕੋਰੀ ਨਾਂਹ

ਅਕਾਲੀ ਦਲ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਸਾਲ 2015 ਵਿੱਚ ਵਾਪਰੇ ਬੇਅਦਬੀ ਕਾਂਡ ਨੇ ਅਕਾਲੀ ਦਲ ਨੂੰ ਵੱਡੀ ਸਿਆਸੀ ਸੱਟ ਮਾਰੀ ਸੀ ਤੇ ਕਾਂਗਰਸ ਨੇ ਵੀ ਬੇਅਦਬੀ ਨੂੰ ਹੀ ਮੁੱਦਾ ਬਣਾ ਕੇ ਅਕਾਲੀਆਂ ਖਾਸ ਕਰ ਬਾਦਲ ਪਰਿਵਾਰ 'ਤੇ ਨਿਸ਼ਾਨਾ ਸਾਧਿਆ ਸੀ। ਬੇਅਦਬੀ ਦਾ ਮੁੱਦਾ ਭਵਿੱਖ ਵਿੱਚ ਵੀ ਅਕਾਲੀ ਦਲ ਲਈ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ, ਕਿਉਂਕਿ ਕੈਪਟਨ ਸਰਕਾਰ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਹਾਲ ਦੀ ਘੜੀ ਕਿਸੇ ਤਣ ਪੱਤਣ ਨਹੀਂ ਲੱਗੀ। ਬੇਅਦਬੀ ਸਮੇਤ ਹੋਰਨਾਂ ਸਿਆਸੀ ਚੁਣੌਤੀਆਂ ਨਾਲ ਸਿੱਝਣ ਅਤੇ ਸੰਸਦੀ ਚੋਣਾਂ ਦੌਰਾਨ ਚੰਗਾ ਪ੍ਰਭਾਵ ਛੱਡਣ ਲਈ ਅਕਾਲੀ ਦਲ ਵੱਲੋਂ ਸੀਨੀਅਰ ਆਗੂਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ। ਅਕਾਲੀ ਦਲ ਦੀ ਇਹ ਰਣਨੀਤੀ ਵੀ ਕਾਮਯਾਬ ਨਹੀਂ ਹੋਈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਅਕਾਲੀ ਦਲ ਦੇ ਐਸ.ਸੀ. ਵਿੰਗ ਦੇ ਪ੍ਰਧਾਨ ਗੁਲਜ਼ਾਰ ਸਿੰਘ ਰਣੀਕੇ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਅੰਦਰ ਬਾਦਲ ਪਰਿਵਾਰ ਖਿਲਾਫ਼ ਅਕਾਲੀ ਲੀਡਰਸ਼ਿਪ ਵਿੱਚ ਨਾਰਾਜ਼ਗੀ ਪਹਿਲਾਂ ਤੋਂ ਹੀ ਚੱਲ ਰਹੀ ਹੈ। ਰਣਜੀਤ ਸਿੰਘ ਬ੍ਰਹਮਪੁਰਾ ਦੀ ਅਗਵਾਈ ਹੇਠ ਟਕਸਾਲੀਆਂ ਦਾ ਇੱਕ ਧੜਾ ਪਹਿਲਾਂ ਹੀ ਵੱਖ ਹੋ ਚੁੱਕਾ ਹੈ। ਹੁਣ ਮਨਜੀਤ ਸਿੰਘ ਜੀਕੇ ਦਾ ਧੜਾ ਦਿੱਲੀ ਵਿਚ ਬਾਦਲ ਦਲ ਲਈ ਚੁਣੌਤੀ ਬਣਿਆ ਹੋਇਆ ਹੈ। ਪੰਥਕ ਮਾਹਿਰ ਇਹੀ ਆਖਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਥਕ ਤੇ ਪੰਜਾਬ ਏਜੰਡੇ ਵਲ ਮੁੜ ਪਰਤਣਾ ਪਵੇਗਾ, ਜਿਸ ਵਿਚ ਪੰਜਾਬ ਦੀ ਖੁਦਮੁਖਤਿਆਰੀ ਦਾ ਮੁੱਦਾ ਵੀ ਸ਼ਾਮਲ ਹੈ। ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਵੀ ਬਾਦਲ ਦਲ ਦੀ ਹਾਈਕਮਾਂਡ ਨੂੰ ਇਹੀ ਸਲਾਹਾਂ ਦੇ ਰਹੇ ਹਨ ਪਰ ਹਾਲ ਦੀ ਘੜੀ ਸੁਖਬੀਰ ਬਾਦਲ ਨੇ ਇਸ ਤੋਂ ਕੋਰੀ ਨਾਂਹ ਕਰਦਿਆਂ ਅਕਾਲੀ ਦਲ ਨੂੰ ਸਗੋਂ ਭਵਿੱਖ ਵਿਚ ਪੰਜਾਬੀ ਪਾਰਟੀ ਬਣਾਉਣ ਦਾ ਗੱਜ ਵੱਜ ਕੇ ਐਲਾਨ ਕੀਤਾ ਹੈ।

## ਜੂਨ 84 ਦੀ ਚੀਸ ਤੇ ਖਾਲਸਾ ਪੰਥ ਦਾ ਭਵਿੱਖ

ਕੁਝ ਪੀੜਤ ਸਿੱਖ ਇਸ ਉਤੇ ਪ੍ਰਤੀਕਰਮ ਵੀ ਕਰਦੇ ਹਨ, 'ਕੀ ਨਵੰਬਰ 84 ਦੁਬਾਰਾ ਗੁਜਰਾਤ ਵਿਚ ਨਹੀਂ ਵਾਪਰਿਆ... ਕੀ ਤੁਸੀਂ ਇਕ ਹਜ਼ਾਰ ਸਾਲ ਪਹਿਲਾਂ ਸੋਮਨਾਥ ਦੇ ਮੰਦਰ ਉੱਤੇ ਮਹਿਮੂਦ ਗਜ਼ਨਵੀ ਵੱਲੋਂ ਕੀਤੇ ਹਮਲੇ ਨੂੰ ਭੁੱਲ ਗਏ ਹੋ? ਕੀ ਤੁਸੀਂ ਰਾਮ-ਰਾਵਣ ਦੀ ਜੰਗ ਭੁੱਲ ਗਏ ਹੋ? ਕੀ ਤੁਸੀਂ ਬਾਬਰ ਤੇ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਭੁੱਲ ਗਏ ਹੋ? ਪਰ ਇਸ ਦਾ ਕੋਈ ਜੁਆਬ ਨਹੀਂ ਆਇਆ। ਇਹ ਗੱਲ ਸਪੱਸ਼ਟ ਹੈ ਕਿ ਸਿੱਖਾਂ ਦੀ ਮੌਜੂਦਾ ਸਿਆਸੀ ਲੀਡਰਸ਼ਿਪ ਕਮਜ਼ੋਰ ਤੇ ਕੇਂਦਰੀ ਸੱਤਾਧਾਰੀਆਂ ਦੀ ਪਿਛਲੱਗ ਹੈ। ਫਿਰ ਸਿੱਖ ਕੌਮ ਨੂੰ ਇਨਸਾਫ਼ ਕਿਵੇਂ ਮਿਲ ਸਕਦਾ ਹੈ?

ਇਹ ਗੱਲ ਅੰਤਿਮ ਸੱਚ ਹੈ ਕਿ ਜੂਨ 84 ਘੱਲੂਘਾਰਾ ਭਾਰਤ ਵਿੱਚ ਸਾਨੂੰ ਹਮੇਸ਼ਾ ਬੇਗਾਨਗੀ ਤੇ ਗੁਲਾਮੀ ਦਾ ਅਹਿਸਾਸ ਕਰਵਾਉਂਦਾ ਰਹੇਗਾ। ਇਸ ਨੂੰ ਮਨਾਉਣਾ, ਯਾਦ ਰੱਖਣਾ ਹੀ ਸਾਡੇ ਜਿਉਂਦੇ ਹੋਣ ਦੀ ਨਿਸ਼ਾਨੀ ਹੈ। ਹੁਣ ਸਿੱਖਾਂ ਦੀ ਕੋਈ ਸਿਆਸੀ ਜਮਾਤ ਹੀ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਭਾਜਪਾ ਤੱਕ ਸੀਮਤ ਹੈ। ਉਹ ਪੰਥ ਨੂੰ ਭੁੱਲ ਚੁੱਕਿਆ ਹੈ ਤੇ ਪੰਜਾਬ ਦੇ ਮੁੱਦਿਆਂ ਨੂੰ ਵੀ। ਇਸ ਲਈ ਸਮੁੱਚੇ ਖਾਲਸਾ ਪੰਥ ਨੂੰ ਕੌਮੀ ਪੱਧਰ ਤੇ ਸਖ਼ਤ ਆਤਮ ਪੜਚੋਲ ਮਗਰੋਂ ਸੁਤੰਤਰ ਨਿਰਣੇ ਲੈ ਕੇ ਆਪਣੀ ਰਾਜਨੀਤਕ ਸ਼ਕਤੀ ਸਿਰਜਣੀ ਚਾਹੀਦੀ ਹੈ ਤਾਂ ਜੋ ਪੰਜਾਬ ਤੇ ਪੰਥਕ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਇਸ ਸੰਬੰਧ ਵਿਚ ਸੂਝ ਬੂਝ ਵਾਲੀ ਕੂਟਨੀਤਕ ਲੀਡਰਸ਼ਿਪ ਚੁਣਨ ਦੀ ਲੋੜ ਹੈ। ਇਸ ਤੋਂ ਬਗੈਰ ਸਿੱਖ ਕੌਮ ਦਾ ਭਵਿੱਖ ਨਹੀਂ ਸੰਵਰ ਸਕਦਾ।

## ਹੰਝੂ ਜਿਸ ਦੀ ਡੂੰਘਾਈ ਨਹੀਂ ਨਾਪ ਸਕਦੇ

ਗਈ ਸੀ। ਅੱਧਾ ਸ਼ਹਿਰ ਕੋਠਿਆਂ ਤੇ ਚੜ੍ਹ ਕੇ ਜੰਗ ਵੇਖਣ ਲੱਗਾ। ਰੋਸ਼ਨੀ ਕਰਨ ਵਾਲੇ ਗੋਲਿਆਂ ਨਾਲ ਅਸਮਾਨ ਚਮਕ ਉਠਦਾ। ਦਰਬਾਰ ਸਾਹਿਬ ਅੰਦਰ ਹੋਣ ਵਾਲੇ ਧਮਾਕਿਆਂ ਨਾਲ ਖਿੜਕੀਆਂ ਦਰਵਾਜ਼ੇ ਮੀਲਾਂ ਤੱਕ ਹਿਲ ਜਾਂਦੇ। ਜਦੋਂ ਭਿਆਨਕ ਲੜਾਈ ਜਾਰੀ ਸੀ ਤਾਂ ਸਰਕਾਰੀ ਕਬਜ਼ੇ ਹੇਠਲੇ ਰੇਡੀਓ ਤੋਂ ਐਲਾਨ ਕੀਤਾ ਜਾ ਰਿਹਾ ਸੀ ਕਿ ਸ਼ਹਿਰ ਵਿਚ ਮੁਕੰਮਲ 'ਸ਼ਾਂਤੀ' ਸੀ। ਰਾਤ ਸਾਢੇ ਦੱਸ ਵਜੇ ਤੋਂ ਅੱਧੀ ਰਾਤ ਤਕ, ਅਸੀਂ ਸ਼ਹਿਰ ਦੇ ਚੁਫੇਰਿਓਂ ਨਾਹਰਿਆਂ ਦੀਆਂ ਆਵਾਜ਼ਾਂ ਸੁਣੀਆਂ। ਕਈ ਪਾਸਿਆਂ ਤੋਂ ਪਿੰਡਾਂ ਦੇ ਵਸਨੀਕ ਦਰਬਾਰ ਸਾਹਿਬ ਵਲ ਵਧਣ ਦਾ ਯਤਨ ਕਰ ਰਹੇ ਸਨ। ਨਾਹਰੇ ਲੱਗ ਰਹੇ ਸਨ, 'ਪੰਥ ਕੀ ਜੀਤ' ਅਤੇ 'ਸਾਡਾ ਨੇਤਾ-ਭਿੰਡਰਾਂਵਾਲਾ'। ਹਰ ਵਾਰ ਜਦੋਂ ਨਾਹਰੇ ਲਗਦੇ ਤਾਂ ਤੁਰੰਤ ਮਗਰੋਂ ਤੇਜ਼ੀ ਨਾਲ ਮਸ਼ੀਨਗੰਨ ਦੀ ਗੋਲੀਬਾਰੀ ਦੀ ਆਵਾਜ਼ ਆਉਂਦੀ ਤੇ ਫਿਰ ਚੀਕਾਂ ਸੁਣਾਈ ਦੇਂਦੀਆਂ।"

ਗੈਸ ਦੇ ਬੰਬ ਅਤੇ ਸਟੱਨ ਬੰਬ (ਵਿਰੋਧੀ ਨੂੰ ਹੈਰਾਨ ਪ੍ਰੇਸ਼ਾਨ ਕਰਨ ਲਈ) ਫਰਸਟ ਪੈਰਾ ਕਮਾਂਡੋਜ਼ ਅਤੇ ਟੈਂਨ ਗਾਰਡਜ਼ ਦੀ ਸਹਾਇਤਾ ਲਈ ਅਕਾਲ ਤਖ਼ਤ ਉਤੇ ਉਸ ਸਮੇਂ ਦਾਗੇ ਗਏ ਜਦੋਂ ਇਹ ਅਕਾਲ ਤਖ਼ਤ ਉਤੇ ਹਮਲਾ ਕਰਨ ਲਈ ਅੱਗੇ ਵਧੇ। ਪਰ ਤੇਜ਼ ਹਵਾ ਅਤੇ ਕਮਰਿਆਂ ਦੀ ਸਖਤ ਮੋਰਚਾਬੰਦੀ ਕਾਰਨ ਗੋਲੇ ਆਪਣਾ ਅਸਰ ਨਾ ਵਿਖਾ ਸਕੇ। ਕਮਾਂਡੋ ਹੋਰ ਜ਼ਿਆਦਾ, ਹੋਰ ਜ਼ਿਆਦਾ ਸਹਾਇਤਾ ਦੀ ਮੰਗ ਕਰਦੇ ਰਹੇ ਜੋ ਉਨ੍ਹਾਂ ਨੂੰ ਪਹੁੰਚਾਈ ਜਾਂਦੀ ਰਹੀ। ਇਸ ਸਭ ਕਾਸੇ ਦੇ ਬਾਵਜੂਦ, ਕਮਾਂਡੋਆਂ ਦਾ ਭਾਰੀ ਨੁਕਸਾਨ ਹੋਇਆ। ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲੇ ਦੀ ਖਬਰ ਪੰਜਾਬ ਵਿਚ ਪੁੱਜੀ ਤਾਂ ਬੜਾ ਖਿਚਾਅ ਪੈਦਾ ਹੋ ਗਿਆ ਅਤੇ ਪੇਂਡੂ ਖੇਤਰਾਂ ਵਿਚ ਲੋਕ ਉਠ ਖੜੇ ਹੋਏ। ਫ਼ੌਜੀ ਹੈਲੀਕਾਪਟਰਾਂ ਨੇ ਕਈ ਥਾਵਾਂ ਤੇ ਲੋਕਾਂ ਨੂੰ ਇਕੱਤਰ ਹੋ ਕੇ ਦਰਬਾਰ ਸਾਹਿਬ ਵਲ ਕੂਚ ਕਰਦਿਆਂ ਵੇਖ ਲਿਆ। ਅੰਮ੍ਰਿਤਸਰ ਤੋਂ 20 ਕਿਲੋਮੀਟਰ ਦੀ ਦੂਰੀ ਤੇ, ਇਕ ਪਿੰਡ ਗੋਹਲਵਾੜ ਵਿਚ ਲਗਭਗ 30,000 ਸਿੱਖ ਇਕੱਠੇ ਹੋ ਗਏ ਤਾਂ ਕਿ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਅੰਮ੍ਰਿਤਸਰ ਵਲ ਚਾਲੇ ਪਾਏ ਜਾਣ। ਅੰਮ੍ਰਿਤਸਰ ਜ਼ਿਲ੍ਹੇ ਵਿਚ ਹੀ ਰਾਜਾਸਾਂਸੀ। ਤੇ ਹੇਅਰ-ਪਿੰਡਾਂ ਵਿਚ ਹਜ਼ਾਰਾਂ ਵਿਅਕਤੀ ਇਕੱਤਰ ਹੋ ਕੇ ਅੰਮ੍ਰਿਤਸਰ ਵਲ ਕੂਚ ਕਰਦੇ ਵੇਖੇ ਗਏ। ਬਟਾਲਾ ਅਤੇ ਗੁਰਦਾਸਪੁਰ ਤੋਂ ਵੀ ਗੁੱਸੇ ਨਾਲ ਭਰੇ ਪੀਤੇ ਸਿੱਖਾਂ ਦੀਆਂ ਵਹੀਰਾਂ ਵਲੋਂ ਅੰਮ੍ਰਿਤਸਰ ਵਲ ਚਾਲੇ ਪਾਉਣ ਦੀਆਂ ਖ਼ਬਰਾਂ ਪ੍ਰਾਪਤ ਹੋਈਆਂ। ਫ਼ੌਜ ਨੇ ਫੈਸਲਾ ਲਿਆ ਕਿ ਤੇਜ਼ੀ ਨਾਲ ਵਧਦੀਆਂ ਜਾ ਰਹੀਆਂ ਬਾਗੀ ਭੀੜਾਂ ਤੇ ਕਾਬੂ ਪਾਉਣ ਦਾ ਇਕੋ ਇਕ ਤਰੀਕਾ ਇਹ ਸੀ ਕਿ ਭੀੜਾਂ ਨੂੰ ਗੋਲੀ ਨਾਲ ਭੁੰਨ ਦਿੱਤਾ ਜਾਏ। ਨਤੀਜੇ ਵਜੋਂ, ਦਰਬਾਰ ਸਾਹਿਬ ਵਲ ਕੂਚ ਕਰ ਰਹੇ ਸ਼ਾਂਤਮਈ ਸਿੱਖਾਂ ਦੀਆਂ ਵਹੀਰਾਂ ਉਤੇ ਅਸਮਾਨ ਤੋਂ ਬੰਬ ਸੁੱਟੇ ਗਏ ਅਤੇ ਮਸ਼ੀਨਗੰਨ ਨਾਲ ਅੰਨ੍ਹੀ ਫਾਇਰਿੰਗ ਕੀਤੀ ਗਈ ਜਿਸ ਨਾਲ ਹਜ਼ਾਰਾਂ ਨਿਹੱਥੇ ਲੋਕ ਮਾਰੇ ਗਏ।

ਕਰਫ਼ਿਊ ਜੋ ਕਿ ਸ਼ੁਰੂ ਵਿਚ 36 ਘੰਟਿਆਂ ਲਈ ਲਾਇਆ ਗਿਆ ਸੀ, ਹੋਰ 30 ਘੰਟਿਆਂ ਲਈ ਵਧਾ ਦਿੱਤਾ ਗਿਆ। 5-6 ਜੂਨ ਦੀ ਰਾਤ ਨੂੰ, ਲੜਾਈ ਹੋਰ ਵੀ ਭਿਆਨਕ ਰੂਪ ਧਾਰ ਗਈ। ਜਨਰਲ ਕੇ ਐਸ ਬਰਾੜ ਅਨੁਸਾਰ, 6 ਜੂਨ ਨੂੰ ਸਵੇਰੇ ਸਾਢੇ ਚਾਰ ਵਜੇ, ਤੀਹ ਫ਼ੌਜੀ ਅਕਾਲ ਤਖ਼ਤ ਅੰਦਰ ਦਾਖਲ ਹੋਣ ਵਿਚ ਸਫਲ ਹੋ ਗਏ। "ਲੜਾਈ ਹੋਰ ਦੋ ਘੰਟੇ ਚਲੀ ਅਤੇ ਅਤਿਵਾਦੀ ਆਖਰੀ ਬੰਦਾ ਜੀਵਤ ਰਹਿਣ ਤਕ ਲੜਦੇ ਰਹੇ।" ਲਗਾਤਾਰ ਧਮਾਕਿਆਂ ਕਾਰਨ, ਅਕਾਲ ਤਖ਼ਤ ਸਾਹਿਬ ਦੀ ਇਮਾਰਤ ਢਹਿ ਢੇਰੀ ਹੋ ਗਈ ਤੇ ਮਲਬੇ ਦਾ ਰੂਪ ਧਾਰ ਗਈ। ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀ, ਦਰਬਾਰ ਸਾਹਿਬ ਦੀ ਰਾਖੀ ਕਰਦੇ ਹੋਏ ਪ੍ਰਾਣ ਨਿਛਾਵਰ ਕਰ ਗਏ ਅਤੇ ਜਿਵੇਂ ਕਿ ਮਗਰੋਂ ਕੌਮ ਨੇ ਵੀ ਪੁਸ਼ਟੀ ਕੀਤੀ, ਉਹ ਸਿੱਖ ਰਵਾਇਤਾਂ ਅਨੁਸਾਰ ਸ਼ਹੀਦੀ ਪ੍ਰਾਪਤ ਕਰ ਗਏ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਪ੍ਰਣ ਉੱਤੇ ਆਪਣੇ ਖ਼ੂਨ ਦੀ ਮੋਹਰ ਲਾ ਦਿੱਤੀ। ਸਿੱਖਾਂ ਦੀਆਂ ਬਹਾਦਰੀ ਵਾਲੀਆਂ ਰਵਾਇਤਾਂ ਸ਼ਹੀਦੀ ਪ੍ਰਾਪਤ ਕਰਨ ਨੂੰ ਅਤੇ ਔਖੇ ਹਾਲਾਤ ਵਿਚ ਮੁਕਾਬਲਾ ਕਰਨ ਨੂੰ ਬੜਾ ਉੱਚਾ ਰੁਤਬਾ ਦੇਂਦੀਆਂ ਹਨ। "ਉਨ੍ਹਾਂ ਬਾਰੇ ਕੋਈ ਕੁੱਝ ਵੀ ਆਖੇ, ਜਿਸ ਤਰ੍ਹਾਂ ਉਹ ਆਖਰੀ ਸਾਹਾਂ ਤੱਕ ਲੜੇ, ਉਸ ਨਾਲ ਸਿੱਖਾਂ ਦੀਆਂ ਨਜ਼ਰਾਂ ਵਿਚ ਨਾ ਕੇਵਲ ਉਹ ਆਪ ਹੀ ਸ਼ਹੀਦ ਦਾ ਰੁਤਬਾ ਪ੍ਰਾਪਤ ਕਰ ਗਏ ਸਗੋਂ ਅਜੋਕੇ ਯੁਗ ਵਿਚ ਸ਼ਹੀਦੀ ਦੇ ਸੰਕਲਪ ਦੀ ਸਾਰਥਕਤਾ ਵੀ ਸਿਧ ਕਰ ਗਏ।"

ਸੰਤ ਭਿੰਡਰਾਂਵਾਲਿਆਂ ਵਲੋਂ ਅਕਾਲ ਤਖ਼ਤ ਸਾਹਿਬ ਦੀ ਰਾਖੀ ਲਈ ਜਾਨ ਵਾਰ ਦੇਣ ਦੀ ਗੱਲ ਲੋਕ-ਕਥਾ ਬਣ ਗਈ। ਉਨ੍ਹਾਂ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਉਜਾਗਰ ਕਰਨ ਵਾਲੀਆਂ ਵਾਰਾਂ ਤੇ ਕਵਿੱਤਾਂ ਸ਼ਹਿਰਾਂ ਤੇ ਪਿੰਡਾਂ ਵਿਚ ਹਰ ਇਕ ਦੀ ਜ਼ੁਬਾਨ ਤੇ ਚੜ੍ਹ ਗਈਆਂ। 'ਸਾਕਾ' ਨਾਂ ਦੀ ਵਾਰ, ਜਿਸ ਨੂੰ ਨਾਭੇ ਦੀਆਂ ਬੀਬੀਆਂ ਨੇ ਗਾਇਆ ਸੀ (ਜਿਨ੍ਹਾਂ ਨੂੰ ਮਗਰੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ), ਬਹੁਤ ਹੀ ਲੋਕ-ਪ੍ਰਿਯ ਹੋ ਗਈ। ਵਾਰ ਵਿਚ ਫ਼ੌਜ ਵਲੋਂ ਸਿੱਖਾਂ ਉਤੇ ਢਾਹੇ ਗਏ ਕਹਿਰ ਦਾ ਵਰਨਣ ਸੀ ਤੇ ਇਹ ਵੀ ਦਸਿਆ ਸੀ ਕਿ ਇਨ੍ਹਾਂ ਸਿੱਖਾਂ ਨੇ ਹੀ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਸਨ। ਇਸ ਵਿਚ ਉਨ੍ਹਾਂ ਨੂੰ ਹਲੂਣਾ ਦਿੱਤਾ ਗਿਆ ਸੀ ਕਿ ਆਪਣੀ ਪੱਗ ਅਤੇ ਦਾਹੜੀ ਦੀ ਰੱਖਿਆ ਲਈ ਜ਼ੁਲਮ ਦਾ ਡੱਟ ਕੇ ਟਾਕਰਾ ਕਰਨ।

ਸੰਤ ਭਿੰਡਰਾਂਵਾਲਿਆਂ ਦਾ ਅੰਤਮ ਸਸਕਾਰ 7 ਜੂਨ ਦੀ ਸ਼ਾਮ ਨੂੰ ਕੀਤਾ ਗਿਆ। ਦਰਬਾਰ ਸਾਹਿਬ ਦੇ ਨੇੜੇ 10 ਹਜ਼ਾਰ ਲੋਕਾਂ ਦੀ ਭੀੜ ਇਕੱਤਰ ਹੋ ਗਈ ਸੀ ਪਰ ਫ਼ੌਜ ਨੇ ਉਸ ਨੂੰ ਅੱਗੇ ਵਧਣੋਂ ਰੋਕ ਦਿੱਤਾ। ਚਿਤਾ ਨੂੰ ਅੱਗ ਲਗਾਏ ਜਾਣ ਸਮੇਂ, ਮੌਕੇ ਤੇ ਤੈਨਾਤ ਕਈ ਪੁਲਸੀਆਂ ਨੂੰ ਅਥਰੂਆਂ ਨਾਲ ਸੰਤ ਜੀ ਨੂੰ ਅੰਤਮ ਵਿਦਾਇਗੀ ਦੇਂਦਿਆਂ ਵੇਖਿਆ ਗਿਆ। ਦੂਜੇ ਪਾਸੇ ਹਿੰਦੂ ਜੋ ਕਿ ਉਨ੍ਹਾਂ ਨੂੰ ਖਲਨਾਇਕ ਸਮਝਦੇ ਸਨ, ਉਨ੍ਹਾਂ ਨੇ ਸੁੱਖ ਦਾ ਸਾਹ ਲਿਆ ਅਤੇ ਉਹ ਹਸਦੇ ਤੇ ਫ਼ੌਜੀ ਜਵਾਨਾਂ ਨੂੰ ਮਠਿਆਈ ਵੰਡਦੇ ਵੇਖੇ ਗਏ। ਉਨ੍ਹਾਂ ਲਈ ਕਰਫ਼ਿਊ ਦਾ ਹੁਕਮ ਢਿੱਲਾ ਕਰ ਦਿੱਤਾ ਗਿਆ ਲਗਦਾ ਸੀ।

ਫ਼ੌਜ ਨੇ ਦਾਅਵਾ ਕੀਤਾ ਕਿ ਉਸ ਨੇ ਬੜੇ ਜ਼ਬਤ ਤੋਂ ਕੰਮ ਲਿਆ ਸੀ। ਪਰ ਅਕਾਲ ਤਖ਼ਤ ਨੂੰ ਪੁੱਜਾ ਨੁਕਸਾਨ ਗਵਾਹੀ ਦੇਂਦਾ ਸੀ ਕਿ ਜ਼ਬਤ ਨੂੰ ਕਿੱਲੀ ਤੇ ਟੰਗ ਦਿੱਤਾ ਗਿਆ ਸੀ। ਟੈਂਕਾਂ ਦੇ ਹਮਲੇ ਦਾ ਇਮਾਰਤਾਂ ਉਤੇ ਭਿਆਨਕ ਅਸਰ ਹੋਇਆ ਸੀ। ਪਵਿੱਤਰ ਤਖ਼ਤ ਦਾ ਸਾਰਾ ਅਗਲਾ ਹਿੱਸਾ ਤਬਾਹ ਹੋ ਗਿਆ ਸੀ ਤੇ ਇਕ ਵੀ ਕੋਨਾ ਨਹੀਂ ਸੀ ਬਚਿਆ। ਸੁਨਹਿਰੀ ਗੁੰਬਦ ਵੀ ਬਾਰੂਦ ਦੀ ਮਾਰ ਹੇਠ ਆ ਕੇ ਤਬਾਹ ਹੋ ਗਿਆ ਸੀ। ਸਿੱਖਾਂ ਦਾ ਅਕਾਲ ਤਖ਼ਤ ਸਾਹਿਬ ਟੁਕੜੇ ਟੁਕੜੇ ਹੋਇਆ ਪਿਆ ਸੀ। ਟੈਲੀਗਰਾਫ, ਲੰਡਨ ਦਾ ਪੱਤਰਕਾਰ ਡੇਵਿਡ ਗਰੇਵਜ਼ ਪਹਿਲਾ ਪੱਤਰਕਾਰ ਸੀ ਜਿਸ ਨੂੰ ਹਮਲੇ ਮਗਰੋਂ ਦਰਬਾਰ ਸਾਹਿਬ ਜਾਣ ਦੀ ਆਗਿਆ ਦਿੱਤੀ ਗਈ ਸੀ। ਉਸ ਨੇ ਲਿਖਿਆ, "ਅਕਾਲ ਤਖ਼ਤ ਸਾਹਿਬ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਸ ਤੇ ਬੰਬ ਸੁੱਟੇ ਗਏ ਹੋਣ। ਇਸ ਨੂੰ ਵੇਖ ਕੇ ਲੱਗਦਾ ਹੈ ਜਿਵੇਂ ਬਰਲਿਨ ਵਿਚ ਹੁਣੇ ਸੰਸਾਰ ਯੁੱਧ ਹੋਇਆ ਹੋਵੇ। ਸਮੂਹ ਦੀ ਹਰ ਇਮਾਰਤ ਗੋਲੀਆਂ ਨਾਲ ਵਿੰਨ੍ਹੀ ਹੋਈ ਸੀ ਤੇ ਹਵਾ ਵਿਚ ਅਜੇ ਵੀ ਮੌਤ ਦੀ ਮੁਸ਼ਕ ਆ ਰਹੀ ਸੀ।" ਹਰਿਮੰਦਰ ਉਤੇ ਵੀ 300 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਲੱਗੇ ਹੋਏ ਸਨ। ਇਸ ਤੋਂ ਇਲਾਵਾ ਇਕ ਕੀਰਤਨੀਆ ਅਵਤਾਰ ਸਿੰਘ ਪੁਰੇਵਾਲ ਉਥੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ ਅਤੇ ਕਈ ਗੋਲੀਆਂ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਨੂੰ ਜ਼ਖ਼ਮੀ ਕਰ ਗਈਆਂ ਸਨ। "ਸੂਰੀਆ" ਮੈਗਜ਼ੀਨ ਨਾਲ ਇਕ ਮੁਲਾਕਾਤ ਦੌਰਾਨ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੇ ਦਸਿਆ ਕਿ 23 ਜੂਨ ਨੂੰ ਜਦੋਂ ਇੰਦਰਾ ਗਾਂਧੀ ਦਰਬਾਰ ਸਾਹਿਬ ਗਈ ਤਾਂ ਉਸ ਨੂੰ ਹਰਿਮੰਦਰ ਸਾਹਿਬ ਉੱਪਰ ਗੋਲੀਆਂ ਦੇ ਨਿਸ਼ਾਨ ਵਿਖਾਏ ਗਏ ਸਨ। ਗਿਆਨੀ ਪੂਰਨ ਸਿੰਘ ਨੇ ਇੰਦਰਾ ਗਾਂਧੀ ਨੂੰ ਇਹ ਵੀ ਦਸਿਆ ਕਿ ਗੁਰੂ ਗ੍ਰੰਥ ਸਾਹਿਬ ਦੀਆਂ 700 ਬੀੜਾਂ ਸਾੜ ਦਿੱਤੀਆਂ ਗਈਆਂ ਸਨ। "ਇਕ ਰਾਗੀ, ਅਵਤਾਰ ਸਿੰਘ ਹਰਿਮੰਦਰ ਸਾਹਿਬ ਦੇ ਅੰਦਰ ਹੀ ਮਾਰ ਦਿੱਤਾ ਗਿਆ ਸੀ। ਫਿਰ ਵੀ ਉਹ ਕਹਿੰਦੇ ਹਨ ਕਿ ਹਰਿਮੰਦਰ ਸਾਹਿਬ ਉਤੇ ਇਕ ਵੀ ਗੋਲੀ ਨਹੀਂ ਸੀ ਦਾਗੀ ਗਈ।"

ਦਰਬਾਰ ਸਾਹਿਬ ਸਮੂਹ ਵਿਚ ਮਾਰੇ ਗਏ ਲੋਕਾਂ ਬਾਰੇ ਘੱਟ ਤੋਂ ਘੱਟ ਅੰਦਾਜ਼ਾ ਤਿੰਨ ਹਜ਼ਾਰ ਦਾ ਹੈ। ਪਰ ਹੋਰ ਅੰਦਾਜ਼ਿਆਂ ਅਨੁਸਾਰ, ਇਹ ਗਿਣਤੀ 8000 ਸੀ ਤੇ ਸ਼ਾਇਦ ਇਸ ਤੋਂ ਵੀ ਵੱਧ। ਮਰਨ ਵਾਲਿਆਂ ਵਿਚ ਨਾ ਕੇਵਲ ਉਹ ਨੌਜਵਾਨ ਹੀ ਸਨ ਜਿਨ੍ਹਾਂ ਨੇ ਫ਼ੌਜ ਦਾ ਡੱਟ ਕੇ ਟਾਕਰਾ ਕੀਤਾ ਸਗੋਂ ਇਨ੍ਹਾਂ ਵਿਚ ਬਜ਼ੁਰਗ, ਬੱਚੇ, ਤੀਵੀਆਂ, ਨਵੇਂ ਵਿਆਹੇ ਜੋੜੇ ਅਤੇ ਬਾਹਾਂ ਵਿਚ ਨਵੇਂ ਜੰਮੇ ਬਾਲ ਚੁੱਕੀ ਜਵਾਨ ਇਸਤਰੀਆਂ ਵੀ ਸ਼ਾਮਲ ਸਨ। ਇਹ ਹੌਲਨਾਕ ਕਤਲੇਆਮ ਕਿਸੇ ਦੋਸ਼ੀ ਤੇ ਨਿਰਦੋਸ਼, ਜਵਾਨ ਅਤੇ ਬਜ਼ੁਰਗ ਦਾ ਫ਼ਰਕ ਰੱਖੇ ਬਗੈਰ ਕੀਤਾ ਗਿਆ ਸੀ। ਬਹੁਤ ਸਾਰੇ ਸਿੱਖਾਂ ਦੇ ਹੱਥ ਉਨ੍ਹਾਂ ਦੀਆਂ ਪੱਗਾਂ ਨਾਲ ਪਿਛਲੇ ਪਾਸੇ ਬੰਨ੍ਹਣ ਉਪਰੰਤ ਉਨ੍ਹਾਂ ਨੂੰ ਨੇੜਿਓਂ ਗੋਲੀ ਮਾਰ ਦਿੱਤੀ ਗਈ ਸੀ। ਸੰਡੇ ਟਾਈਮਜ਼ ਦੀ ਪੱਤਰਕਾਰ ਮੇਰੀ ਐਨੇ ਵੀਵਰ ਨੇ ਲਿਖਿਆ, "ਫ਼ੌਜ ਅਜਿਹੇ ਹੁਕਮਾਂ ਅਧੀਨ ਕੰਮ ਕਰ ਰਹੀ ਲਗਦੀ ਸੀ ਕਿ "ਕੈਦੀ ਕਿਸੇ ਨੂੰ ਨਾ ਬਣਾਓ" ਅਤੇ ਕਿਸੇ ਵੀ ਖਾੜਕੂ ਨੂੰ ਜ਼ਿੰਦਾ ਨਹੀਂ ਸੀ ਰਹਿਣ ਦੇਣਾ ਚਾਹੁੰਦੀ।" ਇਹ ਕਤਲੇਆਮ, ਆਜ਼ਾਦ ਭਾਰਤ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਸਾਕਾ ਮੰਨਿਆ ਜਾਵੇਗਾ।

## ਡਾਕਟਰ ਭਾਈ ਜੋਧ ਸਿੰਘ

ਨਿਆਂਕਾਰੀ ਢੰਗਾਂ ਨਾਲ ਕਾਫ਼ੀ ਪੁਸਤਕਾਂ ਦੀ ਰਚਨਾ ਕੀਤੀ। ਪੱਛਮੀ ਵਿੱਦਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਫੈਲੀ ਅਸ਼ਾਂਤੀ ਕਾਰਨ ਪਏ ਭੁਲੇਖੇ ਦੂਰ ਕਰਨ ਲਈ ਭਾਈ ਜੋਧ ਸਿੰਘ ਨੇ ਗੁਰਮਤਿ ਨਿਰਣੇ ਨਾਂ ਦੀ ਪੁਸਤਕ ਰਚਨਾ ਕੀਤੀ। ਇਸ ਰਚਨਾ ਵਿੱਚ ਆਪ ਨੇ 14 ਵੱਖੋ-ਵੱਖਰੇ ਧਾਰਮਿਕ ਵਿਸ਼ਿਆਂ ਦੀ ਵਿਆਖਿਆ ਆਧੁਨਿਕ ਤੇ ਵਿਗਿਆਨਕ ਢੰਗਾਂ ਨਾਲ ਖੋਜਾਂ ਤੇ ਦਲੀਲਾਂ ਦੇ ਆਧਾਰ 'ਤੇ ਕੀਤੀ ਹੈ। ਇਸ ਤੋਂ ਬਿਨਾ ਸਿੱਖੀ ਕੀ ਹੈ?, ਗੁਰੂ ਤੇ ਵੇਦ, ਜਪੁ ਜੀ ਸਟੀਕ ਅਤੇ ਨਵਾਬ ਖ਼ਾਂ ਆਦਿ ਪੁਸਤਕਾਂ ਉਨ੍ਹਾਂ ਵੱਲੋਂ ਲਿਖੀਆਂ ਗਈਆਂ। ਅੰਗਰੇਜ਼ੀ ਸਾਹਿਤ ਵਿੱਚ ਵੀ ਆਪ ਨੇ ਕਾਫ਼ੀ ਵੱਡਾ ਹਿੱਸਾ ਪਾਇਆ। ਇਨ੍ਹਾਂ ਦੀਆਂ ਕਈ ਪੁਸਤਕਾਂ ਸਕੂਲਾਂ, ਕਾਲਜਾਂ ਵਿੱਚ ਕੋਰਸ ਦੀ ਪੜ੍ਹਾਈ ਵਜੋਂ ਵੀ ਪੜ੍ਹਾਈਆਂ ਜਾ ਰਹੀਆਂ ਹਨ। ਪੰਜਾਬੀ ਸਾਹਿਤ ਅਤੇ ਧਾਰਮਿਕ ਸਾਹਿਤ ਦਾ ਅਨਮੋਲ ਹੀਰਾ ਅਤੇ ਮਹਾਨ ਵਿਦਵਾਨ 99 ਸਾਲਾਂ ਦੀ ਇਹ ਸੰਸਾਰਕ ਯਾਤਰਾ ਪੂਰੀ ਕਰਨ ਉਪਰੰਤ ਅੰਤ 4 ਦਸੰਬਰ, 1981 ਨੂੰ ਸਾਥੋਂ ਸਦਾ ਲਈ ਵਿਛੜ ਗਿਆ।

## ਸਰਬ ਸਾਂਝੀਵਾਲਤਾ ਦਾ ਕੇਂਦਰ ਮਜ਼ਾਰ ਸਾਈਂ ਮੀਆਂ ਮੀਰ (ਲਾਹੌਰ)

ਗੁਰੂ ਜੀ ਨੂੰ ਬਹੁਤ ਤਸੀਹੇ ਦਿੱਤੇ ਗਏ। ਤਵੀ ਹੇਠਾਂ ਅੱਗ ਬਾਲ ਕੇ ਤਪਦੀ ਤਵੀ ਉੱਤੇ ਜੇਠ ਮਹੀਨੇ ਦੀ ਤਪਦੀ ਦੁਪਹਿਰ ਨੂੰ ਗੁਰੂ ਜੀ ਨੂੰ ਬਿਠਾਇਆ ਗਿਆ ਅਤੇ ਸਿਰ ਵਿੱਚ ਗਰਮ ਰੇਤ ਦੇ ਕੜਛੇ ਭਰ-ਭਰ ਕੇ ਪਾਏ ਗਏ। ਜਦੋਂ ਇਸ ਗੱਲ ਦਾ ਪਤਾ ਸਾਈਂ ਮੀਆਂ ਮੀਰ ਜੀ ਨੂੰ ਲੱਗਾ ਤਾਂ ਆਪ ਦਾ ਹਿਰਦਾ ਵਲੂੰਧਰਿਆ ਗਿਆ ਅਤੇ ਆਪ ਤੁਰੰਤ ਸਤਿਗੁਰਾਂ ਕੋਲ ਆਏ ਅਤੇ ਤੱਤੀ ਤਵੀ 'ਤੇ ਬੈਠ ਕੇ ਤਸੀਹੇ ਝੱਲਦੇ ਗੁਰੂ ਜੀ ਨੂੰ ਵੇਖ ਕੇ ਆਪ ਨੇ ਕਿਹਾ ਕਿ ਇੱਕ ਵਾਰੀ ਹੁਕਮ ਕਰ ਦਿਉ, ਮੈਂ ਦਿੱਲੀ ਦਰਬਾਰ ਅਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿੰਦਾ ਹਾਂ ਅਤੇ ਜ਼ਾਲਮ ਤੇ ਜ਼ੁਲਮ ਦਾ ਨਾਸ਼ ਕਰ ਦਿੰਦਾ ਹਾਂ। ਇਸ 'ਤੇ ਸ਼ਾਂਤ ਚਿੱਤ ਗੁਰੂ ਜੀ ਨੇ ਸਾਈਂ ਜੀ ਨੂੰ ਸ਼ਾਂਤ ਹੋਣ ਲਈ ਕਿਹਾ ਅਤੇ ਉਪਦੇਸ਼ ਦਿੱਤਾ ਕਿ ਇਹ ਸਭ ਕੁੱਝ ਅਕਾਲ ਦੇ ਭਾਣੇ ਅਨੁਸਾਰ ਹੀ ਹੋ ਰਿਹਾ ਹੈ। ਪ੍ਰਸਿੱਧ ਕਵੀਸ਼ਰ ਜੋਗਾ ਸਿੰਘ ਜੋਗੀ ਨੇ ਇਸ ਤਰ੍ਹਾਂ ਲਿਖਿਆ ਹੈ:

ਓ ਸਾਈਂ ਮੀਆਂ ਮੀਰ,ਤੂੰ ਮੇਰੇ ਦਿਲ ਦੀ ਬੁੱਝੀ ਨੀ,ਮੈਂ ਬੁਝੱਲੀ ਤੇਰੇ ਅੰਦਰ ਦੀ
ਓ ਧਰਨੀਆਂ ਸੀ ਦੋ ਨੀਹਾਂ,
ਇੱਕ ਸਿਦਕੀ ਇੱਕ ਹਰਿਮੰਦਰ ਦੀ
ਉਹ ਤੂੰ ਧਰੀ ਇਹ ਮੈਂ ਧਰਾਂ,
ਰਾਇ ਰਲਜੇ ਦੋਹਾਂ ਫ਼ਕੀਰਾਂ ਦੀ
ਵਿੱਥ ਅਸਾਂ ਵਿੱਚ ਕੋਈ ਨਹੀਂ ਐ,
ਐਵੇਂ ਦਿਖਦੀ ਐ ਵਿੱਥ ਸਰੀਰਾਂ ਦੀ।

ਸਾਈਂ ਮੀਆਂ ਮੀਰ ਗੁਰੂ ਜੀ ਦਾ ਉਪਦੇਸ਼ ਸੁਣ ਕੇ ਵਾਪਸ ਆ ਗਏ ਅਤੇ ਉਪਦੇਸ਼ ਦੇ ਕੇ ਲੋਕਾਂ ਨੂੰ ਸਿੱਧੇ ਰਸਤੇ ਪਾਉਂਦੇ ਰਹੇ ਅਤੇ ਖ਼ੁਦਾਬੰਦ ਕਰੀਮ ਦੇ ਲੜ ਲਾਉਂਦੇ ਰਹੇ। ਪਚਾਸੀ ਸਾਲਾਂ ਦੀ ਆਯੂ ਭੋਗ ਕੇ ਇਸਲਾਮਿਕ ਕੈਲੰਡਰ ਮੁਤਾਬਕ 7ਵੀਂ ਰਬੀ ਉਲ ਅੱਵਲ 1045 ਜਾਂ 22 ਅਗਸਤ 1635 ਈਸਵੀ ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਪਿੰਡ ਹਾਸਿਮਪੁਰ ਜੋ ਕਿ ਹੁਣ ਬਸਤੀ ਮੀਆਂ ਮੀਰ ਦੇ ਨਾਮ ਨਾਲ ਪ੍ਰਸਿੱਧ ਹੈ ਅਤੇ ਅੱਜ ਕੱਲ੍ਹ ਲਾਹੌਰ ਦਾ ਹੀ ਹਿੱਸਾ ਹੈ ਵਿਖੇ ਆਪ ਜੀ ਦੀ ਕਬਰ ਉੱਪਰ ਬਹੁਤ ਖ਼ੂਬਸੂਰਤ ਮਕਬਰਾ ਬਣਿਆ ਹੋਇਆ ਹੈ।

ਮੁਗਲ ਬਾਦਸ਼ਾਹ ਸ਼ਾਹ ਜਹਾਂ ਦਾ ਸਹਿਜ਼ਾਦਾ ਦਾਰਾ ਸ਼ਿਕੋਹ ਸਾਈਂ ਮੀਆਂ ਮੀਰ ਦਾ ਮੁਰੀਦ ਅਤੇ ਅਥਾਹ ਸ਼ਰਧਾਵਾਨ ਸੀ। ਉਸ ਨੇ ਸਾਈਂ ਜੀ ਦੀ ਕਬਰ ਉੱਪਰ ਇੱਕ ਬਹੁਤ ਹੀ ਖ਼ੂਬਸੂਰਤ ਮਕਬਰੇ ਦੀ ਉਸਾਰੀ ਕਰਵਾਈ ਅਤੇ ਇਸ ਉੱਤੇ ਲਾਉਣ ਲਈ ਸੁੰਦਰ ਲਾਲ ਪੱਥਰ ਦੀ ਖਰੀਦ ਕੀਤੀ ਪ੍ਰੰਤੂ ਉਸ ਦੇ ਭਰਾ ਔਰੰਗਜ਼ੇਬ ਨੇ ਉਸ ਦਾ ਕਤਲ ਕਰ ਦਿੱਤਾ ਅਤੇ ਰਾਜ ਭਾਗ ਸੰਭਾਲ ਲਿਆ। ਸਾਈਂ ਮੀਆਂ ਮੀਰ ਦੇ ਮਕਬਰੇ 'ਤੇ ਲਾਉਣ ਲਈ ਮੰਗਵਾਇਆ ਗਿਆ ਲਾਲ ਪੱਥਰ ਲਾਹੌਰ ਵਿਖੇ ਹੀ ਸ਼ਾਹੀ ਕਿਲੇ ਦੇ ਸਾਹਮਣੇ ਬਣੀ ਬਾਦਸ਼ਾਹੀ ਮਸਜਿਦ ਉੱਪਰ ਲਗਵਾ ਦਿੱਤਾ ਗਿਆ। ਇਸ ਤਰ੍ਹਾਂ ਇਸ ਮਕਬਰੇ ਦੀ ਦਿੱਖ ਦਾਰਾ ਸ਼ਿਕੋਹ ਦੀ ਇੱਛਾ ਅਨੁਸਾਰ ਨਾ ਬਣ ਸਕੀ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਇਸ ਮਕਬਰੇ ਦੀ ਮੁਰੰਮਤ ਕਰਵਾਈ ਅਤੇ ਪੰਜ ਸੌ ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਛੇ ਹਜ਼ਾਰ ਰੁਪਏ ਸਾਲਾਨਾ ਜਾਗੀਰ ਇਸ ਮਕਬਰੇ ਦੇ ਨਾਮ ਲਗਵਾ ਦਿੱਤੀ ਜੋ ਕਿ ਅੰਗਰੇਜ਼ਾਂ ਦਾ ਰਾਜ ਕਾਲ ਸ਼ੁਰੂ ਹੋਣ ਤੱਕ ਲੱਗੀ ਰਹੀ ਸੀ। ਅੱਜ ਵੀ ਹਰ ਸਾਲ ਇਸਲਾਮਿਕ ਕੈਲੰਡਰ ਮੁਤਾਬਕ 24ਵੀਂ ਸਫ਼ਰ ਉਰ ਮੁਜ਼ੱਫ਼ਰ ਨੂੰ ਮਕਬਰੇ ਦੇ ਅੰਦਰ ਸਾਈਂ ਮੀਆਂ ਮੀਰ ਦੀ ਕਬਰ ਨੂੰ ਗੁਲਾਬ ਦੇ ਅਰਕ ਨਾਲ ਇਸ਼ਨਾਨ ਕਰਵਾਇਆ ਜਾਂਦਾ ਹੈ ਤੇ 7ਵੀਂ ਰਬੀ ਉਲ ਅੱਵਲ ਨੂੰ ਸਾਲਾਨਾ ਉਰਸ ਹੁੰਦਾ ਹੈ ਜਿਸ ਵਿੱਚ ਸਮੁੱਚੇ ਪਾਕਿਸਤਾਨ ਵਿੱਚੋਂ ਹੀ ਨਹੀਂ ਬਲਕਿ ਸੰਸਾਰ ਭਰ ਤੋਂ ਮੁਸਲਮਾਨ ਭਾਈਚਾਰੇ ਤੋਂ ਇਲਾਵਾ ਹੋਰ ਬਹੁਤ ਸਾਰੇ ਧਰਮਾਂ ਦੇ ਲੋਕ ਸ਼ਰਧਾਲੂਆਂ ਦੇ ਰੂਪ ਵਿੱਚ ਸਾਈਂ ਜੀ ਦੀ ਕਬਰ 'ਤੇ ਨਤਮਸਤਕ ਹੁੰਦੇ ਹਨ। ਨਮਕ ਦਾ ਪ੍ਰਸ਼ਾਦ ਲੈ ਕੇ ਸਾਈਂ ਮੀਆਂ ਮੀਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ ਅਤੇ ਪੂਰੇ ਦਿਨ ਰਾਤ ਕੱਵਾਲੀਆਂ ਦਾ ਦੌਰ ਚਲਦਾ ਰਹਿੰਦਾ ਹੈ ਅਤੇ ਲੋਕ ਮਜ਼ਾਰ 'ਤੇ ਦੀਵੇ ਬਾਲ ਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਇਸ ਮਜ਼ਾਰ ਦਾ ਵਿਹੜਾ ਬਹੁਤ ਖੁੱਲ੍ਹਾ ਹੈ ਅਤੇ ਸ਼ਰਧਾਲੂਆਂ ਦੇ ਠਹਿਰਨ ਲਈ ਕਮਰਿਆਂ ਦੀ ਉਸਾਰੀ ਵੀ ਕੀਤੀ ਗਈ ਹੈ।


Sir Speedy Tustin
Printers to the Community
SUBWAY eat fresh.
OPEN 24 HOURS 7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਫਿਲਮ ਦਾਸਤਾਨ-ਏ-ਮੀਰੀ ਪੀਰੀ ਖਿਲਾਫ ਸਿੱਖਾਂ 'ਚ ਰੋਸ ਦੀ ਲਹਿਰ

ਕਰਨ ਬਾਰੇ ਆਦੇਸ਼ ਦਿੱਤੇ ਗਏ ਹਨ। ਜੇਕਰ ਉਹ ਰਿਲੀਜ਼ ਕਰਦੇ ਹਨ ਅਤੇ ਕਿਸੇ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਣਗੇ।

ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਵੀ ਆਖਿਆ ਕਿ ਉਹ ਇਕ ਉੱਚ ਪੱਧਰੀ ਜਾਂਚ ਟੀਮ ਬਣਾਉਣ, ਜੋ ਇਸ ਫਿਲਮ ਨੂੰ ਹਰ ਪੱਖ ਤੋਂ ਘੋਖਣ ਮਗਰੋਂ ਇਕ ਰਿਪੋਰਟ ਅਕਾਲ ਤਖ਼ਤ 'ਤੇ ਦੇਵੇ। ਰਿਪੋਰਟ ਨੂੰ ਦੇਖਣ ਮਗਰੋਂ ਹੀ ਫਿਲਮ ਨੂੰ ਮਾਨਤਾ ਸਬੰਧੀ ਕੋਈ ਅਗਲੀ ਕਾਰਵਾਈ ਹੋਵੇਗੀ।

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਉੱਤੇ ਕਾਰਟੂਨ ਫਿਲਮ 'ਦਾਸਤਾਨ-ਏ-ਮੀਰੀ-ਪੀਰੀ' ਬਣਾਉਣ ਵਿਰੁੱਧ ਸਿੱਖ ਸਫਾਂ ਵਿਚੋਂ ਵੀ ਭਰਵਾਂ ਵਿਰੋਧ ਸ਼ੁਰੂ ਹੋ ਗਿਆ ਹੈ। ਇਹ ਕਾਰਟੂਨ ਫਿਲਮ ਨੂੰ ਬਣਾਉਣ ਵਾਲਿਆਂ ਨੇ ਫਿਲਮ ਜਾਰੀ ਕਰਨ ਲਈ ਘੱਲੂਘਾਰੇ ਵਾਲੇ ਵਿਸ਼ੇਸ਼ ਦਿਨਾਂ ਦੀ ਚੋਣ ਕਰਕੇ ਇਹਨੂੰ 5-ਜੂਨ ਨੂੰ ਜਾਰੀ ਕਰਨ ਦਾ ਐਲਾਨ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ '2 ਨਵੰਬਰ' ਨੂੰ ਇਹ ਫਿਲਮ ਜਾਰੀ ਕਰਨ ਦਾ ਐਲਾਨ ਕੀਤਾ ਸੀ।

ਇਹ ਕਾਰਟੂਨ ਫਿਲਮ ਦੀ ਮਸ਼ਹੂਰੀ ਵੱਖ-ਵੱਖ ਸਾਧਨਾਂ ਰਾਹੀਂ ਕੀਤੇ ਜਾਣ ਤੋਂ ਬਾਅਦ ਸਿੱਖਾਂ ਦੇ ਇਕ ਸੁਚੇਤ ਹਿੱਸੇ ਵਿਚ ਰੋਹ ਦੀ ਭਾਵਨਾ ਹੈ ਅਤੇ ਉਨ੍ਹਾਂ ਵਲੋਂ ਬਿਜਲ-ਸੱਥ ਰਾਹੀਂ ਫਿਲਮ ਦਾ ਵਿਰੋਧ ਸ਼ੁਰੂ ਹੋ ਗਿਆ ਹੈ।

**ਪੰਜਾਬ ਭਰ 'ਚ ਫਿਲਮ ਦਾ ਵਿਰੋਧ ਜਾਰੀ-**

ਗੁਰੂ ਹਰਗੋਬਿੰਦ ਜੀ ਬਾਰੇ ਕਾਰਟੂਨ ਫਿਲਮ ਬਣਾਉਣ ਬਾਰੇ ਸੋਸ਼ਲ ਮੀਡੀਆ ਤੋਂ ਸ਼ੁਰੂ ਹੋਇਆ ਰੋਸ ਤੇ ਵਿਰੋਧ ਹੁਣ ਜ਼ਮੀਨੀ ਪੱਧਰ ਤਕ ਫੈਲ ਰਿਹਾ ਹੈ। ਪੰਜਾਬ ਵਿਚ ਕਈ ਥਾਵਾਂ ਉੱਤੇ ਰੋਹ ਵਿਚ ਆਏ ਸਿੱਖ ਕਾਰਕੁੰਨਾਂ ਨੇ ਫਿਲਮ ਦੇ ਇਸ਼ਤਿਹਾਰ ਪਾੜ ਦਿੱਤੇ।

### ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕੀਤਾ ਰੋਸ ਪ੍ਰਦਰਸ਼ਨ-

ਪਟਿਆਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਿਦਿਆਰਥੀਆਂ ਵਲੋਂ ਇਸ ਫਿਲਮ ਖਿਲਾਫ ਸੰਕੇਤਕ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਮੂਹ ਵਿਦਆਰਥੀਆਂ ਵੱਲੋਂ ਫਿਲਮ "ਦਾਸਤਾਨ-ਏ-ਮੀਰੀ ਪੀਰੀ" 'ਤੇ ਪਾਬੰਦੀ ਲਾਉਣ ਲਈ ਇਕ ਸੰਕੇਤਕ ਰੋਸ ਮੁਜ਼ਾਹਰਾ ਯੂਨੀਵਰਸਿਟੀ ਦੇ ਮੁੱਖ ਦਰਵਾਜੇ 'ਤੇ ਕੀਤਾ ਗਿਆ। ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਵਿਚ ਵਿਦਿਆਰਥੀਆਂ ਦੇ ਹੱਥਾਂ ਵਿਚ ਫੜੀਆਂ ਤਖਤੀਆਂ ਉੱਤੇ ਦਾਸਤਾਨ-ਏ-ਮੀਰੀ ਪੀਰੀ 'ਤੇ ਪਾਬੰਦੀ ਦੀ ਮੰਗ ਲਈ ਸਿੱਖੀ ਨੁਕਤਾ ਨਜ਼ਰ ਤੋਂ ਸਿਧਾਂਤਕ ਤੁਕਾਂ ਲਿਖੀਆਂ ਗਈਆਂ ਸਨ।ਹੱਥਾਂ ਵਿਚ ਤਖਤੀਆਂ ਲਈ ਖੜੇ ਖਾਮੋਸ਼ ਵਿਦਿਆਰਥੀ ਗੁਰੂ ਸਾਹਿਬ ਦੀ ਅਜੀਮ ਸਖਸ਼ੀਅਤ ਨੂੰ ਸਿਨੇਮੇ ਵਰਗੇ ਹਲਕੇ ਮਾਧਿਅਮ ਰਾਹੀਂ ਵਿਖਾਉਣ ਦਾ ਜੋਰਦਾਰ ਵਿਰੋਧ ਦਰਜ ਕਰਾ ਰਹੇ ਸਨ ਤੇ ਦੱਸ ਰਹੇ ਸਨ ਕਿ 'ਦਾਸਤਾਨ ਏ ਮੀਰੀ-ਪੀਰੀ' ਵਰਗੀਆਂ ਫਿਲਮਾਂ ਸਿੱਖ ਪੰਥ ਨੂੰ ਸ਼ਬਦ ਨਾਲੋਂ ਤੋੜ ਕੇ ਦੇਹ ਨਾਲ ਜੋੜਨ ਦੀ ਨਾਪਾਕ ਕੋਸ਼ਿਸ਼ ਹੈ। ਵੱਖ ਵੱਖ ਵਿਭਾਗਾਂ ਦੇ ਖੋਜਾਰਥੀ ਤੇ ਵਿਦਿਆਰਥੀ ਤੇ ਵਿਦਿਆਰਥਣਾਂ ਨੇ ਸਿੱਖ ਵਿਦਵਾਨਾਂ ਦੇ ਹਵਾਲੇ ਨਾਲ ਗੱਲ ਕਰਦਿਆਂ ਚਿੰਤਾ ਪ੍ਰਗਟ ਕੀਤੀ ਕਿ ਗੁਰੂ ਸਾਹਿਬਾਨ ਤੇ ਇਤਿਹਾਸਕ ਹਸਤੀਆਂ ਨੂੰ ਪਾਤਰਾਂ ਵਿਚ ਢਾਲਣਾ ਉਹਨਾਂ ਦੇ ਸਨਮਾਨ ਨੂੰ ਸਿੱਖ ਮਨਾਂ ਵਿਚੋਂ ਹੂੰਝ ਕੇ ਸੁੱਟ ਦੇਵੇਗਾ। ਉਨਾਂ ਇਤਿਹਾਸਕ ਹਵਾਲੇ ਨਾਲ ਦੱਸਿਆ ਕਿ ਸਿੱਖਾਂ ਨੇ ਇਤਿਹਾਸ ਫਿਲਮਾਂ ਦੇਖ ਕੇ ਨਹੀਂ ਬਲਕਿ ਸਾਖੀਆਂ ਤੇ ਬਾਣੀ ਦੀ ਗੁੜ੍ਹਤੀ ਨਾਲ ਰਚਿਆ ਹੈ। ਮੁੱਖ ਦਰਵਾਜੇ ਤੋਂ ਵਿਦਿਆਰਥੀਆਂ ਦਾ ਇਹ ਮਾਰਚ ਯੂਨੀਵਰਸਿਟੀ ਲਾਇਬਰੇਰੀ ਨੇੜੇ ਖਤਮ ਹੋਇਆ ਤੇ ਵਿਦਿਆਰਥੀਆਂ ਨੇ ਇਕਮੁੱਠ ਹੋ ਕੇ ਕਿਹਾ ਕਿ ਇਸ ਫਿਲਮ ਨੂੰ ਹਰਗਿਜ਼ ਨਹੀਂ ਚੱਲਣ ਦੇਣਗੇ।

### ਦਰਬਾਰ-ਏ-ਖਾਲਸਾ ਵਲੋਂ ਫਿਲਮ 'ਤੇ ਪਾਬੰਦੀ ਦੀ ਮੰਗ-

ਸਿੱਖ ਪ੍ਰਚਾਰਕਾਂ ਦੀ ਜਥੇਬੰਦੀ ਦਰਬਾਰ-ਏ-ਖਾਲਸਾ ਵਲੋਂ ਇਸ ਫਿਲਮ ਉੱਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਹੈ। ਸਿੱਖ ਪ੍ਰਚਾਰਕ ਭਾਈ ਹਰਜਿੰਦਰ ਸਿੰਘ ਮਾਝੀ ਵਲੋਂ ਬਿਆਨ ਜਾਰੀ ਕਰਕੇ ਕਿਹਾ ਗਿਆ ਹੈ ਕਿ ਇਹ ਫਿਲਮ ਸਿੱਖੀ ਸਿਧਾਂਤਾਂ ਦੀ ਉਲੰਘਣਾ ਕਰਦੀ ਹੈ, ਇਸ ਲਈ ਇਹ ਫਿਲਮ ਬੰਦ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਯੂਥ ਕਲੱਬ ਭਿੱਗੜਾਂ ਕਲਾਂ ਵਲੋਂ ਕਲੱਬ ਸਰਪਰਸਤ ਹਰਵਿੰਦਰ ਸਿੰਘ ਖਾਲਸਾ, ਪ੍ਰਧਾਨ ਜਤਿੰਦਰ ਸਿੰਘ, ਮੀਤ ਪ੍ਰਧਾਨ ਪਰਦੀਪ ਸਿੰਘ, ਹਰਿੰਦਰ ਸਿੰਘ ਨੋਨੀ, ਲਵਦੀਪ ਸਿੰਘ, ਜੁਗਰਾਜ ਸਿੰਘ ਦੀ ਅਗਵਾਈ ਵਿਚ ਸਿੱਖ ਸਿਧਾਂਤਾਂ ਦੀ ਖਿੱਲੀ ਉਡਾਉਂਦੀ ਹੋਈ ਕਾਰਟੂਨ ਫਿਲਮ ਦਾਸਤਾਨ-ਏ-ਮੀਰੀ-ਪੀਰੀ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ। ਕਲੱਬ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਸ ਗੁਰੂ ਨੇ ਸਭ ਤੋਂ ਪਹਿਲਾਂ ਬੰਦਿਆਂ ਦੀ ਪੂਜਾ, ਬੁੱਤ ਪੂਜਾ ਅਤੇ ਤਸਵੀਰਾਂ ਦੀ ਪੂਜਾ ਮਨ੍ਹਾ ਕੀਤੀ ਅਤੇ ਸਾਨੂੰ ਸ਼ਬਦ ਗੁਰੂ ਰਾਹੀਂ ਸਿਧਾਂਤ ਅਤੇ ਰਹਿਤ ਵਿਚ ਪੱਕੇ ਰਹਿਣ ਦਾ ਹੁਕਮ ਦਿੱਤਾ, ਅਸੀਂ ਅੱਜ ਉਸੇ ਗੁਰੂ ਦੀਆਂ ਕਾਰਟੂਨ ਫ਼ਿਲਮਾਂ ਰਾਹੀ ਅਤੇ ਹਾਸੋ ਹੀਣੀਆਂ ਤਸਵੀਰਾਂ ਤੇ ਤਸਵੀਰਾਂ ਵਰਗੇ ਬੋਲਦੇ ਬੁੱਤਾਂ ਰਾਹੀ ਅੰਨ੍ਹੀ ਸ਼ਰਧਾ ਦੇ ਰਾਹ ਉੱਤੇ ਚੱਲਕੇ ਸਿੱਖੀ ਤੋਂ ਕੋਹਾਂ ਮੀਲ ਦੂਰ ਜਾ ਰਹੇ ਹਾਂ।

### ਗੁਰੂ ਬਿੰਬ ਦੀ ਨਾਟਕੀ ਪੇਸ਼ਕਾਰੀ 'ਤੇ ਛਿੜੀ ਬਹਿਸ

ਗੁਰੂ ਸਾਹਿਬਾਨ 'ਤੇ ਕਾਰਟੂਨ ਫਿਲਮਾਂ ਬਣਾਉਣ ਦਾ ਮਾਮਲਾ ਸ਼ੁਰੂ ਤੋਂ ਹੀ ਵਿਵਾਦਤ ਰਿਹਾ ਹੈ ਤੇ ਸਿੱਖਾਂ ਨੇ ਇਨ੍ਹਾਂ ਕਾਰਵਾਈਆਂ ਦਾ ਲਗਾਤਾਰ ਵਿਰੋਧ ਕੀਤਾ ਹੈ। ਸਾਲ 2005 ਵਿਚ ਜਦੋਂ ਵਿਸਮਾਦ ਨਾਮੀ ਅਦਾਰੇ ਵਲੋਂ ਸਿੱਖ ਇਤਿਹਾਸ ਉਤੇ ਸਾਹਿਬਜ਼ਾਦੇ ਨਾਮੀ ਕਾਰਟੂਨ ਫਿਲਮ ਬਣਾਈ ਗਈ ਸੀ ਤਾਂ ਸਿੱਖ ਵਿਦਿਆਰਥੀਆਂ ਦੀ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸਿੱਖ ਜਗਤ ਨੂੰ ਇਸ ਬਾਰੇ ਅਗਾਹ ਕੀਤਾ ਗਿਆ ਸੀ ਕਿ ਇੰਝ ਕਾਰਟੂਨਾਂ ਜਾਂ ਹੋਰਨਾਂ ਨਾਟਕੀ ਤਰੀਕਿਆਂ ਰਾਹੀਂ ਸਿੱਖ ਗੁਰੂ ਸਾਹਿਬਾਨ, ਗੁਰੂ ਪਰਿਵਾਰਾਂ, ਮਹਾਨ ਗੁਰਸਿੱਖਾਂ ਤੇ ਅਦੁੱਤੀ ਸ਼ਹੀਦਾਂ ਨੂੰ ਰੂਪਮਾਨ ਕਰਨਾ ਸਿੱਖ ਸਿਧਾਂਤਾਂ ਦੀ ਉਲੰਘਣਾ ਹੋਵੇਗੀ ਤੇ ਇਹ ਰਾਹ ਅਖੀਰ ਨੂੰ ਬੁੱਤਪ੍ਰਸਤੀ ਵੱਲ ਪ੍ਰੇਰੇਗਾ। ਉਸ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨ ਜੋਗਿੰਦਰ ਸਿੰਘ ਵੇਦਾਂਤੀ ਨੂੰ ਇਸ ਬਾਰੇ ਦ੍ਰਿੜ ਫੈਸਲਾ ਲੈ ਕੇ ਗੁਰੂ ਬਿੰਬ ਦੀ ਕਾਰਟੂਨਾਂ ਰਾਹੀਂ ਪੇਸ਼ਕਾਰੀ ਰੁਕਵਾਉਣ ਲਈ ਕਿਹਾ ਗਿਆ ਸੀ।ਇਸ ਤੋਂ ਬਾਅਦ ਮੂਲਾ ਖੱਤਰੀ ਨਾਮੀ ਕਾਰਟੂਨ ਫਿਲਮ ਆਈ ਜਿਸ ਵਿਚ ਗੁਰੂ ਨਾਨਕ ਜੀ ਦੇ ਬਿੰਬ ਨੂੰ ਤਸਵੀਰਨੁਮਾ ਕਾਰਟੂਨ ਵਿਧੀ ਰਾਹੀਂ ਪੇਸ਼ ਕੀਤਾ ਗਿਆ ਸੀ।

ਸਿੱਖ ਇਤਿਹਾਸ 'ਤੇ ਕਾਰਟੂਨ ਫਿਲਮਾਂ ਦਾ ਰੁਝਾਨ ਚਾਰ ਸਾਹਿਬਜ਼ਾਦੇ ਫਿਲਮ ਨਾਲ ਫਿਲਮ ਜਗਤ ਦੀ ਵੱਡੀ ਮੰਡੀ ਵਿਚ ਪੁੱਜਾ ਤੇ ਇਸ ਤੋਂ ਬਾਅਦ 'ਨਾਨਕ ਸ਼ਾਹ ਫਕੀਰ' ਨਾਂ ਦੀ ਫਿਲਮ ਦਾ ਮਾਮਲਾ ਵੀ ਸਾਹਮਣੇ ਆ ਗਿਆ ਜਿਸ ਵਿਚ ਕਿ ਗੁਰੂ ਸਾਹਿਬ, ਗੁਰੂ ਪਰਿਵਾਰ ਅਤੇ ਭਾਈ ਮਰਦਾਨਾ ਜੀ ਦੀ ਨਕਲ ਅਦਾਕਾਰਾਂ ਕੋਲੋਂ ਕਰਵਾਈ ਗਈ ਸੀ। ਇਹ ਫਿਲਮ ਪਹਿਲਾਂ ਸਾਲ 2015 ਵਿਚ ਜਾਰੀ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਸਿੱਖ ਪੰਥ ਵਿਚ ਉਠੀ ਰੋਹ ਦੀ ਪ੍ਰਚੰਡ ਲਹਿਰ ਦੇ ਸਦਕਾ ਫਿਲਮ ਡੱਬਾ ਬੰਦ ਹੋ ਗਈ। ਇਸ ਵਿਵਾਦਤ ਫਿਲਮ ਦੇ ਨਿਰਮਾਤਾ ਹਰਿੰਦਰ ਸਿੱਕਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਹਿਮ ਅਹੁਦਿਆਂ 'ਤੇ ਬੈਠੇ ਕੁਝ ਵਿਅਕਤੀਆਂ ਨਾਲ ਗੰਢ-ਤੁੱਪ ਕਰਕੇ ਇਹ ਫਿਲਮ ਮੁੜ ਸਾਲ 2017 ਵਿਚ ਜਾਰੀ ਕਰਨ ਦੀ ਕੋਸ਼ਿਸ਼ ਕੀਤੀ। ਸਿੱਖਾਂ ਵਲੋਂ ਫਿਲਮ ਦਾ ਵਿਰੋਧ ਕਰਨ ਤੇ ਪਹਿਲਾਂ ਤਾਂ ਸ਼੍ਰੋ.ਗੁ.ਪ੍ਰ.ਕ. ਦੇ ਨੁਮਾਇੰਦਿਆਂ ਨੇ ਉਨ੍ਹਾਂ ਨੂੰ ਗਲਤ ਕਰਾਰ ਦਿੱਤਾ ਪਰ ਰੋਹ ਪ੍ਰਚੰਡ ਹੋਣ 'ਤੇ ਫਿਲਮ ਤੋਂ ਆਪਣੀ ਹਮਾਇਤ ਵਾਪਸ ਲੈ ਲਈ।

ਹੁਣ 'ਛਠਮ ਪੀਰ' ਨਾਮੀ ਫਿਲਮ ਸਾਜ ਅਦਾਰੇ ਵਲੋਂ ਗੁਰੂ ਹਰਗੋਬਿੰਦ ਜੀ ਦੇ ਜੀਵਨ ਉੱਤੇ ਇਕ ਕਾਰਟੂਨ ਫਿਲਮ ਜਾਰੀ ਕਰਨ ਦੇ ਐਲਾਨ ਨਾਲ ਕਾਰਟੂਨਾਂ ਰਾਹੀਂ ਗੁਰੂ ਬਿੰਬ ਦੀ ਪੇਸ਼ਕਾਰੀ ਦਾ ਮਾਮਲਾ ਮੁੜ ਭਖ ਗਿਆ ਹੈ।

### ਫਿਲਮਕਾਰਾਂ ਨੇ ਦਿੱਤੀ ਸਫਾਈ-

"ਦਾਸਤਾਨ-ਏ-ਮੀਰੀ-ਪੀਰੀ" ਦੇ ਨਿਰਮਾਤਾਵਾਂ ਵਲੋਂ ਗੁਰਜੋਤ ਸਿੰਘ ਰਾਹੀਂ ਮੀਡੀਆ ਨਾਲ ਗੱਲਬਾਤ ਕੀਤੀ ਗਈ। ਗੁਰਜੋਤ ਸਿੰਘ ਨੇ ਜੋ ਪੱਖ ਪੇਸ਼ ਕੀਤਾ ਉਸ ਮੁਤਾਬਕ ਇਸ ਫਿਲਮ ਨੂੰ ਕਾਰਟੂਨ ਫਿਲਮ ਕਹਿਣਾ ਠੀਕ ਨਹੀਂ ਹੈ, ਕਿਉਂਕਿ ਉਨ੍ਹਾਂ ਮੁਤਾਬਕ ਕਾਰਟੂਨ ਸਿਰਫ ਉਹ ਹੁੰਦਾ ਹੈ, ਜਿਹੜਾ ਕਿਸੇ ਦਾ ਮਜ਼ਾਕ ਉਡਾਉਣ ਲਈ ਕਾਗਜ਼ ਉਤੇ ਵਿੰਗੀ-ਟੇਢੀ ਸ਼ਕਲ ਵਾਲਾ ਬਣਾਇਆ ਜਾਂਦਾ ਹੈ।

ਗੁਰਜੋਤ ਸਿੰਘ ਨੇ ਕਿਹਾ ਕਿ ਫਿਲਮ ਸਿੱਖੀ ਦੇ ਪਰਚਾਰ ਲਈ ਬਣਾਈ ਗਈ ਹੈ ਕਿਉਂਕਿ ਅੱਜ-ਕੱਲ੍ਹ ਦੇ ਬੱਚਿਆਂ ਨੂੰ ਸਿੱਖੀ ਬਾਰੇ ਕੁਝ ਨਹੀਂ ਪਤਾ। ਫਿਲਮਕਾਰ ਵਾਰ-ਵਾਰ 'ਚਾਰ ਸਾਹਿਬਜ਼ਾਦੇ' ਫਿਲਮ ਦੀ ਕਾਮਯਾਬੀ ਦਾ ਹਵਾਲਾ ਦੇ ਰਿਹਾ ਸੀ ਕਿ ਇਸ ਫਿਲਮ ਨਾਲ ਸਿੱਖੀ ਦਾ ਬਹੁਤ ਪਰਚਾਰ ਹੋਇਆ ਸੀ।

ਗੁਰਜੋਤ ਸਿੰਘ ਨੇ ਕਿਹਾ ਕਿ ਇਸ ਫਿਲਮ ਨੂੰ ਬਣਾਉਣ ਵਾਲੀ ਟੋਲੀ (ਟੀਮ) ਵਿਚ ਸਿੱਖ ਵਿਦਵਾਨ ਇੰਦਰਜੀਤ ਸਿੰਘ ਗੋਗੋਆਣੀ ਅਤੇ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਨ ਦੇ ਸਪੁੱਤਰ ਸ਼ਾਮਲ ਹਨ ਤੇ ਉਨ੍ਹਾਂ ਫਿਲਮ ਵਿਚ ਇਤਿਹਾਸਕ ਘਟਨਾਵਾਂ ਨੂੰ ਹੀ ਵਿਖਾਇਆ ਹੈ ਤੇ ਕੋਈ ਵੀ ਗੱਲ ਆਪਣੇ ਕੋਲੋਂ ਪੇਸ਼ ਨਹੀਂ ਕੀਤੀ।

ਉਨ੍ਹਾਂ ਪਹਿਲਾਂ ਇਹ ਵੀ ਕਿਹਾ ਕਿ ਇਹ ਫਿਲਮ ਗੁਰੂ ਹਰਗੋਬਿੰਦ ਜੀ ਉਤੇ ਨਹੀਂ ਹੈ ਬਲਕਿ ਭਾਈ ਬਿਧੀ ਚੰਦ ਜੀ ਉਤੇ ਹੈ ਪਰ ਬਾਅਦ ਵਿਚ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਅਸਲ ਵਿਚ ਫਿਲਮ ਵਿਚ ਗੁਰੂ ਹਰਗੋਬਿੰਦ ਜੀ ਵਲੋਂ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਸਮੇਤ ਹੋਰਨਾਂ ਇਤਿਹਾਸਕ ਘਟਨਾਵਾਂ ਨੂੰ ਵੀ ਪੇਸ਼ ਕੀਤਾ ਗਿਆ ਹੈ ਅਤੇ ਭਾਈ ਬਿਧੀ ਚੰਦ ਜੀ ਵਲੋਂ ਦੁਸ਼ਾਲੇ ਤੇ ਘੋੜੇ ਵਾਪਸ ਲਿਆਉਣ ਵਾਲੇ ਪ੍ਰਸੰਗ ਵੀ ਵਿਖਾਏ ਗਏ ਹਨ।

ਗੁਰੂ ਬਿੰਬ ਦੀ ਫਿਲਮੀ ਪੇਸ਼ਕਾਰੀ ਹੀ ਸਿੱਖੀ ਸਿਧਾਂਤਾਂ ਦੀ ਉਲੰਘਣਾ ਹੈ, ਦਾ ਨੁਕਤਾ ਚੁੱਕੇ ਜਾਣ 'ਤੇ ਉਨ੍ਹਾਂ ਕਿਹਾ ਕਿ ਪਹਿਲਾਂ ਵੀ ਚਾਰ ਸਾਹਿਬਜ਼ਾਦੇ ਫਿਲਮ ਬਣ ਚੁੱਕੀ ਹੈ ਜਿਸ ਨਾਲ ਸਿੱਖੀ ਦਾ ਬਹੁਤ ਪ੍ਰਚਾਰ ਹੋਇਆ ਹੈ ਤੇ ਹੈਰੀ ਬਵੇਜਾ ਨੂੰ ਦੇਸ਼-ਵਿਦੇਸ਼ ਵਿਚ ਸਨਮਾਨਤ ਕੀਤਾ ਗਿਆ ਹੈ। ਦੂਜਾ ਕਿ ਗੁਰੂ ਸਾਹਿਬ ਦੀਆਂ ਤਸਵੀਰਾਂ ਪਹਿਲਾਂ ਹੀ ਮਿਲਦੀਆਂ ਹਨ ਤੇ ਦਰਬਾਰ ਸਾਹਿਬ ਦੇ ਅਜਾਇਬ ਘਰ ਵਿਚ ਵੀ ਤਸਵੀਰਾਂ ਲੱਗੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਉਹ ਫਿਲਮ ਰਾਹੀਂ ਸਿੱਖ ਬੱਚਿਆਂ ਨੂੰ ਇਤਿਹਾਸ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਕਿ ਪਰਚਾਰ ਹੋ ਸਕੇ।

ਗੁਰਜੋਤ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ ਉਨ੍ਹਾਂ "ਗੁਰੂ ਮਾਨਿਓ ਗ੍ਰੰਥ" ਅਤੇ "ਸਿੰਘ ਸੂਰਮੇ" ਫਿਲਮ ਬਣਾਈ ਸੀ ਜੋ ਕਿ ਉਨ੍ਹਾਂ ਆਪ ਵੱਖ-ਵੱਖ ਥਾਈਂ ਜਾ ਕੇ ਵਿਖਾਈ ਸੀ ਪਰ ਉਸ ਉਤੇ ਲੱਗੀ ਲਾਗਤ ਵੀ ਪੂਰੀ ਨਹੀਂ ਸੀ ਹੋ ਸਕੀ, ਇਸ ਲਈ ਹੀ ਇਸ ਫਿਲਮ ਨੂੰ ਵੱਡੇ ਪੱਧਰ 'ਤੇ ਜਾਰੀ ਕੀਤਾ ਜਾ ਰਿਹਾ ਹੈ, ਤਾਂ ਕਿ ਉਹ ਅੱਗੇ ਵਾਸਤੇ ਵੀ ਅਜਿਹੀਆਂ ਫਿਲਮਾਂ ਬਣਾ ਸਕਣ।

ਫਿਲਮ ਦੇ ਹੋ ਰਹੇ ਵਿਰੋਧ ਬਾਰੇ ਪੁੱਛੇ ਜਾਣ 'ਤੇ ਗੁਰਜੋਤ ਸਿੰਘ ਨੇ ਡਾ. ਇੰਦਰਜੀਤ ਸਿੰਘ ਗੋਗੋਆਣੀ ਦੇ ਹਵਾਲੇ ਨਾਲ ਕਿਹਾ ਕਿ ਕੁਝ ਸਿੱਖ ਹਰ ਨਵੀਂ ਗੱਲ ਦਾ ਵਿਰੋਧ ਕਰਦੇ ਹਨ ਅਤੇ ਸਿੱਖ ਤਾਂ ਵੀਹ ਸਾਲ ਤਕ ਦਰਬਾਰ ਸਾਹਿਬ ਵਿਖੇ ਬਿਜਲੀ ਲਿਆਉਣ ਤੋਂ ਵੀ ਰੁਕੇ ਰਹੇ ਸਨ।

### ਅਕਾਲ ਤਖ਼ਤ ਸਾਹਿਬ ਵੱਲੋਂ ਫਿਲਮ ਨੂੰ ਪ੍ਰਵਾਨਗੀ ਨਹੀਂ

ਕਮੇਟੀ ਦੇ ਮੁੱਖ ਦਫਤਰ ਵਿਖੇ ਸਬ ਕਮੇਟੀ ਦੀ ਇਕੱਤਰਤਾ ਕੀਤੀ ਗਈ ਹੈ। ਇਸ ਇਕੱਤਰਤਾ ਵਿਚ ਸਬ ਕਮੇਟੀ ਦੁਆਰਾ ਫਿਲਮ ਦੀ ਮੁਕੰਮਲ ਘੋਖ ਪੜਤਾਲ ਕਰਕੇ ਇਸ ਦੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜਣ ਦਾ ਫੈਸਲਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਉਹਨਾਂ ਫਿਲਮ "ਦਾਸਤਾਨ-ਏ-ਮੀਰੀ ਪੀਰੀ" ਦੇ ਨਿਰਮਾਤਾਵਾਂ ਨੂੰ ਫਿਲਮ ਜਾਰੀ ਕਰਨ ਤੋਂ ਪਹਿਲਾਂ ਪ੍ਰਵਾਨਗੀ ਲੈਣ ਲਈ ਕਿਹਾ ਸੀ।

ਇਸ ਤੋਂ ਇਲਾਵਾ ਅਕਾਲ ਤਖ਼ਤ ਸਾਹਿਬ ਦੇ ਲੈਟਰ ਹੈੱਡ 'ਤੇ ਲਿਖਿਆ 7 ਮਈ, 2019 ਦਾ ਇੱਕ ਸੁਨੇਹਾ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ ਜਿਸ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਨਿੱਜੀ ਸਹਾਇਕ ਰਣਜੀਤ ਸਿੰਘ ਨੇ ਫਿਲਮ ਨਿਰਮਾਤਾਵਾਂ ਨੂੰ ਕਿਹਾ ਹੈ ਕਿ ਫਿਲਮ ਦੇ ਟ੍ਰੇਲਰ ਵਿਚ ਗੁਰੂ ਹਰਗੋਬਿੰਦ ਜੀ ਨੂੰ ਕਾਰਟੂਨ ਵਜੋਂ ਦਿਖਾਇਆ ਜਾ ਰਿਹਾ ਹੈ, ਜੋ ਕਿ ਵਾਜਿਬ ਨਹੀਂ ਹੈ।

ਇਸ ਚਿੱਠੀ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹਨਾਂ ਵੱਲੋਂ ਪੂਰੀ ਫਿਲਮ ਨਾ ਭੇਜਣ ਕਾਰਨ ਉਹਨਾਂ ਦਾ ਮਾਮਲਾ ਰਿਵਿਊ ਪੈਨਲ ਕੋਲ ਨਹੀਂ ਭੇਜਿਆ ਜਾ ਰਿਹਾ ਤੇ ਬਿਨਾ ਪੂਰੀ ਫਿਲਮ ਦੇਖਿਆਂ ਫਿਲਮ ਚਲਾਉਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ। ਗਿਆਨੀ ਹਰਪ੍ਰੀਤ ਸਿੰਘ ਦੇ ਨਿਜੀ ਸਹਾਇਕ ਰਣਜੀਤ ਸਿੰਘ ਨੇ ਇਸ ਚਿੱਠੀ ਦੇ ਸਹੀ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ। ਰਣਜੀਤ ਸਿੰਘ ਨੇ ਕਿਹਾ ਕਿ ਫਿਲਮ ਨਿਰਮਾਤਾਵਾਂ ਨੇ ਬਿਨਾ ਅਕਾਲ ਤਖ਼ਤ ਸਾਹਿਬ ਦੀ ਪ੍ਰਵਾਨਗੀ ਤੋਂ ਅਤੇ ਇਤਰਾਜ਼ ਹੋਣ ਦੇ ਬਾਵਜੂਦ ਇਸ ਫਿਲਮ ਦਾ ਪਰੋਮੋ ਜਾਰੀ ਕੀਤਾ ਹੈ।

### ਗੁਰੂ ਬਿੰਬ ਦੀ ਨਾਟਕੀ ਪੇਸ਼ਕਾਰੀ ਬਰਦਾਸ਼ਤ ਨਹੀਂ

ਅਣਜਾਣ ਲੋਕਾਂ ਨੂੰ ਨਵੇਂ ਬੁੱਤਾਂ ਰਾਹੀਂ ਸਿੱਖੀ ਬਾਰੇ ਦਿੱਤੀ ਗਈ ਜਾਣਕਾਰੀ ਉਹਨਾਂ ਨੂੰ ਕਦੇ ਵੀ ਇਸ ਨੁਕਤੇ ਤੇ ਪਹੁੰਚਣ ਨਹੀਂ ਦੇਵੇਗੀ ਕਿ ਗੁਰੂ ਸਾਹਿਬ ਬੁਨਿਆਦੀ ਰੂਪ ਵਿਚ ਬੁੱਤ-ਬੰਦੇ ਦੀ ਪੂਜਾ ਦੇ ਵਿਰੁੱਧ ਸਨ। ਉਦਾਹਰਣ ਵਜੋਂ ਮਹਾਤਮਾ ਬੁੱਧ ਇਸ ਖਿੱਤੇ ਵਿਚ ਮੂਰਤੀ ਪੂਜਾ ਦੇ ਪਹਿਲੇ ਵਿਰੋਧੀ ਸਨ ਪਰ ਅੱਜ ਸਭ ਤੋਂ ਵੱਧ ਬੁੱਤ ਉਹਨਾਂ ਦੇ ਹੀ ਹਨ। ਇਹ ਰੁਝਾਨ ਇਕ ਪਾਸੇ ਬਿਪਰ ਮਾਨਤਾਵਾਂ ਦੇ ਅਸਰ ਹੇਠ ਹੈ ਅਤੇ ਦੂਜੇ ਪਾਸੇ ਪਰਚਾਰ ਦੇ ਪੱਛਮੀ ਤਰੀਕੇ ਤੋਂ ਪ੍ਰਭਾਵਿਤ ਹੈ।

ਫਿਲਮ ਨਿਰਮਾਤਾ ਆਪਣੇ ਨਿੱਜੀ ਆਰਥਿਕ ਲਾਭ ਲਈ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਚਾਹੁੰਦੇ ਹਨ, ਜਿਸ ਨੂੰ ਸਿੱਖ ਜਗਤ ਵਲੋਂ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਕਰ ਕੇ ਕਾਰਟੂਨ ਫਿਲਮ "ਦਾਸਤਾਨ-ਏ-ਮੀਰੀ ਪੀਰੀ" 'ਤੇ ਪੂਰਨ ਪਾਬੰਦੀ ਲਾਈ ਜਾਵੇ, ਤਾਂ ਜੋ ਪੰਜਾਬ ਵਿਚ ਸ਼ਾਂਤੀ ਬਣੀ ਰਹਿ ਸਕੇ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਉਹ ਵੀ ਆਪਣਾ ਫਰਜ ਪਛਾਣਦੇ ਹੋਏ ਭਵਿੱਖ ਵਿਚ ਵੀ ਅਜਿਹੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਸਬੰਧੀ ਕਾਰਵਾਈ ਕਰਨ।

*ਮਿੰਨੀ ਕਹਾਣੀ*

## ਲੋਕਤੰਤਰ ਦਾ ਤਿਉਹਾਰ

**ਕੇਵਲ ਸਿੰਘ ਧਰਮਪੁਰਾ**
98788 01561

ਕੱਲ੍ਹ ਸਵੇਰ ਤੋਂ ਹੀ ਘਰੋਂ ਵੋਟਾਂ ਪਵਾਉਣ ਗਏ ਸਰਕਾਰੀ ਸਕੂਲ ਦੇ ਅਧਿਆਪਕ ਸੰਘੋਲ ਸਿੰਘ ਨੂੰ ਸਟਰਾਂਗ ਰੂਮ 'ਤੇ ਅੱਜ ਰਾਤ ਦੇ ਗਿਆਰਾਂ ਵੱਜ ਚੁੱਕੇ ਸਨ। ਹਲੇ ਵੀ ਸਮਾਨ ਜਮਾਂ ਨਹੀਂ ਹੋਇਆ ਸੀ। ਉਸ ਨੂੰ ਪਿਆਸ ਅਤੇ ਭੁੱਖ ਨੇ ਵਿਆਕੁਲ ਕਰ ਦਿੱਤਾ ਸੀ। ਉਹ ਸਮਾਨ ਛੱਡ ਕੇ ਕਿਸੇ ਪਾਸੇ ਜਾ ਵੀ ਨਹੀਂ ਸਕਦਾ ਸੀ ਕਿਉਂਕਿ ਚਾਰ ਮਸ਼ੀਨਾਂ, ਇੱਕ ਵੱਡਾ ਬੈਗ , ਇੱਕ ਸਕਰੀਨ (ਪਰਦਾ) ਇਹ ਸਭ ਦੀ ਰਖਵਾਲੀ ਵੀ ਉਹ ਇਕੱਲਾ ਹੀ ਕਰ ਰਿਹਾ ਸੀ ਕਿਉਂਕਿ ਪੂਰੀ ਇਲੈਕਸ਼ਨ ਟੀਮ ਵਿਚੋਂ ਉਹ ਹੀ ਇਕੋ ਮਰਦ



ਮੈਂਬਰ ਸੀ। ਉਹ ਪ੍ਰੋਜੈਡਿੰਗ ਅਫਸਰ ਵੀ ਸੀ, ਬਾਕੀ ਤਿੰਨ ਔਰਤਾਂ ਤਾਂ ਕਦੋਂ ਦੀਆਂ ਘਰ ਜਾ ਚੁੱਕੀਆਂ ਸਨ। ਉਹ ਇੱਕਲਾ ਹੀ ਬੈਠਾ ਆਪਣੀ ਕਿਸਮਤ ਤੇ ਸਿਸਟਮ ਨੂੰ ਕੋਸ ਰਿਹਾ ਸੀ ਕਿ ਜੇ ਮੇਰੇ ਨਾਲ ਇਕ ਬੰਦਾ ਹੋਰ ਲਗਾ ਦਿੰਦੇ। ਕਰਦੇ ਕਰਾਉਂਦਿਆਂ ਸਮਾਨ ਵੀ ਜਮ੍ਹਾਂ ਹੋ ਗਿਆ। ਘੜੀ ਦੀ ਸੂਈ ਬਾਰ੍ਹਾਂ ਵਜਾ ਰਹੀ ਸੀ। ਭੁੱਖ ਐਂਤਾਂ ਦੀ ਲੱਗੀ ਸੀ ਕਿਉਂਕਿ ਭੁੱਖ ਨੂੰ ਕੀ ਪਤਾ ਸੀ ਵੀ ਜਿੰਮੇਵਾਰੀ ਤੇ ਧੱਕਾ ਕੀ ਹੁੰਦਾ ਹੈ। ਚਲੋ ਖੈਰ, ਦੋ ਦਿਨਾਂ ਦੀ ਗਧੇ ਵਾਲੀ ਜੂਨ ਖ਼ਤਮ ਹੋ ਚੁੱਕੀ ਸੀ। ਚਲ ਮਨਾਂ ਹੁਣ ਖਾਣਾ ਖਾਈਏ ਸੰਘੋਲ ਸਿੰਘ ਨੇ ਆਪਣੇ ਆਪ ਨੂੰ ਕਿਹਾ। ਉਸ ਨੇ ਪਲੇਟ ਲਈ ਤੇ ਸਬਜੀ ਪਾ ਕੇ ਦੋ ਰੋਟੀਆਂ ਪਲੇਟ ਵਿਚ ਰੱਖ ਲਈਆਂ। ਜਦੋਂ ਗਰਾਹੀ ਸਬਜੀ ਦੀ ਭਰ ਕੇ ਮੂੰਹ 'ਚ ਪਾਈ ਤਾਂ ਉਸ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ, ਸਬਜੀ ਸੜੀ ਪਈ ਸੀ ਗਰਮੀ ਕਰਕੇ ਉੱਫਣੀ ਪਈ ਸੀ। ਨਾ ਉਹ ਬੁਰਕੀ ਬਾਹਰ ਕੱਢ ਸਕਿਆ ਤੇ ਨਾ ਹੀ ਅੰਦਰ ਕਰ ਸਕਿਆ। ਉਸ ਨੂੰ ਆਪਣੇ ਆਪ ਤੇ ਮੁਲਾਜਮ ਹੋਣ 'ਤੇ ਘਿਣ ਆਈ । ਉਸ ਦੀ ਨਿਗ੍ਹਾ ਸਾਹਮਣੇ ਵੱਡੇ ਅਫਸਰ ਸਾਹਿਬਾਨਾਂ ਦੇ ਦਫਤਰ ਤੇ ਚਿਪਕੇ ਪੋਸਟਰ 'ਤੇ ਪਈ ਜਿਸ 'ਤੇ ਲਿਖਿਆ ਸੀ 'ਲੋਕਤੰਤਰ ਦਾ ਤਿਉਹਾਰ'। ਓਸੇ ਦਫਤਰ 'ਚੋਂ ਠਹਾਕਿਆਂ ਸਹਿਤ ਆਵਾਜ਼ ਆਈ , "ਓਏ ਖੱਟੀ ਹੋਈ ਸਾਰੀ ਸਬਜੀ ਖਾ ਗਏ ਮਾਸਟਰ , ਕਦੋਂ ਦੇ ਕੁੱਤਿਆਂ ਵਾਂਗੂੰ ਫਿਰਦੇ ਸੀ ਭਟਕਦੇ.......।"

### ਦਲ ਖਾਲਸਾ ਵੱਲੋਂ 5 ਜੂਨ ਨੂੰ ਅੰਮ੍ਰਿਤਸਰ ਵਿਖੇ ਘੱਲੂਘਾਰਾ ਯਾਦਗਾਰੀ ਮਾਰਚ

ਮੁਆਫ ਕੀਤਾ ਹੈ। ਉਹਨਾਂ ਸਖਤ ਟਿੱਪਣੀ ਕਰਦਿਆਂ ਕਿਹਾ ਕਿ 6 ਜੂਨ 1984 ਤੋਂ ਸਿੱਖ ਕੌਮ ਦੇ ਭਾਰਤ ਨਾਲ ਰਿਸ਼ਤਿਆਂ ਦਰਮਿਆਨ ਨਾ-ਮਿਟਣ ਵਾਲੀ ਦਰਾਰ ਪੈ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਦਰਬਾਰ ਦਾ ਚਿਹਰਾ ਕੋਈ ਬਣੇ, ਸਿੱਖ ਆਪਣੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣਗੇ। ਉਹਨਾਂ ਕਿਹਾ ਕਿ ਸਿੱਖ ਸੰਘਰਸ਼ ਉਦੋਂ ਤਕ ਜਾਰੀ ਰਹੇਗਾ ਜਦ ਤਕ ਪੰਜਾਬ ਦੇ ਲੋਕਾਂ ਨੂੰ ਸਵੈ-ਨਿਰਣੇ ਦੇ ਹੱਕ ਰਾਹੀਂ ਆਪਣਾ ਭਵਿੱਖ ਤੈਅ ਕਰਨ ਦਾ ਮੌਕਾ ਅਤੇ ਹੱਕ ਨਹੀਂ ਦਿੱਤਾ ਜਾਂਦਾ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਚਰਨਜੀਤ ਸਿੰਘ ਧਾਮੀ, ਪਰਮਜੀਤ ਸਿੰਘ ਟਾਂਡਾ, ਕੰਵਰਪਾਲ ਸਿੰਘ, ਜਸਵੀਰ ਸਿੰਘ ਖੰਡੂਰ, ਕੁਲਦੀਪ ਸਿੰਘ ਰਜਧਾਨ, ਅਮਰੀਕ ਸਿੰਘ ਈਸੜੂ, ਗੁਰਪ੍ਰੀਤ ਸਿੰਘ, ਰਣਬੀਰ ਸਿੰਘ ਅਤੇ ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਹਾਜ਼ਰ ਸਨ।




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ, 3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**









**Asking price $2,150,000**

**Address 2101 E Charter way Stockton available.**

**Please Contact Ranjit Singh at 408-355-5700**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER ROTI
SOFT
SO SOFT
SHER
DURUM ATTA
DESI STYLE
SHER ATTA GHAR LAAO
WWW.SHERBRARMILLS.COM